**ਬੀ. ਏ. ਭਾਗ ਦੂਜਾ** **ਇਤਿਹਾਸ : ਪਰਚਾ ਏ**

**(ਸਮੈਸਟਰ ਤੀਜਾ)** **ਭਾਰਤ ਦਾ ਇਤਿਹਾਸ 1707-1950 ਈ.**

**ਯੂਨਿਟ ਨੰ. 2**

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

**ਪਾਠ ਨੰ :**

**2.1 : ਲਗਾਨ ਸੰਬੰਧੀ ਪ੍ਰਣਾਲੀਆਂ, ਵਿਉਪਾਰ ਅਤੇ ਉਦਯੋਗ**

**2.2 : ਭਾਰਤੀ ਰਾਸ਼ਟਰੀ ਜਾਗ੍ਰਤੀ ਦੇ ਕਾਰਣ, ਭਾਰਤੀ ਰਾਸ਼ਟਰੀ ਕਾਂਗਰਸ ਦੀ ਸਥਾਪਨਾ**

**2.3 : ਉਗਰਵਾਦ ਦੇ ਆਰੰਭ ਦੇ ਕਾਰਣ ; ਆਤੰਕਵਾਦੀ ਅੰਦੋਲਨ**

**2.4 : ਗਦਰ ਲਹਿਰ**

**2.5 : ਜਲ੍ਹਿਆਂ ਵਾਲੇ ਬਾਗ ਦੀ ਘਟਨਾ ਤੇ ਪ੍ਰਭਾਵ**

**2.6 : ਅਸਹਿਯੋਗ ਅੰਦੋਲਨ**

**2.7 : ਸ਼ਹਿਰੀ ਹੁਕਮ ਅਦੂਲੀ ਅੰਦੋਲਨ ਅਤੇ ਭਾਰਤ ਛੱਡੋ ਅੰਦੋਲਨ**

**2.8 : ਭਾਰਤੀ ਸੁਤੰਤਰਤਾ ਐਕਟ 1947 ਅਤੇ ਭਾਰਤੀ ਸੰਵਿਧਾਨ-ਇਸ ਦੀਆਂ ਮੁੱਖ ਵਿਸ਼ੇਸ਼ਤਾਈਆਂ**

**ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈਬਸਾਈਟ www.pbidde.org ਤੋਂ ਡਾਊਨਲੋਡ ਕਰਨ।**

**ਪਾਠ ਨੰ. : 2.1**

# ਆਰਥਿਕ ਪਰਿਵਰਤਨ : ਭੂਮੀ ਕਰ ਜਾਂ ਲਗਾਨ ਸੰਬੰਧੀ ਪ੍ਰਣਾਲੀਆਂ, ਵਿਉਪਾਰ ਅਤੇ ਉਦਯੋਗਾਂ ਦਾ ਵਿਸਥਾਰ

**ਪਾਠ ਦੀ ਬਣਤਰ –**

**1. ਭੂਮੀ ਕਰ ਜਾਂ ਲਗਾਨ ਸੰਬੰਧੀ ਪ੍ਰਣਾਲੀਆਂ**
- **1.1 ਸਥਾਈ ਬੰਦੋਬਸਤ : ਜ਼ਰੂਰਤ**
- **1.2 ਸਥਾਈ ਬੰਦੋਬਸਤ ਦਾ ਲਾਗੂ ਹੋਣਾ**
- **1.3 ਆਲੋਚਨਾ**

**2. ਰੱਯਤਵਾੜੀ ਪ੍ਰਣਾਲੀ**

**3. ਮਾਹਲਵਾੜੀ ਪ੍ਰਣਾਲੀ**

**4. ਵਪਾਰ–ਵਿਸਥਾਰ**

**5. ਭਾਰਤ ਤੇ ਅਸਰ**

**6. ਉਦਯੋਗਿਕ ਵਿਸਥਾਰ**

**ਉਦੇਸ਼ –**

1) ਬ੍ਰਿਟਿਸ਼ ਰਾਜ ਅਧੀਨ ਆਰਥਿਕ ਦਸ਼ਾ ਵਿਚ ਆਏ ਪਰਿਵਰਤਨਾਂ ਦਾ ਅਧਿਐਨ ਕਰਨਾ।
2) ਭੂਮੀ ਸੰਬੰਧੀ ਵੱਖ-ਵੱਖ ਪ੍ਰਣਾਲੀਆਂ ਸਥਾਈ, ਰੱਯਤਵਾੜੀ ਅਤੇ ਮਾਹਲਵਾੜੀ ਬੰਦੋਬਸਤਾਂ ਦਾ ਅਧਿਐਨ ਤੇ ਪ੍ਰਭਾਵ।
3) ਵਪਾਰ ਦਾ ਵਿਸਥਾਰ ਅਤੇ ਪੇਂਡੂ ਹੱਥ ਦਸਤੀ ਉਤੇ ਉਸਦਾ ਅਸਰ।
4) ਉਦਯੋਗਿਕ ਕ੍ਰਾਂਤੀ ਨਾਲ ਦੇਸ਼ ਦੀ ਅਰਥ ਵਿਵਸਥਾ ਵਿੱਚ ਪਰਿਵਰਤਨ।

ਈਸਟ ਇੰਡੀਆ ਕੰਪਨੀ ਦੇ ਵਿਉਪਾਰ ਅਤੇ ਮੁਨਾਫੇ ਲਈ ਪੈਸਾ, ਰਾਜ ਪ੍ਰਬੰਧ ਉਪਰ ਖਰਚ ਆਉਣ ਵਾਲਾ ਧੰਨ ਅਤੇ ਉਨ੍ਹਾਂ ਅਨੇਕਾਂ ਯੁੱਧਾਂ ਲਈ ਜੋ ਭਾਰਤ ਵਿੱਚ ਬਰਤਾਨਵੀ ਸਾਮਰਾਜ ਦੇ ਫੈਲਾਅ ਵਾਸਤੇ ਲੜੇ ਗਏ ਸਰਮਾਇਆ ਆਦਿ ਸਾਰੇ ਖਰਚੇ ਦਾ ਬੋਝ ਭਾਰਤੀ ਕਿਸਾਨਾਂ ਨੂੰ ਹੀ ਸਹਿਣਾ ਪੈਂਦਾ ਸੀ। ਦਰਅਸਲ ਬਰਤਾਨਵੀ ਸਾਮਰਾਜੀਆਂ ਨੇ ਭਾਰਤ ਨੂੰ ਜਿੱਤਿਆ ਹੀ ਇਸ ਕਰਕੇ ਸੀ ਕਿ ਇਸ ਦੇ ਕਿਸਾਨਾਂ ਦੇ ਭਾਰੀ ਟੈਕਸਾਂ ਰਾਹੀਂ ਧੰਨ ਪ੍ਰਾਪਤ ਕੀਤਾ ਜਾ ਸਕੇ।

## 1. ਭੂਮੀ ਕਰ ਜਾਂ ਲਗਾਨ ਸੰਬੰਧੀ ਪ੍ਰਣਾਲੀਆਂ

ਸਦੀਆਂ ਤੋਂ ਹੀ ਭਾਰਤ ਵਿੱਚ ਰਾਜੇ ਕਿਸਾਨ ਦੀ ਫ਼ਸਲ ਦਾ ਇੱਕ ਨਿਸ਼ਚਿਤ ਹਿੱਸਾ ਲਗਾਨ ਵਜੋਂ ਲੈਂਦੇ ਆਏ ਹਨ। ਇਸ ਲਗਾਨ ਨੂੰ ਇਕੱਠਾ ਜਾਂ ਸਿੱਧੇ ਰੂਪ ਵਿੱਚ ਸਰਕਾਰ ਆਪਣੇ ਅਫ਼ਸਰਾਂ ਰਾਹੀਂ ਕਰਦੀ ਆਈ ਹੈ ਜਾਂ ਫਿਰ ਇਕ ਕਿਸਮ ਦੇ ਵਿਚੋਲੇ ਇਸ ਕੰਮ ਨੂੰ ਕਰਦੇ ਰਹੇ। ਇਨ੍ਹਾਂ ਵਿਚੋਲਿਆਂ ਨੂੰ ਜ਼ਿਮੀਦਾਰ ਅਤੇ ਕਈ ਵਾਰ ਲਗਾਨ-ਕਿਸਾਨ ਜਾਂ ਰੈਵਿਨਿਊ-ਫਾਰਮਰ ਕਿਹਾ ਜਾਂਦਾ ਹੈ। ਇਹ ਵਿਚੋਲੇ ਮੁੱਖ ਰੂਪ ਵਿੱਚ ਲਗਾਨ ਇਕੱਠਾ ਕਰਨ ਵਾਲੇ ਹੁੰਦੇ ਸਨ ਪਰ ਕਈ ਵਾਰ ਇਸ ਕੰਮ ਤੋਂ ਇਲਾਵਾ ਉਹ ਇਸ ਇਲਾਕੇ ਦੀਆਂ ਜ਼ਮੀਨਾਂ ਦੇ ਮਾਲਕ ਵੀ ਹੁੰਦੇ ਸਨ, ਜਿਸ ਵਿੱਚ ਉਨ੍ਹਾਂ ਨੂੰ ਭੂ-ਲਗਾਨ ਇਕੱਠਾ ਕਰਨ ਵਾਸਤੇ ਨਿਯੁਕਤ ਕੀਤਾ ਗਿਆ ਹੁੰਦਾ ਸੀ।

ਈਸਟ ਇੰਡੀਆ ਕੰਪਨੀ ਨੇ 1765 ਵਿੱਚ ਬੰਗਾਲ, ਬਿਹਾਰ, ਉੜੀਸਾ ਦੀ ਦੀਵਾਨੀ ਸੰਭਾਲੀ ਅਤੇ ਇਨ੍ਹਾਂ ਤਿੰਨਾਂ ਇਲਾਕਿਆਂ ਵਿੱਚ ਇਸ ਨੂੰ ਜ਼ਮੀਨਦਾਰੀ ਹੱਕ ਮਿਲ ਗਏ। ਜ਼ਮੀਨਦਾਰੀ ਹੱਕਾਂ ਦਾ ਅਰਥ ਇਹ ਸੀ ਕਿ ਕੰਪਨੀ-ਭੂ-ਲਗਾਨ ਇਕੱਠਾ ਕਰੇਗੀ। ਇਸ ਤਰ੍ਹਾਂ ਕੰਪਨੀ ਦੀ ਭੂਮੀ ਲਗਾਨ ਦੀ ਨੀਤੀ ਸ਼ੁਰੂ ਹੋਈ। ਇਸ ਨੀਤੀ ਦੇ ਤਿੰਨੇ ਵੱਖਰੇ-ਵੱਖਰੇ ਰੂਪ ਸਨ। ਇਸ ਦਾ ਪਹਿਲਾ ਰੂਪ ਬੰਗਾਲ ਦਾ ਸਥਾਈ ਬੰਦੋਬਸਤ ਸੀ, ਦੂਸਰਾ ਰੂਪ ਮਦਰਾਸ ਪ੍ਰੈਜੀਡੈਂਸੀ ਵਿੱਚ ਅਪਣਾਈ ਵਿਧੀ ਰਈਤਵਾੜੀ ਪ੍ਰਣਾਲੀ ਸੀ। ਇਸ ਦਾ ਤੀਸਰਾ ਰੂਪ ਉੱਤਰੀ ਤੇ ਕੇਂਦਰੀ ਭਾਰਤ ਵਿੱਚ ਅਪਣਾਈ ਵਿਧੀ ਮਾਹਲਵਾੜੀ ਪ੍ਰਣਾਲਿ ਸੀ।

### 1.1 ਸਥਾਈ ਬੰਦੋਬਸਤ : ਜ਼ਰੂਰਤ

1. ਪਲਾਸੀ ਅਤੇ ਬਕਸਰ ਦੀਆਂ ਲੜਾਈਆਂ ਤੋਂ ਬਾਅਦ ਭਾਰਤ ਦੇ ਪੂਰਬੀ ਹਿੱਸੇ ਵਿੱਚ ਬੰਗਾਲ, ਬਿਹਾਰ ਅਤੇ ਉੜੀਸਾ ਦੇ ਪ੍ਰਦੇਸ਼ ਸ਼ਾਮਲ ਸਨ। ਕੰਪਨੀ ਦੀ ਪ੍ਰਭੂਸੱਤਾ ਤਕਰੀਬਨ-ਤਕਰੀਬਨ ਸਥਾਪਤ ਹੋ ਗਈ ਸੀ। ਸ਼ੁਰੂ ਵਿਚ ਕੰਪਨੀ ਦੀ ਭੂ-ਲਗਾਨ ਨੀਤੀ ਪੁਰਾਣੀ ਭਾਵ ਮੁਗਲਾਂ ਵਾਲੀ ਹੀ ਰਹੀ। ਮਾਲੀਆ ਜ਼ਿਮੀਦਾਰਾਂ ਦੁਆਰਾ ਇਕੱਠਾ ਕੀਤਾ ਜਾਂਦਾ ਸੀ। ਕੰਪਨੀ ਨੇ ਇਸ ਕੰਮ ਵਿੱਚ ਕਾਫ਼ੀ ਕੁਸ਼ਲਤਾ ਲਿਆਂਦੀ। ਜਿਥੇ 1722 ਵਿੱਚ ਇਨ੍ਹਾਂ ਇਲਾਕਿਆਂ ਦਾ ਮਾਲੀਆ 14,290.00 ਰੁਪਏ ਸੀ, 1764 ਵਿਚ ਇਹ ਘੱਟ ਦੇ 8,180,000 ਰਹਿ ਗਿਆ। ਪਰ ਕੰਪਨੀ ਨੇ ਇਸ ਨੂੰ 1771 ਵਿੱਚ 23,4000,000 ਰੁਪਏ ਤੱਕ ਪਹੁੰਚਾ ਦਿੱਤਾ। ਇਸ ਵੱਧ ਰਹੇ ਮੁਨਾਫੇ ਨੂੰ ਵੇਖਦਿਆਂ ਹੋਇਆ ਵਾਰਨ ਹੇਸਟਿੰਗ ਨੇ 1773 ਵਿੱਚ ਮਾਲੀਆ ਇਕੱਠਾ ਕਰਨ ਦਾ ਕੰਮ ਆਪਣੇ ਹੱਥ ਵਿੱਚ ਲੈ ਲਿਆ। ਪਰੰਤੂ ਇਸ ਕੰਮ ਵਿੱਚ ਉਸਨੂੰ ਬਹੁਤ ਜ਼ਿਆਦਾ ਸਫ਼ਲਤਾ ਨਹੀਂ ਮਿਲੀ। ਬੇਸ਼ਕ ਮਾਲੀਏ ਵਿੱਚ ਤਾਂ ਕਮੀ ਨਹੀਂ ਆਈ ਪਰ ਜ਼ਿਮੀਦਾਰ ਆਪ ਹੁਦਰੇ ਹੋ ਗਏ ਉਹਨਾਂ ਨੇ ਆਪਣੀ ਮਰਜ਼ੀ ਅਨੁਸਾਰ ਕਿਸਾਨਾਂ ਤੋਂ ਲਗਾਨ ਲੈਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਸਰਕਾਰੀ ਆਮਦਨ ਵਿੱਚ ਤਾਂ ਬਹੁਤ ਥੋੜਾ ਵਾਧਾ ਹੋਇਆ ਪਰ ਕਿਸਾਨਾਂ ਦੀ ਲੁਟ ਜ਼ਿਮੀਦਾਰਾਂ ਦੇ ਹੱਥੋਂ ਬਹੁਤ ਹੋ ਗਈ।
2. ਦੂਸਰੀ ਸਰਕਾਰੀ ਆਮਦਨੀ ਹਰ ਸਾਲ ਵੱਧ ਘੱਟ ਜਾਣ ਲੱਗੀ ਕਿਉਂਕਿ ਜ਼ਿਮੀਦਾਰ ਆਪਣੀ ਮਰਜ਼ੀ ਨਾਲ ਚਲਦੇ ਸਨ ਇਸ ਤਰ੍ਹਾਂ ਅਨਿਸ਼ਚਿਤਤਾ ਦਾ ਵਾਤਾਵਰਣ ਪੈਦਾ ਹੋਇਆ।
3. ਤੀਸਰਾ, ਖੇਤੀ ਬਾੜੀ ਵਿੱਚ ਗਿਰਾਵਟ ਆਈ। ਇਸ ਦਾ ਕਾਰਣ ਇਹ ਸੀ ਕਿ ਭੂੰ ਹਰ ਸਾਲ ਨਵੇਂ ਜ਼ਿਮੀਦਾਰ ਅਤੇ ਨਵਾਂ ਕਿਸਾਨ ਨੂੰ ਦਿੱਤੀ ਜਾਂਦੀ ਸੀ ਜਿਸ ਕਰਕੇ ਜ਼ਮੀਨ ਦੇ ਸੁਧਾਰ ਵੱਲ ਨਾ ਤਾਂ ਜ਼ਿਮੀਦਾਰ ਹੀ ਤੇ ਨਾ ਹੀ ਕਿਸਾਨ ਧਿਆਨ ਦਿੰਦਾ ਸੀ।

### 1.2 ਸਥਾਈ ਬੰਦੋਬਸਤ ਦਾ ਲਾਗੂ ਹੋਣਾ

ਉੱਪਰ ਦਿੱਤੇ ਕਾਰਨਾਂ ਕਰਕੇ ਕੰਪਨੀ ਨੇ ਸੋਚਿਆ ਕਿ ਕਿਉਂ ਨਾ ਮਾਲੀਏ ਦੀ ਦਰ ਹਮੇਸ਼ਾਂ ਲਈ ਨਿਸ਼ਚਿਤ ਕਰ ਦਿੱਤੀ ਜਾਵੇ। ਲਾਰਡ ਕਾਰਨਵਾਲਿਸ ਨੇ 1793 ਈਸਵੀ ਵਿੱਚ ਬੰਗਾਲ ਵਿੱਚ ਸਥਾਈ ਬੰਦੋਬਸਤ ਲਾਗੂ ਕੀਤਾ। ਇਸ ਤੋਂ ਪਹਿਲਾਂ 10 ਜਨਵਰੀ, 1790 ਨੂੰ ਬੰਗਾਲ ਦੇ ਰਾਜਪਾਲ ਨੇ 10 ਸਾਲਾਂ ਦਾ ਬੰਦੋਬਸਤ ਕਰਨ ਦੀ ਗੱਲ ਕੀਤੀ ਸੀ। ਇਸ ਤੋਂ ਤਿੰਨ ਸਾਲ ਬਾਅਦ ਕੋਰਟ ਆਫ ਡਾਇਰੈਕਟਰਜ਼ ਨੇ ਇਸਦੀ ਆਗਿਆ ਦਿੱਤੀ ਅਤੇ 22 ਮਾਰਚ 1793 ਨੂੰ ਇਸਨੂੰ ਸਥਾਈ ਬੰਦੋਬਸਤ ਬਣਾ ਦਿੱਤਾ ਗਿਆ। ਇਹ ਰੈਗੂਲੇਸ਼ਨ-1 ਦੇ ਨਾਮ ਤੋਂ ਜਾਣਿਆ ਜਾਂਦਾ ਹੈ

ਕਿਉਂਕਿ 1 ਮਈ ਨੂੰ ਕਲਕੱਤਾ ਸੁਪਰੀਮ ਕੌਂਸਿਲ ਨੇ ਨਵੇਂ ਰੈਗੂਲੇਸ਼ਨ ਪਾਸ ਕੀਤੇ ਅਤੇ ਇਹ ਸਾਰੇ 'ਕਾਰਨਵਾਲਿਸ ਸੰਹਿਤਾ' ਦੇ ਨਾਂ ਨਾਲ ਜਾਣੇ ਜਾਂਦੇ ਹਨ। ਇਸ ਦੀਆਂ ਮੁੱਖ ਵਿਸ਼ੇਸਤਾਵਾਂ ਹੇਠ ਲਿਖੀਆਂ ਹਨ:-

1. ਪਹਿਲੀ ਜ਼ਮੀਨਦਾਰਾਂ ਦੇ ਲਗਾਨ-ਕਿਸਾਨਾਂ ਨੂੰ ਭੂ-ਸਵਾਮੀ ਭਾਵ ਲੈਂਡ ਲਾਰਡ ਬਣਾ ਦਿੱਤਾ ਗਿਆ। ਹੁਣ ਉਹ ਸਿਰਫ ਲਗਾਨ ਇਕੱਠਾ ਕਰਨ ਵਾਲੇ ਸਰਕਾਰੀ ਏਜੰਟ ਹੀ ਨਹੀਂ ਹਨ ਸਗੋਂ ਉਹ ਸਾਰੀ ਜ਼ਮੀਨ ਦੇ ਮਾਲਕ ਸਨ ਜਿਸ ਉਪਰੋਂ ਉਹ ਮਾਲੀਆ ਇਕੱਠਾ ਕਰਦੇ ਸਨ। ਮਾਲਕੀ ਹੱਕ ਜੱਦ-ਪੁਸ਼ਤੀ ਹੋ ਗਏ ਪਰ ਇਹ ਤਬਦੀਲ ਵੀ ਕੀਤੇ ਜਾ ਸਕਦੇ ਹਨ। ਨਾਲ ਹੀ ਨਾਲ ਲੋਕ ਮੁਜਾਰਿਆਂ ਵਿੱਚ ਬਦਲ ਗਏ। ਜ਼ਮੀਨ ਉਪਰ ਉਨ੍ਹਾਂ ਦੇ ਸਾਰੇ ਹੱਕ ਤੇ ਦਾਅਵੇ ਖ਼ਤਮ ਕਰ ਦਿੱਤੇ ਗਏ। ਉਨ੍ਹਾਂ ਦੇ ਚਾਰਗਾਹਾਂ ਦੇ ਹੱਕ, ਜੰਗਲ ਵਿੱਚ ਹਿੱਸੇ ਸਿੰਚਾਈ ਵਾਸਤੇ ਪ੍ਰਬੰਧ ਦੇ ਆਧਾਰ ਤੇ ਉਨ੍ਹਾਂ ਦੇ ਫ਼ਸਲ ਵਿੱਚ ਹੱਕ, ਮੱਛੀ ਫੜ੍ਹਨ ਤੇ ਪਾਲਣ ਲਈ ਹੱਕ ਤੇ ਆਪਣੇ ਰਹਿਣ ਵਾਸਤੇ ਪਲਾਟ ਤੇ ਘਰ ਬਣਾਉਣ ਦੇ ਸਭ ਹੱਕ ਉਨ੍ਹਾਂ ਤੋਂ ਖੋਹ ਲਏ ਗਏ। ਅਸਲੀਅਤ ਇਹ ਸੀ ਕਿ ਬੰਗਾਲ ਦੇ ਮੁਜਾਰੇ ਜ਼ਿਮੀਦਾਰਾਂ ਦੇ ਰਹਿਮ ਕਰਮ ਤੇ ਜਿਉਣ ਲੱਗੇ। ਉਪਰ ਕੰਪਨੀ ਨੇ ਜ਼ਿਮੀਦਾਰਾ ਪਾਸੋਂ ਏਨਾ ਮਾਲੀਆ ਲੈਣਾ ਨਿਸ਼ਚਿਤ ਕੀਤਾ ਕਿ ਜ਼ਿਮੀਦਾਰਾਂ ਨੂੰ ਮਜ਼ਬੂਰਨ ਮੁਜਾਰਿਆਂ ਨੂੰ ਤੰਗ ਕਰਨਾ ਪਿਆ।

2. ਦੂਸਰੀ ਵਿਸ਼ੇਸ਼ਤਾ ਇਹ ਸੀ ਕਿ ਜ਼ਿਮੀਦਾਰ ਕਿਸਾਨ (ਮੁਜਾਰਿਆਂ) ਤੋਂ ਇਕੱਠੀ ਕੀਤੀ ਕੁੱਲ ਫ਼ ਸਲ ਦਾ 10/11 ਹਿੱਸਾ ਸਰਕਾਰ ਨੂੰ ਲਗਾਨ ਦੇ ਰੂਪ ਵਿੱਚ ਦੇਣਗੇ ਅਤੇ ਬਾਕੀ 1/11 ਹਿੱਸਾ ਆਪਣੇ ਕੋਲ ਰੱਖਣਗੇ। ਲਗਾਨ ਦੀ ਇਹ ਦਰ ਚਿਰੰਜੀਵੀ ਸੀ। ਇਸ ਤਰ੍ਹਾਂ ਜ਼ਿਮੀਦਾਰ ਦੀ ਵੱਧ ਰਹੀ ਆਮਦਨੀ ਵਿਚ ਇਹ ਵਾਧਾ ਭਾਵੇਂ ਖੇਤੀ ਬਾੜੀ ਦੇ ਫੈਲਾਅ ਕਰਕੇ ਹੋਵੇ ਜਾਂ ਉਸ ਦੀ ਮਾਲੀਆ ਉਗਰਾਉਣ ਦੀ ਕੁਸ਼ਲਤਾ ਸਦਕੇ ਹੋਵੇ ਉਪਰ ਸਰਕਾਰ ਦਾ ਕੋਈ ਹੱਕ ਦਾਖ਼ਲ ਨਹੀਂ ਸੀ। ਇਹ ਸਾਰੀ ਵਾਧੂ ਆਮਦਨੀ ਜ਼ਿਮੀਦਾਰ ਆਪਣੇ ਪਾਸ ਰੱਖਦਾ ਸੀ ਤੇ ਜ਼ਿਮੀਦਾਰ ਨੂੰ ਉਸ ਲਈ ਤਹਿ ਕੀਤਾ ਲਗਾਨ ਸਰਕਾਰ ਨੂੰ ਮਿਥੇ ਹੋਏ ਦਿਨ ਪਹੁੰਚਾਉਣਾ ਹੀ ਪੈਂਦਾ ਸੀ, ਭਾਵੇਂ ਫ਼ਸਲ ਚੰਗੀ ਹੋਵੇ ਤੇ ਭਾਵੇਂ ਮਾੜੀ। ਲਗਾਨ ਨਾ ਪੇਸ਼ ਕਰਨ ਦੀ ਹਾਲਤ ਵਿੱਚ ਉਸ ਦੀ ਜ਼ਮੀਨ ਨਿਲਾਮ ਕਰ ਦਿੱਤੀ ਜਾਂਦੀ।

ਸ਼ੁਰੂ ਵਿਚ ਸਰਕਾਰ ਨੇ ਮਾਲੀਆ ਦੀ ਦਰ ਆਪਣੇ ਆਪ ਹੀ ਨਿਰਧਾਰਤ ਕਰ ਦਿੱਤੀ ਨਾਂ ਤਾਂ ਜ਼ਿਮੀਦਾਰਾਂ ਨੂੰ ਹੀ ਤੇ ਨਾ ਹੀ ਮੁਜਾਰਿਆਂ ਨੂੰ ਪੁੱਛਿਆ ਗਿਆ। ਸਰਕਾਰ ਦਾ ਮੰਤਵ ਵੱਧ ਤੋਂ ਵੱਧ ਮਾਲੀਆ ਇਕੱਠਾ ਕਰਨਾ ਸੀ। ਇਸ ਦਾ ਨਤੀਜਾ ਇਹ ਸੀ ਕਿ ਲਗਾਨ ਦਰ ਬਹੁਤ ਜ਼ਿਆਦਾ ਉੱਚੇ ਸਨ। ਜੋਨ ਸ਼ੋਰ ਜਿਸ ਨੇ ਸਥਾਈ ਬੰਦੋਬਸਤ ਦਾ ਵਿਚਾਰ ਦਿੱਤਾ ਸੀ ਤੇ ਜੋ ਵਾਰਨ ਹੇਸਟਿੰਗਜ਼ ਤੋਂ ਬਾਅਦ ਗਵਰਨਰ ਵੀ ਬਣਿਆ, ਦੇ ਅਨੁਸਾਰ 100 ਰੁਪਏ ਦੀ ਫ਼ਸਲ ਵਿਚੋਂ 45 ਰੁਪਏ ਸਰਕਾਰ ਤੇ 15 ਰੁਪਏ ਜ਼ਿਮੀਦਾਰਾਂ ਤੇ ਹੋਰ ਵਿਚੋਲੇ ਲੈ ਜਾਂਦੇ ਸਨ। ਭੂੰ-ਜੋਤਨ ਵਾਲੇ ਪਾਸ ਕੇਵਲ 40 ਰੁਪਏ ਦੀ ਫ਼ਸਲ ਹੀ ਰਹਿ ਜਾਂਦੀ ਸੀ।

## 1.3 ਆਲੋਚਨਾ

1. ਸਰਕਾਰੀ ਤੇ ਗ਼ੈਰ-ਸਰਕਾਰੀ ਵਿਦਵਾਨਾਂ ਅਨੁਸਾਰ 1793 ਤੋਂ ਪਹਿਲਾਂ ਬੰਗਾਲ ਤੇ ਬਿਹਾਰ ਦੇ ਜ਼ਿ ਮੀਦਾਰ ਭੂਮੀ ਦੇ ਮਾਲਕ ਨਹੀਂ ਸਨ, ਉਨ੍ਹਾਂ ਦੇ ਹੱਕ ਪ੍ਰੋਪਰਾਇਟਰੀ ਨਹੀਂ ਸਨ। ਇਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਅੰਗਰੇਜ਼ਾਂ ਨੇ ਉਨ੍ਹਾਂ ਨੂੰ ਅਜਿਹੇ ਹੱਕ ਕਿਉਂ ਦਿੱਤੇ। ਇੱਕ ਮਤ ਤਾਂ ਇਹ ਸਭ ਕੁੱਝ ਗਲਤੀ ਨਾਲ ਹੋ ਗਿਆ ਤੇ ਗਲਤੀ ਇਸ ਕਰਕੇ ਹੋਈ ਕਿ ਅੰਗਰੇਜ਼ੀ ਸੋਚ ਉਪਰ ਉਸ ਸਮੇਂ ਵਲਾਇਤ ਵਿਚਲੇ ਤਜਰਬੇ ਦੇ ਅਹਿਸਾਸ ਭਾਰੂ ਸੀ। ਕਿਉਂਕਿ ਵਲਾਇਤ ਵਿੱਚ ਲੈਂਡ ਲਾਰਡ ਹੀ ਸਮਾਜਕ ਪ੍ਰਣਾਲੀ ਦਾ ਆਧਾਰ ਸਨ। ਇਸ ਵਾਸਤੇ ਭਾਰਤ ਵਿੱਚ ਵੀ ਅਜਿਹਾ ਅਧਾਰ ਤਿਆਰ ਕਰਨ ਲਈ ਜ਼ਿਮੀਦਾਰਾਂ ਨੂੰ ਭੂਮੀ ਮਾਲਕ ਬਣਾ ਦਿੱਤਾ ਗਿਆ। ਪਰ ਧਿਆਨ ਵਿੱਚ ਰੱਖਣ ਵਾਲੀ ਗੱਲ ਇਹ ਹੈ ਕਿ ਜਿੱਥੇ ਇੰਗਲੈਂਡ ਵਿੱਚ ਲੈਂਡ ਲਾਰਡ ਭੂਮੀ ਦਾ ਮਾਲਕ ਇਸ ਕਰਕੇ ਸੀ ਕਿ ਉਸ ਦੀ ਤਾਕਤ ਮੁਜ਼ਾਰਿਆਂ ਉਪਰ ਸੀ ਨਾਲ ਹੀ ਉਸ ਦੀ ਭੂਮੀ ਉਪਰ ਸਾਰੇ ਭਾਰਤ ਰਾਜ ਦੇ ਸੰਬੰਧ ਵਿੱਚ ਵੀ ਸੀ ਪਰੰਤੂ ਤਾਕਤ ਵਿੱਚ ਭੂਮੀ ਮਾਲਕ ਸਿਰਫ ਮੁਜ਼ਾਰਿਆਂ ਲਈ ਹੀ ਮਾਲਕ ਸੀ, ਸਰਕਾਰ ਜਾਂ

ਰਾਜ ਵਾਸਤੇ ਤਾਂ ਜ਼ਿਮੀਦਾਰ ਸਰਕਾਰੀ ਮੁਜਾਰਾ ਹੀ ਸੀ। ਦੂਸਰਾ ਜਿੱਥੇ ਇੰਗਲੈਂਡ ਵਿਚ ਜ਼ਿਮੀਦਾਰ ਆਪਣੀ ਆਮਦਨੀ ਦਾ ਬਹੁਤ ਥੋੜਾ ਹਿੱਸਾ ਸਰਕਾਰ ਨੂੰ ਲਗਾਨ ਦਿੰਦਾ ਸੀ, ਉਥੇ ਭਾਰਤ ਵਿੱਚ ਕੁੱਲ ਫ਼ਸਲ ਦਾ 1/10 ਹਿੱਸਾ ਸਰਕਾਰ ਲੈ ਜਾਂਦੀ ਸੀ। ਸਭ ਤੋਂ ਮਾੜੀ ਗੱਲ ਇਹ ਸੀ ਕਿ ਭਾਰਤੀ ਜ਼ਿ ਮੀਦਾਰਾਂ ਨੂੰ ਸਰਕਾਰ ਜਦ ਚਾਹੁੰਦੀ ਹਟਾ ਸਕਦੀ ਸੀ ਹੋਰ ਤਾਂ ਹੋਰ ਉਸਦੀ ਜ਼ਮੀਨ ਵੀ ਨਿਲਾਮ ਕੀਤੀ ਜਾ ਸਕਦੀ ਸੀ।

2. ਇਤਿਹਾਸਕਾਰਾਂ ਦਾ ਦੂਸਰਾ ਮੱਤ ਇਹ ਹੈ ਕਿ ਇਹ ਫ਼ੈਸਲਾ ਗਲਤੀ ਦਾ ਨਤੀਜਾ ਨਹੀਂ ਸੀ ਸਗੋਂ ਇਸ ਖ਼ਾਸ ਰਾਜਨੀਤਿਕ ਸੋਚ ਤੇ ਪ੍ਰਬੰਧਕੀ ਤੇ ਵਿੱਤ ਜ਼ਰੂਰਤਾਂ ਦੀ ਪੂਰਤੀ ਲਈ ਚੁੱਕਿਆ ਲੋੜੀਂਦਾ ਕਦਮ ਸੀ। ਇਸ ਫ਼ੈਸਲੇ ਪਿੱਛੇ ਤਿੰਨ ਕਾਰਨ ਕੰਮ ਕਰ ਰਹੇ ਸਨ। ਪਹਿਲਾ, ਸਰਕਾਰ ਨੂੰ ਸਿਆਸੀ ਦੋਸਤਾਂ ਦੀ ਜ਼ਰੂਰਤ ਸੀ। ਅੰਗਰੇਜ਼ ਵਿਦੇਸ਼ੀ ਸਨ ਇਹ ਵਿਦੇਸ਼ੀ ਲੋਕਾਂ ਦੀ ਮਾਰ ਤੋਂ ਬਚਣ ਵਾਸਤੇ ਤੇ ਆਪਣੇ ਲੋਕਾਂ ਵਿਚਕਾਰ ਅਨੁਕੂਲਤਾ ਭਾਲਦੇ ਸਨ। ਖਾਸ ਕਰਕੇ ਉਨ੍ਹਾਂ ਉਸ ਸਮੇਂ ਜਦ ਬੰਗਾਲ ਵਿੱਚ ਕਿਸਾਨ ਵਿਦਰੋਹ ਤੇ ਸਨ। ਇਨ੍ਹਾਂ ਤੋਂ ਬਚਣ ਵਾਸਤੇ ਅੰਗਰੇਜ਼ ਪੈਦਾ ਕੀਤੇ ਤੇ ਉਨ੍ਹਾਂ ਉਸ ਸਮੇਂ ਜਦ ਪ੍ਰਬੰਧ ਵਿੱਚ ਭਾਈਵਾਲ ਬਣਾ ਲਿਆ। ਦੂਸਰਾ ਕੰਪਨੀ ਦੀ ਵਿੱਤੀ ਜ਼ਰੂਰਤ ਸੀ। ਸਥਾਈ ਬੰਦੋਬਸਤ ਇਸ ਕਰਕੇ ਕੀਤਾ ਗਿਆ ਕਿਉਂਕਿ ਇਸ ਦੁਆਰਾ ਰਾਜਾਂ ਦੀ ਆਮਦਨ ਫਿਕਸ ਹੋ ਗਈ ਇਸ ਦੀ ਅਨਿਸ਼ਚਤਤਾ ਖ਼ਤਮ ਹੋ ਗਈ। ਇਹ ਇਸ ਕਰਕੇ ਹੋਇਆ ਕਿ ਮੁਠੀ ਭਰ ਜ਼ਿਮੀਦਾਰ ਸਰਕਾਰ ਨੂੰ ਮਾਮਲਾ ਇਕੱਠਾ ਕਰਕੇ ਦੇ ਜਾਂਦੇ ਸਨ ਤੇ ਸਰਕਾਰੀ ਅਫ਼ਸਰਾਂ ਨੂੰ ਲੱਖਾਂ ਦੀ ਗਿਣਤੀ ਕਿਸਾਨਾਂ ਨਾਲ ਟੱਕਰਾਂ ਨਹੀਂ ਮਾਰਨੀਆਂ ਪੈਂਦੀਆਂ ਸਨ।

3. ਇਸ ਦਾ ਤੀਸਰਾ ਕਾਰਨ ਇਹ ਸੀ ਕਿ ਸਰਕਾਰ ਨੇ ਸੋਚਿਆ ਕਿ ਜ਼ਿਮੀਦਾਰ ਲੋਕ ਖੇਤੀ ਲੈਣਗੇ, ਉਹ ਸਿੰਚਾਈ ਦਾ ਪ੍ਰਬੰਧ ਕਰਨਗੇ ਖੇਤੀ ਦਾ ਢੰਗ ਆਧੁਨਿਕ ਕਰ ਲੈਣਗੇ ਜਿਸ ਨਾਲ ਫ਼ਸਲ ਤੇ ਖੁਸ਼ਹਾਲੀ ਵਧੇਗੀ।

ਲਗਾਨ ਦਾ ਇਹ ਸਥਾਈ ਪ੍ਰਬੰਧ ਬਾਅਦ ਵਿੱਚ ਉੜੀਸਾ, ਮਦਰਾਸ ਦੇ ਉਤਰੀ ਜ਼ਿਲ੍ਹੇ ਅਤੇ ਯੂ.ਪੀ. ਦੇ ਵਾਰਾਨਸੀ ਦੇ ਅਲਾਹਾਬਾਦ ਇਲਾਕਿਆਂ ਵਿੱਚ ਵੀ ਲਾਗੂ ਕਰ ਦਿੱਤਾ ਗਿਆ।

ਕੇਂਦਰੀ ਭਾਰਤ ਦੇ ਅਵਧ ਦੇ ਇਲਾਕੇ ਵਿੱਚ ਵੀ ਆਰਜ਼ੀ ਤੌਰ ਤੇ ਜ਼ਿਮੀਦਾਰ ਪ੍ਰਣਾਲੀ ਲਾਗੂ ਕੀਤੀ ਗਈ ਪਰ ਇਥੇ ਫ਼ਰਕ ਇਤਨਾ ਸੀ ਕਿ ਜ਼ਿਮੀਦਾਰ ਦੁਆਰਾ ਦੇਣ ਵਾਲੇ ਲਗਾਨ ਦੀ ਮਾਤਰਾ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਨਿਰਧਾਰਤ ਤੇ ਪੁਨਰ ਨਿਰਧਾਰਤ ਹੁੰਦੀ ਰਹੀ। ਅੰਗਰੇਜ਼ਾਂ ਨੇ ਇਕ ਹੋਰ ਕਿਸਮ ਦੇ ਜ਼ਿਮੀਦਾਰ ਵੀ ਪੈਦਾ ਕੀਤੇ। ਉਹ ਸਨ ਜਿਨ੍ਹਾਂ ਨੂੰ ਉਨ੍ਹਾਂ ਦੀ ਅੰਗਰੇਜ਼ਾਂ ਪ੍ਰਤੀ ਵਫਾਦਾਰੀ ਲਈ ਜ਼ਮੀਨਾਂ ਦਿੱਤੀਆਂ ਗਈਆਂ।

ਇਹ ਸਥਾਈ ਬੰਦੋਬਸਤ ਇਕ ਕਠਿਨ ਅਭਿਆਸ ਸੀ ਜਿਸਦੇ ਪਿੱਛੇ ਬਹੁਤ ਸਾਰੇ ਕਾਰਨ ਕੰਮ ਕਰ ਰਹੇ ਸਨ। ਕਾਰਨਵਾਲਿਸ ਨੇ ਨਾ ਸਿਰਫ ਇਸ ਵਿਵਸਥਾ ਨੂੰ ਵਿਧਾਨਕ ਮਾਨਤਾ ਦਿੱਤੀ ਬਲਕਿ ਰਾਜਸਵ ਦੀ ਵਸੂਲੀ ਨੂੰ ਕਠੋਰ ਅਤੇ ਕਠਿਨ ਬਣਾ ਦਿੱਤਾ। ਉਸਦੇ ਵਿਚਾਰ ਬ੍ਰਿਟੇਨ ਦੇ ਸ਼ਾਸਕ ਵਰਗ ਦੇ ਵਿਚਾਰਾਂ ਨਾਲ ਮਿਲਦੇ ਜੁਲਦੇ ਸਨ ਜੋ ਤਤਕਾਲੀ ਲਾਭ ਦੀ ਗੱਲ ਸੋਚਦੇ ਸਨ ਅਤੇ ਬੰਗਾਲ ਦੀ ਸਮਾਜਿਕ ਵਾਸਤਵਿਕਤਾ ਤੋਂ ਕੋਹਾਂ ਦੂਰ ਸਨ।

## 2. ਰੱਯਤਵਾੜੀ ਪ੍ਰਣਾਲੀ

ਕਾਰਨਵਾਲਿਸ ਦਾ ਸਥਾਈ ਬੰਦੋਬਸਤ ਬੰਗਾਲ ਵਿੱਚ ਲਾਗੂ ਕਰਦੇ ਹੀ ਇਹ ਪ੍ਰਸ਼ਨ ਉੱਠਣ ਲੱਗਾ ਕਿ ਕੰਪਨੀ ਦੁਆਰਾ ਅਧਿਕਾਰਤ ਖੇਤਰਾਂ ਵਿੱਚ ਵੀ ਇਸਨੂੰ ਲਾਗੂ ਕੀਤਾ ਜਾਵੇ। ਤੀਜੇ ਮੈਸੂਰ ਯੁੱਧ ਵਿੱਚ ਟੀਪੂ ਸੁਲਤਾਨ ਤੋਂ ਬਾਰਾਮਹੱਲ ਅਤੇ ਡਿੰਡੀਗੁਲ ਪ੍ਰਾਪਤ ਕਰਕੇ ਉੱਤਰੀ ਸਰਕਾਰ ਦਾ 1794 ਵਿੱਚ ਜਾਗੀਰ ਦੇ ਰੂਪ ਵਿਚ ਸਮਾਪਨ ਆਦਿ ਨੇ ਇਨ੍ਹਾਂ ਪ੍ਰਸ਼ਨਾਂ ਨੂੰ ਦੁਬਾਰਾ ਉਠਾਇਆ। 1799 ਵਿੱਚ ਤੰਜੌਰ ਅਤੇ ਕੋਇੰਬਟੂਰ ਅਤੇ 1801 ਵਿੱਚ ਮਾਲਾਬਾਰ ਅਤੇ ਅਰਕਾਟ ਦੇ ਨਵਾਬ ਨੂੰ ਮਦਰਾਸ ਪ੍ਰੈਜ਼ੀਡੈਂਸੀ ਵਿੱਚ ਮਿਲਾ ਦਿੱਤਾ ਗਿਆ। ਇਨ੍ਹਾਂ ਖੇਤਰਾਂ ਵਿਚ ਭੂ-

ਰਾਜਸਵ ਦੀ ਬੰਦੋਬਸਤੀ ਦੇ ਲਈ ਅਲੈਗਜੈਂਡਰ ਰੀਡ ਅਤੇ ਲਾਵਲੇਨ ਪਲੇਸ ਦੀ ਨਿਯੁਕਤੀ ਹੋਈ। ਸੰਨ 1800 ਵਿੱਚ ਮੁਨਰੋ ਦਾ ਤਬਾਦਲਾ ਕਨਾਰਾ ਤੋਂ ਹੈਦਰਾਬਾਦ ਦੇ ਨਿਜ਼ਾਮ ਦੁਆਰਾ ਛੱਡੇ ਗਏ ਦੱਖਣ ਦੇ ਜ਼ਿਲ੍ਹਿਆਂ ਵਿੱਚ ਕੀਤਾ ਗਿਆ। 1808 ਵਿਚ ਮੁਨਰੋ ਦੁਆਰਾ ਪ੍ਰਸਤਾਵਿਤ ਗ੍ਰਾਮ ਪੰਚਾਇਤ ਆਧਾਰਿਤ ਰਯਤਵਾੜੀ ਬੰਦੋਬਸਤ ਨੂੰ ਸਵਿਕਾਰਤਾ ਦੇ ਦਿੱਤੀ ਗਈ। 1808-09 ਦੇ ਕਰੀਬ ਰੱਯਤਵਾੜੀ ਵਿਵਸਥਾ ਨੂੰ ਬਹੁਤ ਸਾਰੇ ਜ਼ਿਲ੍ਹਿਆਂ ਵਿੱਚ ਲਾਗੂ ਕਰ ਦਿੱਤਾ ਗਿਆ। 1820 ਵਿੱਚ ਮੁਨਰੋ ਜਿਵੇਂ ਹੀ ਗਵਰਨਰ ਬਣਿਆ ਉਸਨੇ ਰੱਯਤਵਾੜੀ ਨੂੰ ਪੂਰੀ ਮਦਰਾਸ ਪ੍ਰੈਜੀਡੈਂਸੀ ਵਿਚ ਲਾਗੂ ਕਰ ਦਿੱਤਾ।

ਪੱਛਮੀ ਤੇ ਦੱਖਣੀ ਭਾਰਤ ਵਿੱਚ ਕਿਉਂਕਿ ਬੰਗਾਲ ਦੀ ਤਰ੍ਹਾਂ ਮੁਗਲ ਜ਼ਿਮੀਦਾਰੀ ਪ੍ਰਥਾ ਨਹੀਂ ਰਹੀ ਸੀ ਇਸ ਕਰਕੇ ਬਹੁਤ ਵੱਡੇ-ਵੱਡੇ ਜ਼ਿਮੀਦਾਰ ਨਹੀਂ ਸਨ। ਇਨ੍ਹਾਂ ਵੱਡੇ ਜ਼ਿਮੀਦਾਰਾਂ ਦੀ ਅਣਹੋਂਦ ਕਾਰਨ ਲਗਾਨ ਦਾ ਕੰਮ ਜ਼ਿਮੀਦਾਰਾਂ ਨੂੰ ਨਹੀਂ ਦਿੱਤਾ ਜਾ ਸਕਦਾ ਸੀ। ਇਸ ਕਰਕੇ ਮੁਨਰੋ ਦਾ ਵਿਚਾਰ ਸੀ ਕਿ ਲਗਾਨ ਦਾ ਕੰਮ ਆਪ ਕਰੇ ਤੇ ਲਗਾਨ ਜ਼ਮੀਨ ਜੋਤਣ ਵਾਲਿਆਂ ਨਾਲ ਤਹਿ ਕੀਤਾ ਜਾਵੇ। ਹੱਲ ਵਾਹਣ ਵਾਲਾ ਆਪ ਮਾਲੀਆ ਸਰਕਾਰ ਨੂੰ ਦੇਣ ਵਾਸਤੇ ਜ਼ਿੰਮੇਵਾਰ ਹੋਵੇ। ਜ਼ਿਮੀਦਾਰ ਦੇ ਰੂਪ ਵਿੱਚ ਵਿਚੋਲਿਆਂ ਦੀ ਜ਼ਰੂਰਤ ਨਹੀਂ ਸੀ ਤੇ ਉਹ ਪੈਸਾ ਜਿਹੜਾ ਜ਼ਿਮੀਦਾਰ ਨੂੰ ਜਾਂਦਾ ਸੀ ਉਹ ਵੀ ਬਚਾਇਆ ਜਾ ਸਕਦਾ ਸੀ। ਕਿਸਾਨਾਂ ਨੂੰ ਜ਼ਿਮੀਦਾਰਾਂ ਦੀ ਲੁੱਟ ਤੇ ਪਰੇਸ਼ਾਨੀ ਤੋਂ ਬਚਾਇਆ ਜਾ ਸਕਦਾ ਸੀ।

ਰਈਅਤਵਾੜੀ ਸਿਸਟਮ ਅਧੀਨ ਭੂੰ ਜੋਤਣ ਵਾਲੇ ਨੂੰ ਭੂੰ ਸੁਆਮੀ ਬਣਾ ਦਿੱਤਾ ਗਿਆ, ਉਹ ਥੋੜਾ ਜਿਹਾ ਲਗਾਨ ਸਰਕਾਰ ਨੂੰ ਦਿੰਦਾ ਸੀ ਤੇ ਭੂਮੀ ਤੇ ਵਾਹੀ ਕਰਦਾ ਸੀ। ਲਾਰਡ ਮੁਨਰੋ ਨੇ ਦਾਅਵਾ ਕੀਤਾ ਇਹ ਸਿਸਟਮ ਹੀ ਭਾਰਤ ਦਾ ਅਸਲ ਸਿਸਟਮ ਸੀ। ਇਸ ਨੂੰ ਬੰਬੇ ਅਤੇ ਮਦਰਾਸ ਪ੍ਰੈਜੀਡੈਂਸੀਆਂ ਵਿੱਚ ਲਾਗੂ ਕੀਤਾ ਗਿਆ। ਇਸ ਵਿੱਚ ਮਾਲੀਏ ਦਾ ਬੰਦੋਬਸਤ ਅਸਥਾਈ ਨਹੀਂ ਸੀ। ਇਹ 20 ਜਾਂ ਤੀਹ ਸਾਲਾਂ ਬਾਅਦ ਨਿਰਧਾਰਤ ਕੀਤਾ ਜਾਂਦਾ ਸੀ।

ਰਈਅਤਵਾੜੀ ਪ੍ਰਣਾਲੀ ਕਿਸਾਨਾਂ ਦੀ ਮੁਕਤੀ ਲਈ ਸੀ ਪਰ ਇਹ ਸਫ਼ਲ ਨਹੀਂ ਹੋਈ। ਕਿਸਾਨਾਂ ਨੇ ਮਹਿਸੂਸ ਕੀਤਾ ਜਿਥੇ ਇਸ ਤੋਂ ਪਹਿਲਾਂ ਅਨੇਕਾਂ ਜ਼ਿਮੀਦਾਰ ਹੁੰਦੇ ਸਨ ਜੋ ਉਹਨਾਂ ਨੂੰ ਤੰਗ ਕਰਦੇ ਸਨ ਹੁਣ ਅਨੇਕਾਂ ਦੀ ਥਾਂ ਇਕ ਹੀ ਦੈਂਤ ਜ਼ਿਮੀਦਾਰ ਭਾਵ ਸਰਕਾਰ, ਰਾਜ ਦੀ ਸ਼ਕਲ ਵਿੱਚ ਉਨ੍ਹਾਂ ਦਾ ਖੂਨ ਚੂਸਦਾ ਹੈ। ਸਰਕਾਰ ਨੇ ਕਿਸਾਨਾਂ ਨੂੰ ਜਮੀਨ ਦੇ ਮਾਲਕ ਹੀ ਨਾ ਬਣਨ ਦਿੱਤਾ, ਉਸ ਨੇ ਕਿਹਾ ਲਗਾਨ ਭੂਮੀ ਕਰ ਨਹੀਂ ਹੈ ਸਗੋਂ ਜਮੀਨ ਦਾ ਕਿਰਾਇਆ ਜਾਂ ਠੇਕਾ ਹੈ। ਇਸ ਤੋਂ ਇਲਾਵਾ ਤਿੰਨ ਹੋਰ ਕਾਰਨ ਸਨ ਜਿਨ੍ਹਾਂ ਨੇ ਕਿਸਾਨਾਂ ਨੂੰ ਮਾਲਕ ਨਹੀਂ ਬਣਨ ਦਿੱਤਾ। ਇਹ ਸਨ :

(1) ਮਾਲੀਏ ਦੀ ਦਰ ਇਤਨੀ ਉਚੀ ਸੀ ਕਿ ਕਿਸਾਨ ਇਸ ਨੂੰ ਨਹੀਂ ਦੇ ਸਕਦੇ ਸਨ ਜਿਸ ਕਰਕੇ ਉਹ ਜ਼ਮੀਨ ਤੋਂ ਖਾਰਜ ਹੋ ਜਾਂਦੇ ਸਨ।

(2) ਮਾਲੀਏ ਦੀ ਦਰ ਵਧਾਉਣ ਦਾ ਅਧਿਕਾਰ ਸਰਕਾਰ ਨੇ ਆਪਣੇ ਹੱਥ ਵਿੱਚ ਰੱਖਿਆ ਤੇ ਉਹ ਜਿਸ ਨੂੰ ਚਾਹੇ ਮਾਲੀਆ ਵਧਾ ਕੇ ਜ਼ਮੀਨ ਦਾ ਮਾਲਕ ਬਣਨ ਤੋਂ ਰੋਕ ਸਕਦੀ ਸੀ ਭਾਵੇਂ ਉਨ੍ਹਾਂ ਦੀ ਫ਼ਸਲ ਅੱਗ ਨਾਲ ਹੀ ਸੜ ਜਾਵੇ ਤੇ ਭਾਵੇਂ ਹੜ੍ਹ ਵਿੱਚ ਰੁੜ ਜਾਵੇ। ਇਸ ਕਰਕੇ ਵੀ ਇਹ ਪ੍ਰਣਾਲੀ ਕਿਸਾਨਾਂ ਦੀ ਮੁਕਤੀ ਦਾ ਸਾਧਨ ਨਾ ਬਣ ਸਕੀ।

### 3. ਮਾਰਲਵਾੜੀ ਪ੍ਰਣਾਲੀ

ਜ਼ਿਮੀਦਾਰੀ ਸਿਸਟਮ ਦਾ ਇਕ ਬਦਲਿਆ ਹੋਇਆ ਰੂਪ ਗੰਗਾ ਦੇ ਵਾਸੀ ਉਤਰ ਪ੍ਰਾਂਤ, ਕੇਂਦਰ ਪ੍ਰਾਂਤ ਦੇ ਕੁੱਝ ਹਿੱਸਿਆਂ ਤੇ ਪੰਜਾਬ ਵਿੱਚ ਲਗਾਨ ਵਜੋਂ ਅਪਣਾਇਆ ਗਿਆ। ਇਸ ਪ੍ਰਣਾਲੀ ਨੂੰ ਮਾਹਲਵਾੜੀ ਸਿਸਟਮ ਕਿਹਾ ਗਿਆ। ਮਾਲੀਏ ਦਾ ਬੰਦੋਬਸਤ ਜਾਂ ਤਾਂ ਪਿੰਡ ਨੂੰ ਆਧਾਰ ਤੇ ਜਾਂ ਪਿੰਡਾਂ ਲਈ (ਮਾਹਲ) ਨੂੰ ਅਧਾਰ ਮੰਨ ਕੇ ਕੀਤਾ ਗਿਆ। ਕਿਉਂਕਿ ਹਰ ਪਿੰਡ ਦੀ ਜ਼ਮੀਨ ਦੇ ਮਾਲਕ ਕੁੱਝ ਜ਼ਿਮੀਦਾਰ ਸਨ। ਸੋ ਪੰਜਾਬ ਵਿੱਚ ਮਾਹਲਵਾੜੀ ਸਿਸਟਮ ਵਿੱਚ ਇਕ ਹੋਰ ਤਬਦੀਲੀ ਆਈ। ਇਥੇ ਕਿਉਂ ਕਿ ਜ਼ਮੀਨ ਦੇ ਮਾਲਕ ਕਈ-ਕਈ ਤਰ੍ਹਾਂ ਦੇ ਸਨ ਭਾਵ ਜ਼ਮੀਨ ਨੂੰ ਪਿੰਡ ਵਿਚਲਾ ਭਾਈਚਾਰਾ ਹੀ ਵਾਹੁੰਦਾ ਸੀ ਜੋ ਲਗਾਨ ਸਾਰੇ ਪਿੰਡ ਦਾ ਤਹਿ ਕਰ ਲਿਆ ਜਾਂਦਾ ਸੀ ਤੇ ਬਾਅਦ

ਵਿੱਚ ਇਸ ਨੂੰ ਪੱਤੀਆਂ ਜਾਂ ਭਾਈਚਾਰਿਆਂ ਉਪਰ ਢਾਲ ਕੇ ਪੇਸ਼ ਕਰ ਦਿੱਤਾ ਜਾਂਦਾ ਸੀ। 1871 ਈ. ਦੇ ਐਕਟ ਅਨੁਸਾਰ ਇਹ ਬੰਦੋਬਸਤ 30 ਸਾਲ ਲਈ ਕਰ ਦਿੱਤਾ ਗਿਆ।

19ਵੀਂ ਸ਼ਤਾਬਦੀ ਦੇ ਆਰੰਭ ਵਿਚ ਇਹ ਪ੍ਰਸ਼ਨ ਉੱਠਣ ਲੱਗਾ ਕਿ ਜਿੱਤੇ ਗਏ ਅਤੇ ਅਰਪਿਤ ਪ੍ਰਾਂਤਾਂ ਵਿਚ ਕਿਸ ਤਰ੍ਹਾਂ ਦਾ ਭੂਮੀ ਪ੍ਰਬੰਧ ਕੀਤਾ ਜਾਵੇ। ਅਰਪਿਤ ਪ੍ਰਾਂਤਾਂ ਵਿਚ ਅਵਧ ਮਰਾਠਿਆਂ ਦੇ ਉੱਪਰ ਲਾਰਡ ਲੇਕ ਦੀ 1803 ਦੀ ਜਿੱਤ ਸੀ ਜੋ ਬਾਅਦ ਉੱਤਰ-ਪੱਛਮੀ ਪ੍ਰਾਂਤ ਦੇ ਨਾਂ ਨਾਲ ਜਾਣਿਆ ਗਿਆ।

ਉੱਤਰ ਪੱਛਮੀ ਪ੍ਰਾਂਤ ਦੇ ਲੈਫਟੀਨੈਂਟ ਗਵਰਨਰ ਆਰ.ਐਮ.ਬਰਡ ਨੇ ਇਹ ਬੰਦੋਬਸਤ ਲਾਗੂ ਕੀਤਾ। ਇਸ ਲਈ ਉਸਨੂੰ ਉੱਤਰੀ ਭਾਰਤ ਦੇ ਭੂ-ਬੰਦੋਬਸਤ ਦਾ ਪਿਤਾ ਕਿਹਾ ਜਾਂਦਾ ਹੈ।

ਅੰਗਰੇਜ਼ਾਂ ਦੁਆਰਾ ਸ਼ੁਰੂ ਕੀਤੀਆਂ ਦੋਵੇਂ ਹੀ ਮੁੱਖ ਲਗਾਨ ਪ੍ਰਣਾਲੀਆਂ (ਜ਼ਿਮੀਦਾਰ ਤੇ ਰਈਤਵਾੜੀ) ਭਾਰਤ ਲਈ ਬਿਲਕੁਲ ਨਵੀਆਂ ਸਨ। ਇਨ੍ਹਾਂ ਪ੍ਰਣਾਲੀਆਂ ਨੇ ਜਮੀਨਾਂ ਦਾ ਪ੍ਰਾਈਵੇਟ-ਕਰਨ ਕਰ ਦਿੱਤਾ, ਭਾਵ ਜ਼ਮੀਨ ਨਿੱਜੀ ਸੰਪਤੀ ਬਣ ਗਈ, ਇਹ ਹੁਣ ਵੇਚੀ ਜਾ ਸਕਦੀ ਸੀ, ਜਬਤ ਕੀਤੀ ਜਾ ਸਕਦੀ ਤੇ ਇਕ ਮਾਲਕ ਤੋਂ ਦੂਸਰੇ ਕੋਲ ਚਲੀ ਜਾਣ ਵਾਲੀ ਵਸਤੂ ਬਣ ਗਈ। ਜੇ ਅਜਿਹਾ ਨਾ ਕੀਤਾ ਜਾਂਦਾ ਤਾਂ ਸਰਕਾਰੀ ਮਾਲੀਆ ਕਿਥੋਂ ਆਉਂਦਾ ਕਿਉਂਕਿ ਕਿਸਾਨ ਕੋਲ ਤਾਂ ਇਤਨੇ ਪੈਸੇ ਹੀ ਨਹੀਂ ਸਨ ਬਚਦੇ ਕਿ ਉਹ ਮਾਲੀਆ ਦੇ ਸਕੇ। ਤਾਂ ਹੁਣ ਉਹ ਜ਼ਮੀਨ ਗਿਰਵੀ ਰੱਖ ਕੇ ਜਾਂ ਵੇਚ ਕੇ ਰੁਪਿਆ ਉਧਾਰ ਲੈ ਲੈਂਦਾ ਸੀ ਤੇ ਲਗਾਨ ਪੇਸ਼ ਕਰ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਸਰਕਾਰ ਦੀ ਆਮਦਨੀ ਬਣੀ ਰਹਿ ਸਕਦੀ ਸੀ ਅਤੇ ਜੇ ਉਹ ਲਗਾਨ ਨਾ ਦੇ ਸਕੇ ਤਾਂ ਸਰਕਾਰ ਆਪ ਉਸਦੀ ਜ਼ਮੀਨ ਨੂੰ ਨਿਲਾਮ ਕਰ ਸਕਦੀ ਸੀ। ਜ਼ਮੀਨ ਨੂੰ ਪ੍ਰਾਈਵੇਟ ਹੱਥਾਂ ਵਿੱਚ ਇਸ ਕਰਕੇ ਵੀ ਕੀਤਾ ਗਿਆ ਤਾਂ ਕਿ ਜ਼ਿਮੀਦਾਰ ਤੇ ਕਿਸਾਨ ਦੋਵੇਂ ਹੀ ਇਸ ਨੂੰ ਆਪਣੀ ਸਮਝ ਕੇ ਖੇਤੀਬਾੜੀ ਦੇ ਵਿਕਾਸ ਵਾਸਤੇ ਇਸਤੇਮਾਲ ਕਰਨਗੇ।

ਅੰਗਰੇਜ਼ਾਂ ਨੇ ਜ਼ਮੀਨ ਨੂੰ ਖਰੀਦਣ ਤੇ ਵੇਚਣ ਲਈ ਵਸਤੂ ਬਣਾ ਕੇ ਭਾਰਤ ਦੇ ਦਿਹਾਤਾਂ ਵਿੱਚ ਕੁੱਝ ਬੁਨਿਆਦੀ ਸਮਾਜਿਕ ਤਬਦੀਲੀਆਂ ਲਈ ਰਾਹ ਪੱਧਰਾ ਕਰ ਦਿੱਤਾ। ਪਿੰਡਾਂ ਵਿੱਚ ਨਵੀਆਂ ਜਮਾਤਾਂ ਦਾ ਜਮਾਂ ਹੋਇਆ ਤੇ ਪੇਂਡੂ ਭਾਈਚਾਰੇ ਵਿੱਚ ਮੁਕਾਬਲੇ ਦੀ ਭਾਵਨਾ ਪੈਦਾ ਹੋਈ। ਇਸ ਭਾਵਨਾ ਨੇ ਪੇਂਡੂ ਸਮਾਜ ਦੀ ਜੜ ਹਿਲਾ ਕੇ ਰੱਖ ਦਿੱਤੀ। ਅਸਲ ਵਿੱਚ ਅੰਗਰੇਜ਼ਾਂ ਦਾ ਮੁੱਖ ਉਦੇਸ਼ ਲਗਾਨ ਦੇ ਰੂਪ ਵਿਚ ਵੱਧ ਤੋਂ ਵੱਧ ਆਮਦਨ ਪ੍ਰਾਪਤ ਕਰਨਾ ਸੀ ਅਤੇ ਸਾਮਰਾਜਵਾਦੀ ਹਿੱਤਾਂ ਦੀ ਰੱਖਿਆ ਕਰਨਾ ਸੀ।

## 4. ਵਪਾਰ-ਵਿਸਥਾਰ

ਸੰਨ 1605 ਤੋਂ ਲੈ ਕੇ 1757 ਤੱਕ ਈਸਟ ਇੰਡੀਆ ਕੰਪਨੀ ਇੱਕ ਵਿਉਪਾਰਕ ਅਦਾਰਾ ਸੀ। ਇਸ ਦੇ ਵਿਉਪਾਰੀ ਯੂਰਪਾਂ ਵਿਚੋਂ ਧਾਤਾਂ ਲਿਆਉਂਦੇ ਸਨ ਤੇ ਉਹਨਾਂ ਦੇ ਬਦਲੇ ਭਾਰਤ ਵਿਚੋਂ ਕਪੜੇ ਤੇ ਮਸਾਲੇ ਲੈ ਜਾਂਦੇ ਸਨ। ਵਸਤਾਂ ਦੇ ਇਸ ਅਯਾਤ ਨਿਰਯਾਤ ਕਰਕੇ ਸ਼ੁਰੂ ਵਿੱਚ ਭਾਰਤ ਦੇ ਵਿਉਪਾਰ ਨੂੰ ਕਾਫੀ ਤਰੱਕੀ ਕਰਨ ਦਾ ਮੌਕਾ ਮਿਲਿਆ ਕਿਉਂਕਿ ਭਾਰਤੀ ਵਸਤਾਂ ਦੂਰ ਦੁਰਾਡੇ ਦੇਸ਼ਾਂ ਵਿੱਚ ਪਹੁੰਚਣ ਲੱਗੀਆਂ। ਇਹ ਹੀ ਇੱਕ ਆਰਥਿਕ ਕਾਰਨ ਸੀ ਜਿਸ ਤੇ ਭਾਰਤੀ ਰਾਜਿਆਂ ਤੇ ਮਹਾਰਾਜਿਆਂ ਨੇ ਕੰਪਨੀ ਨੂੰ ਜੀ ਆਇਆ ਆਖਿਆ ਸੀ।

ਪਰ ਸ਼ੁਰੂ ਤੋਂ ਹੀ ਯੂਰਪ ਤੇ ਖਾਸ ਕਰਕੇ ਇੰਗਲੈਂਡ ਦੇ ਉਤਪਾਦਕ ਤੇ ਸਰਕਾਰ ਵਸਤੂਆਂ ਨੂੰ ਈਰਖਾ ਦੀ ਨਜ਼ਰ ਨਾਲ ਵੇਖਦੇ ਸਨ। 1720 ਤੋਂ ਬਾਅਦ ਭਾਰਤੀ ਵਸਤੂਆਂ ਦੇ ਇੰਗਲੈਂਡ ਦੇ ਦਾਖਲੇ ਉਪਰ ਰੋਕਾਂ ਲੱਗਣੀਆਂ ਸ਼ੁਰੂ ਹੋ ਗਈਆਂ। 1760 ਵਿੱਚ ਇੰਗਲੈਂਡ ਦੀ ਸਰਕਾਰ ਨੇ ਇਕ ਅੰਗਰੇਜ਼ੀ ਔਰਤ ਨੂੰ 200 ਪੌਂਡ ਜੁਰਮਾਨਾ ਸਿਰਫ ਇਸ ਕਰਕੇ ਕਰ ਦਿੱਤਾ ਕਿ ਉਸ ਨੇ ਵਿਦੇਸ਼ੀ ਕੱਪੜੇ ਦਾ ਰੁਮਾਲ ਹੱਥ ਵਿੱਚ ਫੜਿਆ ਹੋਇਆ ਸੀ। ਇੰਗਲੈਂਡ ਦੀ ਵੇਖਾ ਵੇਖੀ ਹਾਲੈਂਡ ਨੂੰ ਛੱਡ ਕੇ ਸਾਰੇ ਯੂਰਪ ਨੇ ਭਾਰਤੀ ਵਸਤੂਆਂ ਖਾਸ ਕਰਕੇ ਰੇਸ਼ਮ ਦੇ ਧਾਗੇ ਤੋਂ ਬਣੀਆਂ ਚੀਜ਼ਾਂ ਉਪਰ ਡਿਊਟੀ (ਟੈਕਸ) ਲਾ ਦਿੱਤੀ। ਇਸ ਰਾਜਨੀਤਿਕ ਕਾਰਨ ਤੋਂ ਇਲਾਵਾ ਇਕ ਹੋਰ ਵੀ ਕਾਰਨ ਸੀ ਜਿਸ ਕਰਕੇ ਭਾਰਤੀ ਵਿਉਪਾਰ ਨੂੰ ਸੱਟ ਵੱਜੀ। ਉਹ ਸੀ ਇੰਗਲੈਂਡ ਦਾ ਉਦਯੋਗੀਕਰਨ।

1757 ਵਿੱਚ ਰਾਜਸੀ ਤਾਕਤ ਹਾਸਲ ਕਰਨ ਤੋਂ ਬਾਅਦ ਕੰਪਨੀ ਨੇ ਬੰਗਾਲ ਦੇ ਵਿਉਪਾਰ ਨੂੰ ਬਿਲਕੁਲ ਤਬਾਹ ਕਰ ਦਿੱਤਾ। ਕੰਪਨੀ ਦੇ ਵਿਉਪਾਰੀ ਜਿਨ੍ਹਾਂ ਵਿੱਚ ਅੰਗਰੇਜ਼ੀ ਅਫ਼ਸਰ ਵੀ ਸ਼ਾਮਲ ਸਨ ਜਬਰਦਸਤੀ ਭਾਰਤੀ ਕਾਰੀਗਰਾਂ

ਤੋਂ ਉਨ੍ਹਾਂ ਦੀਆਂ ਚੀਜ਼ਾਂ ਆਪਣੇ ਮਨ ਭਾਣੇ ਭਾਅ ਖਰੀਦਦੇ ਸਨ ਤੇ ਯੂਰਪ ਦੀਆਂ ਵਸਤੂਆਂ ਵੀ ਉਹ ਜੀਅ ਚਾਹੇ ਮੁਲ ਤੇ ਭਾਰਤੀਆਂ ਨੂੰ ਵੇਚਦੇ ਸਨ। ਭਾਰਤੀ ਵਿਉਪਾਰੀਆਂ ਨੂੰ ਤਬਾਹ ਕਰਨ ਵਾਸਤੇ ਉਹ ਪਹਿਲਾਂ ਹੀ ਕਾਰੀਗਰਾਂ ਨੂੰ ਲਾਲਚ ਦੇ ਕੇ ਡਰਾ ਧਮਕਾ ਕੇ ਆਪ ਉਨ੍ਹਾਂ ਤੋਂ ਮਾਲ ਖਰੀਦ ਲੈਂਦੇ ਸਨ ਬਾਅਦ ਵਿੱਚ ਅੰਗਰੇਜ਼ਾਂ ਵਪਾਰੀਆਂ ਨੇ ਏਜੰਸੀ ਹਾਉਸਾਂ ਰਾਹੀਂ ਭਾਰਤ ਦੀ ਮੰਗ ਕੱਚੇ ਮਾਲ ਤੇ ਪੱਕੇ ਮਾਲ ਉਪਰ ਆਪਣਾ ਏਕਾਧਿਕਾਰ ਸਥਾਪਤ ਕਰਕੇ ਭਾਰਤੀ ਵਿਉਪਾਰੀਆਂ ਨੂੰ ਤੇ ਕਾਰੀਗਰਾਂ ਨੂੰ ਤਬਾਹ ਕਰ ਦਿੱਤਾ। ਅੰਗਰੇਜ਼ੀ ਵਸਤੂਆਂ ਭਾਰਤ ਵਿੱਚ ਵੱਧ ਗਈਆਂ ਤੇ ਬੰਗਾਲ ਦਾ ਵਿਉਪਾਰ ਦੇ ਹੱਥੋਂ ਨਿਕਲ ਗਿਆ।

ਉਦਯੋਗਿਕ ਕ੍ਰਾਂਤੀ ਨੇ ਅੰਗਰੇਜ਼ੀ ਵਿਉਪਾਰ ਨੂੰ ਹੋਰ ਵੀ ਸਿਖਰ ਉਪਰ ਪਹੁੰਚਾ ਦਿੱਤਾ। ਇਸ ਕ੍ਰਾਂਤੀ ਨੇ ਇੰਗਲੈਂਡ ਵਿੱਚ ਪੂੰਜੀਪਤੀ ਵਰਗ ਨੂੰ ਜਨਮ ਦਿੱਤਾ। ਹੌਲੀ-ਹੌਲੀ ਇਸ ਵਰਗ ਨੇ ਈਸਟ ਇੰਡੀਆ ਕੰਪਨੀ ਦੀ ਆਰਥਿਕ ਤੇ ਰਾਜਨੀਤਿਕ ਏਕਾਧਿਕਾਰ ਨੂੰ ਵੰਗਾਰਿਆ। ਇੰਗਲੈਂਡ ਦੇ ਪੂੰਜੀਪਤੀਆਂ ਤੇ ਵਿਉਪਾਰੀਆਂ ਨੇ ਬਰਤਾਨਵੀ ਪਾਰਲੀਮੈਂਟ ਵਿੱਚ ਮੰਗ ਕੀਤੀ ਕਿ ਭਾਰਤ ਵਿੱਚ ਕੰਪਨੀ ਦੀ ਹਕੂਮਤ ਖੁਲੇ ਵਿਉਪਾਰ ਭਾਵ ਫਰੀ ਟਰੇਡ (Free Trade) ਦੀ ਇਜਾਜ਼ਤ ਦੇਵੇ। ਭਾਰਤ ਵਿੱਚ ਅੰਗਰੇਜ਼ੀ ਚੀਜ਼ਾਂ ਬਹੁਤ ਥੋੜੇ ਟੈਕਸ ਦੇ ਕੇ ਭਾਰਤ ਵਿੱਚ ਆਉਣ ਲੱਗੀਆਂ, ਇਸ ਦੇ ਉਲਟ ਭਾਰਤੀ ਵਸਤੂਆਂ ਉਪਰ ਇੰਗਲੈਂਡ ਵਿੱਚ ਦਾਖ਼ਲੇ ਤੋਂ ਪਹਿਲਾਂ ਟੈਕਸ ਹੋਰ ਜ਼ਿਆਦਾ ਕਰ ਦਿੱਤਾ। ਭਾਰਤੀ ਵਿਉਪਾਰ ਦਾ ਸਭ ਤੋਂ ਵੱਧ ਨੁਕਸਾਨ ਉਸ ਸਮੇਂ ਸ਼ੁਰੂ ਹੋਇਆ ਜਦ ਭਾਰਤੀ ਕਾਰੀਗਰਾਂ ਦੁਆਰਾ ਹੱਥੀ ਬਣਾਈਆਂ ਚੀਜ਼ਾਂ ਇੰਗਲੈਂਡ ਵਿੱਚ ਮਸ਼ੀਨਾਂ ਦੁਆਰਾ ਤਿਆਰ ਕੀਤੇ ਮਾਲ ਦਾ ਮੁਕਾਬਲਾ ਨਾ ਕਰ ਸਕੀਆਂ।

## 5. ਭਾਰਤ ਤੇ ਅਸਰ

ਭਾਰਤੀ ਵਿਉਪਾਰ ਉਤੇ ਮਾੜਾ ਅਸਰ ਪਿਆ। ਮਾੜਾ ਅਸਰ ਭਾਰਤ ਅੰਦਰ ਆਉਣ ਵਾਲੀਆਂ ਵਸਤੂਆਂ ਦੇ ਮੁੱਲ ਵਿੱਚ ਸਾਫ਼ ਝਲਕਦਾ ਹੈ। ਉਦਾਹਰਣ ਵਜੋਂ 1813 ਵਿੱਚ ਸਿਰਫ ਇੱਕ ਲੱਖ ਦਸ ਹਜ਼ਾਰ ਪੌਂਡ ਮੁੱਲ ਦੀਆਂ ਚੀਜ਼ਾਂ ਭਾਰਤ ਵਿੱਚ ਆਈਆਂ ਉਸ ਦਾ ਮੁੱਲ 63 ਲੱਖ ਪੌਂਡ ਸੀ। ਹੋਰ ਤਾਂ ਹੋਰ ਜਿਥੇ ਪਹਿਲਾਂ ਭਾਰਤ ਲੱਖਾਂ ਰੁਪਏ ਦਾ ਰੇਸ਼ਮ ਤੇ ਕੱਪੜਾ ਬਾਹਰ ਭੇਜਦਾ ਸੀ ਉਥੇ ਹੁਣ ਉਹ ਕੱਪੜੇ ਦੇ ਧਾਗੇ ਵਾਸਤੇ ਇੰਗਲੈਂਡ ਉਪਰ ਨਿਰਭਰ ਹੋਣ ਲਗ ਪਿਆ। ਸਭ ਤੋਂ ਮਾੜੀ ਗੱਲ ਇਹ ਕੱਚਾ ਰੇਸ਼ਮ ਵੀ ਭਾਰਤ ਵਿੱਚ ਬਾਹਰ ਤੋਂ ਆਉਣ ਲਗਿਆ। ਪਹਿਲਾਂ ਰੇਸ਼ਮ ਭਾਰਤ ਤੋਂ ਬਾਹਰ ਜਾਂਦਾ ਸੀ।

ਭਾਰਤ ਨੂੰ ਭੁੱਖਮਰੀ ਤੋਂ ਬਚਾਉਣ ਲਈ ਤੇ ਇਸ ਦੇ ਕਿਸਾਨਾਂ ਕੋਲ ਅੰਗਰੇਜ਼ੀ ਵਸਤੂਆਂ ਵੇਚਣ ਬਾਰੇ ਭਾਰਤ ਵਿੱਚ ਕੁੱਝ ਨਵੀਆਂ ਫ਼ਸਲਾਂ ਸ਼ੁਰੂ ਕੀਤੀਆਂ ਗਈਆਂ। ਇਨ੍ਹਾਂ ਵਿੱਚ ਤਿੰਨ ਫ਼ਸਲਾਂ ਮੁੱਖ ਸਨ, ਉਹ ਸਨ ਚਾਹ, ਨੀਲ ਅਤੇ ਕਾਹਵਾ। ਇਹ ਤਿੰਨੇ ਹੀ ਵਿਉਪਾਰਕ ਫ਼ਸਲਾਂ ਸਨ ਤੇ ਇਨ੍ਹਾਂ ਨੂੰ ਸਿਰਫ਼ ਬਾਹਰ ਭੇਜਣ ਵਾਸਤੇ ਹੀ ਪੈਦਾ ਕੀਤਾ ਜਾਂਦਾ ਸੀ ਭਾਰਤੀ ਨਿਰਯਾਤ ਜਾਂ ਐਕਸਪੋਰਟ ਦੀ ਚੋਥੀ ਮੁੱਖ ਮੱਦ ਅਨਾਜ ਸੀ। ਭਾਰਤ ਦੀ ਬਹੁਤ ਸਾਰੀ ਕਣਕ ਇੰਗਲੈਂਡ ਭੇਜੀ ਜਾਂਦੀ ਸੀ। ਅਜਿਹਾ ਕਰਦਿਆਂ ਭਾਰਤੀ ਲੋਕਾਂ ਦੀਆਂ ਆਪਣੀਆਂ ਅਨਾਜੀ ਜ਼ਰੂਰਤਾਂ ਦੀ ਰਤਾ ਵੀ ਪਰਵਾਹ ਨਹੀਂ ਕੀਤੀ ਜਾਂਦੀ ਸੀ। ਅਨਾਜ ਤੋਂ ਬਿਨਾਂ ਸੈਂਕੜੇ ਭਾਰਤੀ ਭੁੱਖਮਰੀ ਤੇ ਅਰਧਭੁੱਖਮਰੀ ਦਾ ਸ਼ਿਕਾਰ ਹੋ ਜਾਂਦੇ ਸਨ।

ਯਾਦ ਰਹੇ ਕਿ ਅੰਗਰੇਜ਼ੀ ਰਾਜ ਦਾ ਅਸਰ ਭਾਰਤ ਤੇ ਵਿਉਪਾਰ ਉਪਰ ਇੱਕ ਸਾਰ ਹੁੰਦਿਆਂ ਹੋਇਆ ਵੀ ਇਸ ਵਿੱਚ ਕੁੱਝ ਇਲਾਕਾਈ ਵਿਸ਼ੇਸ਼ਤਾਵਾਂ ਤੇ ਭਿੰਨਤਾਵਾਂ ਸਨ। ਉਦਾਹਰਣ ਵਜੋਂ ਜਿੱਥੇ ਬੰਗਾਲ ਦਾ ਭਾਰਤੀ ਵਿਉਪਾਰ ਬਿਲਕੁਲ ਅੰਗਰੇਜ਼ੀ ਤੇ ਹੋਰ ਯੂਰਪੀਨ ਵਿਉਪਾਰੀਆਂ ਦੇ ਹੱਥ ਵਿੱਚ ਸੀ ਉਥੇ ਪੱਛਮੀ ਭਾਰਤ ਵਿੱਚ ਗੁਜਰਾਤੀ ਤੇ ਰਾਜਸਥਾਨੀ ਵਿਉਪਾਰੀ ਵੀ ਇਨ੍ਹਾਂ ਵਿੱਚ ਭਾਈਵਾਲ ਸਨ। ਇਸ ਦਾ ਇਹ ਕਾਰਨ ਸੀ ਕਿ ਬੰਬਈ ਪ੍ਰੈਜ਼ੀਡੈਂਸੀ ਵਿੱਚ ਭਾਰਤੀ ਵਿਉਪਾਰ ਬਿਲਕੁਲ ਹੀ ਭਾਰਤੀਆਂ ਹੱਥੋਂ ਨਹੀਂ ਨਿਕਲਿਆ ਸੀ ਅਤੇ ਇਹ ਬੰਗਾਲ ਦੇ ਮੁਕਾਬਲੇ ਘੱਟ ਹੋਇਆ ਸੀ। ਇਸੇ ਹੀ ਤਰ੍ਹਾਂ ਉੱਤਰੀ ਭਾਰਤ ਦਾ ਵਿਉਪਾਰ ਖਾਸ ਕਰਕੇ ਅੰਦਰੂਨੀ ਵਿਉਪਾਰ ਕਾਫ਼ੀ ਹੱਦ ਤੱਕ ਭਾਰਤੀਆਂ ਦੇ ਹੱਥ ਵਿੱਚ ਰਿਹਾ।

## 6. ਉਦਯੋਗਿਕ ਵਿਸਥਾਰ

ਸ਼ੁਰੂ ਵਿੱਚ ਕੰਪਨੀ ਦੇ ਸਾਧਨ ਨੇ ਭਾਰਤੀ ਸ਼ਹਿਰੀ ਹੱਥ ਖੱਡੀਆਂ ਦੇ ਕਾਰਖਾਨਿਆਂ ਨੂੰ ਬਰਬਾਦ ਕੀਤਾ। ਵਿਉਪਾਰੀ ਤੇ ਭਾਰਤੀ ਕਾਰੀਗਰ ਅੰਨੇਵਾਹ ਲੁਟੇ ਗਏ ਅਤੇ ਤਬਾਹ ਕੀਤੇ ਗਏ। ਢਾਕੇ, ਸੂਰਤ ਤੇ ਮੁਰਸ਼ਿਦਾਬਾਦ ਵਰਗੇ ਵਸਦੇ ਅਤੇ ਖੁਸ਼ਹਾਲ ਸ਼ਹਿਰ ਉਜੜ ਗਏ ਅਤੇ ਖਾਲੀ ਹੋਣੇ ਸ਼ੁਰੂ ਹੋ ਗਏ। ਭਾਰਤੀ ਜੁਲਾਹੇ ਸਭ ਤੋਂ ਵੱਧ ਇਸ ਮਾਰ ਦਾ ਸ਼ਿਕਾਰ ਹੋਏ। ਰੇਸ਼ਮ ਤੇ ਉਸ ਦੇ ਕਾਰਖਾਨੇ ਲੋਹਾ, ਸ਼ੀਸ਼ਾ, ਕਾਗਜ਼, ਸਮੁੰਦਰੀ ਜਹਾਜ਼ ਬਣਾਉਣ ਦੇ ਵਰਕਸ਼ਾਪ ਕੋਹਲੂ ਅਤੇ ਲਾਲਾਰੀਆਂ ਦੇ ਕਾਰਖਾਨੇ ਠੱਪ ਹੋ ਗਏ। ਭਾਰਤੀ ਰਾਜਾਂ ਦੇ ਨਾਲ ਭਾਰਤ ਦੀ ਸਨਤ ਜਾਂ ਉਦਯੋਗ ਵੀ ਅੰਗਰੇਜ਼ੀ ਰਾਜਨੀਤਿਕ ਵਹਿਸ਼ੀਪਣ ਦਾ ਸ਼ਿਕਾਰ ਹੋਏ। 1834-35 ਵਿੱਚ ਵਿਲੀਅਮ ਬੈਂਟਿਕ ਨੇ ਜਜ਼ਬਾਤ ਦੇ ਰੌਅ ਵਿੱਚ ਆ ਕੇ ਲਿਖਿਆ - "ਵਣਜ" (ਵਿਉਪਾਰ) ਦੇ ਇਤਿਹਾਸ ਵਿੱਚ (ਭਾਰਤੀ ਕਾਰੀਗਰਾਂ ਦਾ) ਇਹ ਦੁਖਾਂਤ ਅਣਹੋਣਾ ਹੈ। ਜੁਲਾਹਿਆਂ ਦੀਆਂ ਹੱਡੀਆਂ ਭਾਰਤ ਦੇ ਮੈਦਾਨ ਵਿੱਚ ਖਾਣ ਬਣ ਕੇ ਪਲੀਆਂ ਹਨ।

ਇਸ ਦੁਖਾਂਤ ਦਾ ਦੂਜਾ ਪਹਿਲੂ ਇਹ ਸੀ ਕਿ ਭਾਰਤ ਵਿੱਚ ਪੁਰਾਣੀਆਂ ਪਰੰਪਰਾਗਤ ਸੰਨਤਾਂ ਦੀ ਬਰਬਾਦੀ ਤਾਂ ਹੋ ਰਹੀ ਸੀ ਪਰ ਨਵੀਆਂ ਮਸ਼ੀਨਾਂ ਦਾ ਜਨਮ ਨਹੀਂ ਸੀ ਹੋ ਰਿਹਾ ਇਸ ਦਾ ਇਕ ਨਤੀਜਾ ਇਹ ਸੀ ਕਿ ਭਾਰਤ ਦੇ ਲੋਕ ਮੁੜ-ਮੁੜ ਖੇਤੀ ਵੱਲ ਲੱਗ ਰਹੇ ਸਨ। ਇਸ ਤਰ੍ਹਾਂ ਖੇਤੀ ਉੱਪਰ ਨਿਰਭਰਤਾ ਹੋਰ ਵੱਧ ਗਈ ਅਤੇ ਇਹ ਪ੍ਰਕ੍ਰਿਆ 20ਵੀਂ ਸਦੀ ਵਿੱਚ ਜਾ ਰਹੀ ਹੈ। ਉਦਾਹਰਣ ਵਜੋਂ 1901 ਵਿੱਚ ਜਿੱਥੇ ਕੇਵਲ 63.7 ਭਾਰਤੀ ਖੇਤੀ ਉਪਰ ਨਿਰਭਰ ਸਨ ਉਥੇ 1941 ਵਿੱਚ 70 ਪ੍ਰਤੀਸ਼ਤ ਲੋਕ ਨਿਰਭਰ ਹੋ ਗਏ। ਇਸ ਦਾ ਅਰਥ ਸਾਫ਼ ਸੀ ਕਿ ਭਾਰਤ ਵਿੱਚ ਡੀ-ਇੰਡਸਟਰੀਲਾਈਜੇਸ਼ਨ ਹੋ ਰਹੀ ਹੈ ਭਾਵ ਦੇਸ਼ ਦਾ ਉਦਯੋਗੀਕਰਣ ਹੋਣ ਦੀ ਥਾਂ ਉਸ ਦੇ ਕਾਰਖਾਨੇ ਬਰਬਾਦ ਹੋ ਰਹੇ ਸਨ।

ਪਰ 19ਵੀਂ ਸਦੀ ਦੇ ਦੂਸਰੇ ਅੱਧ ਵਿੱਚ ਅੰਤਰਰਾਸ਼ਟਰੀ ਘਟਨਾਵਾਂ ਦੇ ਫਲਸਰੂਪ ਭਾਰਤ ਵਿੱਚ ਮਸ਼ੀਨੀ ਉਦਯੋਗੀਕਰਨ ਸ਼ੁਰੂ ਹੋਇਆ। ਕ੍ਰੀਮਿਆ ਦਾ ਯੁੱਧ ਤੇ ਅਮਰੀਕਨ ਘਰੋਗੀ (American Civil War) ਯੁੱਧ ਇਸ ਦੇ ਦੋ ਕਾਰਨ ਸਨ। 1850 ਦੇ ਦਹਾਕੇ ਵਿੱਚ ਕੱਪੜਾ ਉਦਯੋਗ ਪਟਸਨ ਤੇ ਕੋਲੇ ਦੀ ਖਾਨਾਂ ਦੀ ਸ਼ੁਰੂਆਤ ਹੋਈ। ਪਹਿਲੀ ਮਿਲ 1853 ਵਿੱਚ ਬੰਬਈ ਵਿੱਚ ਤੇ ਪਹਿਲੀ ਪਟਸਨ ਮਿਲ 1855 ਵਿੱਚ ਬੰਗਾਲ ਵਿੱਚ ਸ਼ੁਰੂ ਹੋਈ। 1879 ਵਿੱਚ 56 ਕੱਪੜਾ ਮਿਲਾਂ ਸਨ ਜਿਨ੍ਹਾਂ ਵਿੱਚ 43,000 ਲੋਕਾਂ ਨੂੰ ਰੁਜ਼ਗਾਰ ਮਿਲਿਆ ਹੋਇਆ ਸੀ। 1882 ਵਿੱਚ 20 ਪਟਸਨ ਮਿਲਾਂ ਸਨ ਜਿਨ੍ਹਾਂ ਵਿੱਚ ਲਗਭਗ 20 ਹਜ਼ਾਰ ਲੋਕ ਕੰਮ ਕਰਦੇ ਸਨ। 1905 ਵਿੱਚ ਕਪਾਹ ਮਿਲਾਂ ਦੀ ਗਿਣਤੀ 206 ਤੇ ਉਨ੍ਹਾਂ ਵਿੱਚ ਕੰਮ ਕਰਨ ਵਾਲਿਆਂ ਦੀ ਗਿਣਤੀ 1,15,000 ਕਾਮੇ ਕੰਮ ਤੇ ਲੱਗੇ ਹੋਏ ਸਨ।

19ਵੀਂ ਸਦੀ ਦੇ ਅਖੀਰ ਤੇ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਜਿਹੜੇ ਹੋਰ ਕਾਰਖਾਨੇ ਹੋਂਦ ਵਿੱਚ ਆਏ ਉਨ੍ਹਾਂ ਵਿੱਚ ਸ਼ਾਮਲ ਸਨ, ਕਪਾਹ, ਗੰਨਾ ਅਤੇ ਘਿਉ ਬਣਾਉਣ ਦੇ ਕਾਰਖਾਨੇ, ਚੌਲ, ਮਿਲ, ਚੱਕੀਆਂ, ਲੱਕੜ ਦੇ ਆਰੇ, ਚਮੜਾ ਰੰਗਣ ਦੇ ਕਾਰਖਾਨੇ, ਖੰਡ ਮਿਲਾਂ, ਕਾਗਜ਼ ਮਿਲਾਂ ਅਤੇ ਲੋਹਾ ਤੇ ਇਸਪਾਤ ਉਦਯੋਗ ਸਾਧਨ ਸਨ।

ਹੌਲੀ-ਹੌਲੀ ਵਿਦੇਸ਼ੀ ਪੂੰਜੀਪਤੀ ਭਾਰਤ ਵੱਲ ਖਿੱਚੇ ਗਏ। ਇਸ ਖਿੱਚ ਦਾ ਕਾਰਨ ਇਹ ਸੀ ਕਿ ਭਾਰਤ ਵਿੱਚ ਮਜ਼ ਦੂਰੀ ਸਸਤੀ ਸੀ, ਕੱਚਾ ਮਾਲ ਬਹੁਤ ਸਸਤਾ ਮਿਲ ਜਾਂਦਾ ਸੀ, ਭਾਰਤ ਦੀ ਵਿਸ਼ਾਲ ਜਨਸੰਖਿਆ ਤਿਆਰ ਮਾਲ ਨੂੰ ਖਰੀਦ ਲੈਂਦੀ ਸੀ। ਇਥੇ ਵੀ ਭਾਰਤ ਦੇ ਉਦਯੋਗ ਉਪਰ ਉਲਟਾ ਅਸਰ ਹੋਇਆ। ਵਿਦੇਸ਼ੀ ਪੂੰਜੀ ਨੇ ਭਾਰਤੀ ਪੂੰਜੀ ਨੂੰ ਦਬੋਚ ਲਿਆ ਅਤੇ ਕੇਵਲ ਕੱਪੜਾ ਉਦਯੋਗ ਤੇ ਖੰਡ ਮਿਲਾਂ ਹੀ ਭਾਰਤੀਆਂ ਦੇ ਹੱਥਾਂ ਵਿੱਚ ਰਹਿ ਗਈਆਂ।

ਭਾਰਤੀਆਂ ਕੋਲ ਜ਼ਿਆਦਾ ਪੂੰਜੀ ਨਹੀਂ ਸੀ। ਬੈਂਕਾਂ ਉਤੇ ਯੂਰਪੀਅਨਾਂ ਦਾ ਕੰਟਰੋਲ ਸੀ ਬੈਂਕ ਕਰਜ਼ੇ ਦਿੰਦੇ ਨਹੀਂ ਸਨ। ਦੂਸਰਾ ਅੰਗਰੇਜ਼ੀ ਸਰਕਾਰ ਯੂਰਪ ਤੋਂ ਮਸ਼ੀਨਰੀ ਤੇ ਇੰਜਨੀਅਰਿੰਗ ਸਾਧਨ ਤੋਂ ਮਸ਼ੀਨਾਂ ਦਾ ਗਿਆਨ (ਨਾ ਹਾਂਉ) ਭਾਰਤੀਆਂ ਤੱਕ ਪੁੱਜਣ ਵਿੱਚ ਅੜ੍ਹਚਣਾਂ ਪੈਦਾ ਕਰਦੇ ਸਨ। ਤੀਸਰਾ ਸਰਕਾਰ ਹਮੇਸ਼ਾਂ ਵਿਦੇਸ਼ੀ ਪੂੰਜੀ ਨੂੰ ਤਰਜੀਹ ਦਿੰਦੀ ਸੀ।

ਨਤੀਜੇ ਵਜੋਂ ਪਹਿਲੇ ਮਹਾਂਯੁੱਧ ਤੱਕ ਭਾਰਤ ਵਿੱਚ ਬੇਸ਼ੱਕ ਉਦਯੋਗ ਵੀ ਨਹੀਂ ਸਨ। ਇਸਪਾਤ, ਰਸਾਇਣ ਅਤੇ ਪੈਟਰੋਲੀਅਮ ਵਰਗੇ ਉਦਯੋਗ ਭਾਰਤ ਵਿੱਚ ਅਜੇ ਲੱਗੇ ਹੀ ਨਹੀਂ ਸਨ। ਹਾਂ ਨੀਲ, ਚਾਹ ਅਤੇ ਕਾਹਵੇ ਨਾਲ ਸੰਬੰਧਤ ਕੁੱਝ ਉਦਯੋਗ ਹੋਂਦ ਵਿੱਚ ਜ਼ਰੂਰ ਆਏ। ਪਰ ਇਹ ਤਿੰਨੇ ਹੀ ਉਦਯੋਗ ਅਸਾਮ, ਬੰਗਾਲ, ਦੱਖਣੀ ਭਾਰਤ ਤੇ ਹਿਮਾਚਲ ਵਿੱਚ (ਕਾਂਗੜੇ) ਸ਼ੁਰੂ ਕੀਤਾ ਗਿਆ। ਇਨ੍ਹਾਂ ਤਿੰਨਾਂ ਹੀ ਉਦਯੋਗਾਂ ਵਿਚਲਾ ਸਟਾਫ਼ ਵਿਦੇਸ਼ੀ ਸੀ ਅਤੇ ਇਹ ਸਟਾਫ਼ ਆਪਣੀ ਤਨਖਾਹ ਦੀ ਸ਼ਕਲ ਅਤੇ ਮੁਨਾਫੇ ਦੀ ਸ਼ਕਲ ਵਿੱਚ ਕਾਫ਼ੀ ਪੂੰਜੀ ਬਾਹਰ ਭੇਜਦਾ ਸੀ। ਇਨ੍ਹਾਂ ਉਦਯੋਗਾਂ ਵਿਚਲੇ ਭਾਰਤੀ ਕਾਮਿਆਂ ਨੂੰ ਬਹੁਤ ਘੱਟ ਉਜਰਤਾਂ ਦਿੱਤੀਆਂ ਜਾਂਦੀਆਂ ਸਨ।

ਕੁੱਲ ਮਿਲਾ ਕੇ ਭਾਰਤ ਦਾ ਉਦਯੋਗ ਬਹੁਤ ਪਛੜਿਆ ਹੋਇਆ ਸੀ। ਕੁੱਝ ਚਾਹ, ਪਟਸਨ, ਕਾਹਵੇ, ਖੰਡ ਤੇ ਸੀਮਿੰਟ ਦੇ ਕਾਰਖਾਨੇ ਜ਼ਰੂਰ ਸਨ। 1946 ਦੇ ਵਿਚ ਭਾਰਤੀ ਕਾਮਿਆਂ ਦਾ 40 ਪ੍ਰਤੀਸ਼ਤ ਕਪਾਹ ਤੇ ਪਟਸਨ ਦੀਆਂ ਮਿਲਾਂ ਵਿੱਚ ਕੰਮ ਕਰਦਾ ਸੀ। ਇਹ ਪਛੜਿਆਪਣ ਇਸ ਗੱਲੋਂ ਵੀ ਜ਼ਾਹਰ ਹੁੰਦਾ ਹੈ ਕਿ 1951 ਵਿੱਚ ਭਾਰਤ ਦੀ ਕੁੱਲ ਆਬਾਦੀ ਜੋ ਕਿ 35 ਕਰੋੜ 30 ਲੱਖ ਸੀ ਵਿਚੋਂ ਕੁੱਲ 23 ਲੱਖ ਲੋਕ ਹੀ ਉਦਯੋਗ ਉਪਰ ਨਿਰਭਰ ਕਰਦੇ ਸਨ। ਬਾਕੀ ਸਾਰੀ ਅਬਾਦੀ ਖੇਤੀ ਤੇ ਨਿਰਭਰ ਸੀ। ਇੱਕ ਹੋਰ ਅੰਦਾਜ਼ੇ ਅਨੁਸਾਰ 1901 ਤੋਂ ਲੈ ਕੇ 1951 ਤੱਕ ਸੰਨਤੀ ਪੈਦਾਵਾਰ ਵਿੱਚ ਲੱਗੇ ਲੋਕਾਂ ਦੀ ਗਿਣਤੀ ਵਾਸਤਵਿਕਤਾ ਵਿੱਚ ਘੱਟ ਗਈ ਸੀ।

ਡਾ. ਏ. ਆਰ. ਦੇਸਾਈ ਦੇ ਕਥਨ ਅਨੁਸਾਰ, "ਅੰਗਰੇਜ਼ਾਂ ਦੇ ਸ਼ਾਸਨ ਕਾਲ ਵਿੱਚ ਭਾਰਤ ਵਿੱਚ ਆਧੁਨਿਕ ਮਸ਼ੀਨਾਂ ਉਤੇ ਆਧਾਰਿਤ ਉਦਯੋਗਾਂ ਨੇ ਸਥਾਪਨਾ ਦੇ ਦੇਸ਼ ਦੀ ਰਾਸ਼ਟਰੀ ਅਰਥ ਵਿਵਸਥਾ ਦਾ ਸੰਗਠਨ ਕਰਨ ਵਿੱਚ ਮਹੱਤਵਪੂਰਨ ਭਾਗ ਲਿਆ। ਇਸ ਨੇ ਨਵੀਆਂ ਸਮਾਜਿਕ ਸ਼ਕਤੀਆਂ ਨੂੰ ਵੀ ਜਨਮ ਦਿੱਤਾ ਜਿਨ੍ਹਾਂ ਨੇ ਭਾਰਤੀ ਰਾਸ਼ਟਰਵਾਦ ਤੇ ਰਾਸ਼ਟਰੀ ਅੰਦੋਲਨ ਦੇ ਵਿਕਾਸ ਨੂੰ ਪ੍ਰੇਰਣਾ ਦਿੱਤੀ। ਸਮਾਜ ਵਿੱਚ ਦੋ ਨਵੀਆਂ ਸ਼੍ਰੇਣੀਆਂ ਦਾ ਜਨਮ ਹੋਇਆ, ਉਦਯੋਗਿਕ ਸਰਮਾਏਦਾਰ ਅਤੇ ਮਜ਼ਦੂਰ ਵਰਗ। ਮਜ਼ਦੂਰਾਂ ਨੇ ਕਈ ਤਸੀਹੇ ਸਹੇ ਆਪਣੀ ਦਸ਼ਾ ਨੂੰ ਸੁਧਾਰਨ ਲਈ ਫੈਕਟਰੀ ਐਕਟ ਆਦਿ ਪਾਸ ਕਰਵਾਏ। ਵੱਖ-ਵੱਖ ਉਦਯੋਗਾਂ ਅਤੇ ਆਵਾਜਾਈ ਤੇ ਸੰਚਾਰ ਸਾਧਨਾਂ ਦੇ ਵਿਕਾਸ ਨਾਲ ਸਾਰੇ ਦੇਸ਼ ਵਿੱਚ ਏਕਤਾ ਕਾਇਮ ਹੋ ਗਈ।

## ਵਿਦਿਆਰਥੀ ਦੇ ਅਭਿਆਸ ਲਈ ਛੋਟੇ ਪ੍ਰਸ਼ਨ :

1. ਸਥਾਈ ਬੰਦੋਬਸਤ ਤੋਂ ਤੁਹਾਡਾ ਕੀ ਭਾਵ ਹੈ? ਇਸਨੂੰ ਕਿੱਥੇ, ਕਦੋਂ ਤੇ ਕਿਸਨੇ ਲਾਗੂ ਕੀਤਾ?
2. 'ਕਾਰਨਵਾਲਿਸ ਕੋਡ' ਤੋਂ ਕੀ ਭਾਵ ਹੈ?
3. ਮਦਰਾਸ ਪ੍ਰੈਜ਼ੀਡੈਂਸੀ ਵਿੱਚ ਕਿਹੜਾ ਬੰਦੋਬਸਤ ਲਾਗੂ ਕੀਤਾ ਗਿਆ। ਇਸ ਵਿੱਚ ਮੁੱਖ ਭੂਮਿਕਾ ਕਿਸਨੇ ਨਿਭਾਈ?
4. ਉੱਤਰ-ਭਾਰਤ ਵਿੱਚ ਭੂ-ਬੰਦੋਬਸਤ ਦਾ ਪਿਤਾ ਕਿਸਨੂੰ ਕਿਹਾ ਜਾਂਦਾ ਹੈ?
5. ਉਦਯੋਗਿਕ ਵਿਸਥਾਰ ਦੇ ਪੇਂਡੂ ਹੱਥ ਦੱਸਤੀ ਉੱਪਰ ਪਏ ਅਸਰ ਬਾਰੇ ਵਿਸਥਾਰ ਪੂਰਵਕ ਨੋਟ ਲਿਖੋ?

## ਪਾਠ ਦੇ ਮੁੱਖ ਵਿਅਕਤੀ ਅਤੇ ਸ਼ਬਦ:

1. ਕਾਰਨਵਾਲਿਸ 2. ਜਾਨ ਸ਼ੋਰ 3. ਮੁਨਰੋ 4. ਆਰ.ਐਸ.ਬਰਡ 5. ਹੇਸਟਿੰਗਜ਼

6. ਸਥਾਈ ਬੰਦੋਬਸਤ 7. ਮਾਹਲਵਾੜੀ 8. ਰੱਯਤਵਾੜੀ

ਪਾਠ ਨੰ. : 2.2

# ਭਾਰਤੀ ਰਾਸ਼ਟਰੀ ਜਾਗ੍ਰਤੀ ਦੇ ਕਾਰਣ, ਭਾਰਤੀ ਰਾਸ਼ਟਰੀ ਕਾਂਗਰਸ ਦੀ ਸਥਾਪਨਾ

**ਪਾਠ ਦੀ ਬਣਤਰ –**

1. ਭਾਰਤੀ ਰਾਸ਼ਟਰੀ ਅੰਦੋਲਨ ਦਾ ਜਨਮ ਅਤੇ ਵਿਕਾਸ
   - 1.1 ਸਮਾਜਿਕ ਅਤੇ ਧਾਰਮਿਕ ਸੁਧਾਰ (i) ਬ੍ਰਹਮੋ ਸਮਾਜ, (ii) ਆਰੀਆ ਸਮਾਜ (iii) ਰਾਮ ਕ੍ਰਿਸ਼ਨ ਮਿਸ਼ਨ
   - 1.2 ਪੱਛਮੀ ਸਿੱਖਿਆ
   - 1.3 ਇਤਿਹਾਸਕ ਖੋਜਾਂ
   - 1.4 ਬਰਤਾਨੀਆ ਦੀ ਸ਼ੋਸ਼ਣ ਨੀਤੀ
   - 1.5 ਨਸਲੀ ਵਿਤਕਰੇ ਅਤੇ ਕੌਮੀ ਦੁਰਦਸ਼ਾ
   - 1.6 ਮੱਧ ਸ਼੍ਰੇਣੀ ਦੀ ਦੇਣ
   - 1.7 ਪ੍ਰੈਸ ਅਤੇ ਸਾਹਿਤ
   - 1.8 ਭਿਆਨਕ ਕਾਲ
   - 1.9 ਸੂਚਨਾ ਅਤੇ ਆਵਾਜਾਈ ਦੇ ਆਧੁਨਿਕ ਸਾਧਨ
   - 1.10 ਉੱਚੀਆਂ ਸਰਕਾਰੀ ਨੌਕਰੀਆਂ ਵਿੱਚ ਭਾਰਤੀਆਂ ਨਾਲ ਵਿਤਕਰਾ
2. ਸੰਗਠਿਤ ਪ੍ਰਗਟਾਵਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ
   - 2.1 ਭਾਰਤੀ ਰਾਸ਼ਟਰੀ ਕਾਂਗਰਸ ਦੀ ਸਥਾਪਨਾ
   - 2.2 ਕਾਂਗਰਸ ਦੇ ਮੰਤਵ
3. ਨਰਮ ਰਾਸ਼ਟਰਵਾਦ
   - 3.1 ਨਰਮ ਨੇਤਾਵਾਂ ਦੀ ਪ੍ਰਸਿੱਧੀ
   - 3.2 ਨਰਮ ਦਲੀਆਂ ਦਾ ਰਾਜਸੀ ਵਿਚਾਰ
   - 3.3 ਨਰਮ ਦਲ ਦੀਆਂ ਮੰਗਾਂ
   - 3.4 ਨਰਮ ਦਲ ਦੀ ਅੰਦੋਲਨ ਪ੍ਰਣਾਲੀ
   - 3.5 ਨਰਮ ਦਲ ਵਾਲਿਆਂ ਦਾ ਭਾਰਤ ਅਤੇ ਇੰਗਲੈਂਡ ਵਿਚ ਪ੍ਰਚਾਰ
   - 3.6 ਨਰਮ ਦਲ ਦੀਆਂ ਪ੍ਰਾਪਤੀਆਂ
   - 3.7 ਕਾਂਗਰਸ ਪ੍ਰਤੀ ਸਰਕਾਰ ਦਾ ਰੁੱਖ

**ਉਦੇਸ਼ –**

1) ਭਾਰਤ ਵਿਚ ਰਾਸ਼ਟਰੀ ਜਾਗ੍ਰਿਤੀ ਦੇ ਵਿਕਾਸ ਬਾਰੇ ਚਰਚਾ।
2) ਸਮਾਜਿਕ ਅਤੇ ਧਾਰਮਿਕ ਅੰਦੋਲਨਾਂ ਨਾਲ ਜਾਣ-ਪਛਾਣ।
3) ਅੰਗਰੇਜ਼ ਦੀਆਂ ਸ਼ੋਸ਼ਣ ਵਾਲੀਆਂ ਨੀਤੀਆਂ ਸੰਬੰਧੀ ਬਿਉਰਾ।
4) ਭਾਰਤੀ ਰਾਸ਼ਟਰੀ ਕਾਂਗਰਸ ਦੀ ਸਥਾਪਨਾ ਅਤੇ ਉਦੇਸ਼ਾਂ ਨਾਲ ਜਾਣ-ਪਛਾਣ।
5) ਨਰਮ ਦਲੀਆਂ ਅਤੇ ਭਾਰਤੀ ਰਾਸ਼ਟਰੀ ਲਹਿਰ ਵਿੱਚ ਪ੍ਰਾਪਤੀਆਂ ਅਤੇ ਰਾਸ਼ਟਰੀ ਅੰਦੋਲਨ ਵਿੱਚ ਯੋਗਦਾਨ।

19ਵੀਂ ਸਦੀ ਦੇ ਉੱਤਰ-ਅੱਧ ਭਾਰਤ ਵਿਖੇ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਖੇਤਰ ਵਿੱਚ ਚੋਖੀ ਜਾਗ੍ਰਤੀ ਆਈ। ਇਸ ਦੇ ਫਲਸਰੂਪ ਭਾਰਤ ਵਿੱਚ ਇੱਕ ਰਾਸ਼ਟਰੀ ਲਹਿਰ ਚਲ ਪਈ ਜੋ ਭਾਰਤੀ ਇਤਿਹਾਸ ਦਾ ਰੋਚਕ ਅਤੇ ਮਹੱਤਵਪੂਰਣ ਵਿਸ਼ਾ ਹੈ। ਭਾਵੇਂ ਇਸ ਲਹਿਰ ਦਾ ਖੇਤਰ ਬਹੁਤ ਵਿਸ਼ਾਲ ਸੀ ਅਤੇ ਆਪਣੇ ਸੁਭਾ ਅਨੁਸਾਰ ਵਿਭਿੰਨਤਾ ਵਾਲਾ ਸੀ ਪਰ ਇਹ ਪ੍ਰਮੁੱਖ ਰੂਪ ਵਿਚ 'ਭਾਰਤੀ ਰਾਸ਼ਟਰੀ ਕਾਂਗਰਸ' (Indian National Congress) ਦੀ ਅਗਵਾਈ ਹੇਠ ਚਲਾਈ ਗਈ। ਦੇਸ਼ ਦੀ ਆਜ਼ਾਦੀ ਦੀ ਅੰਤਿਮ ਮੰਜ਼ਲ ਵੇਖਣ ਤੋਂ ਪਤਾ ਇਸ ਅੰਦੋਲਨ ਨੂੰ ਅਨੇਕਾਂ ਪੜਾਵਾਂ ਵਿਚੋਂ ਲੰਘਣਾ ਪਿਆ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਪ੍ਰਕਾਰ ਹੈ।

## (1) ਭਾਰਤੀ ਰਾਸ਼ਟਰੀ ਅੰਦੋਲਨ ਦਾ ਜਨਮ ਅਤੇ ਵਿਕਾਸ

### (Birth and Growth or Causes of Indian National Movements)

ਭਾਰਤ ਦੀ ਕੌਮੀ ਲਹਿਰ ਨਾ ਤਾਂ ਕਿਸੇ ਵਿਸ਼ੇਸ਼ ਤੱਥਾਂ ਦੀ ਉਤੇਜਨਾ ਦਾ ਸਿੱਟਾ ਸੀ ਤੇ ਨਾ ਹੀ ਉਹ ਅਚਾਨਕ ਫੁੱਟ ਪਈ। ਇਹ ਅਸਲ ਵਿੱਚ ਉਹਨਾਂ ਕਈ ਅੰਦੋਲਨਾਂ ਅਤੇ ਸੁਧਾਰਾਂ ਦਾ ਨਤੀਜਾ ਸੀ ਜੋ 19ਵੀਂ ਸਦੀ ਦੇ ਪਹਿਲੇ ਪੰਜਾਹ ਸਾਲਾਂ ਵਿੱਚ ਭਾਰਤ ਦੀ ਰਾਸ਼ਟਰੀ ਲਹਿਰ ਦੇ ਵਿਕਾਸ ਦੇ ਕਾਰਨ ਅਨੇਕ ਅਤੇ ਬਹੁਤ ਕਿਸਮ ਦੇ ਸਨ। ਇਹਨਾਂ ਦਾ ਵਿਸ਼ਲੇਸ਼ਣ ਇਸ ਪ੍ਰਕਾਰ ਕੀਤਾ ਜਾ ਸਕਦਾ ਹੈ :-

### 1.1 ਸਮਾਜਿਕ ਅਤੇ ਧਾਰਮਿਕ ਸੁਧਾਰ (Social and Religious Reforms)

19ਵੀਂ ਸਦੀ ਮਹਾਨ ਸਮਾਜਿਕ ਅਤੇ ਧਾਰਮਿਕ ਸੁਧਾਰਾਂ ਦਾ ਸਮਾਂ ਸੀ, ਜਿਸ ਵਿੱਚ ਕਈ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਦੀ ਨੀਂਹ ਰੱਖੀ ਗਈ ਜਿਵੇਂ ਬ੍ਰਹਮੋ ਸਮਾਜ, ਆਰੀਆ ਸਮਾਜ, ਰਾਮ ਕ੍ਰਿਸ਼ਨ ਮਿਸ਼ਨ ਆਦਿ। ਇਨ੍ਹਾਂ ਸੰਸਥਾਵਾਂ ਤੇ ਸੰਗਠਨਾਂ ਦੇ ਨੇਤਾ ਦੂਰ ਦ੍ਰਿਸ਼ਟੀ ਚਰਿੱਤਰ ਵਾਲੇ ਸਨ। ਉਹਨਾਂ ਨੇ ਠੀਕ ਹੀ ਸੋਚਿਆ ਕਿ ਸਮਾਜਿਕ ਅਤੇ ਧਾਰਮਿਕ ਸੁਧਾਰਾਂ ਤੋਂ ਬਿਨਾਂ ਰਾਜਨੀਤਿਕ ਜਾਗ੍ਰਤੀ ਅਸੰਭਵ ਹੈ, ਜਿਸ ਕਰਕੇ ਉਨ੍ਹਾਂ ਨੇ ਆਪਣੇ ਸਮੇਂ ਦੇ ਸਮਾਜਿਕ ਅਤੇ ਧਾਰਮਿਕ ਬੁਰਾਈਆਂ ਵਿਰੁੱਧ ਅੰਦੋਲਨ ਚਲਾਇਆ। ਇਸ ਪ੍ਰਕਾਰ ਉਨ੍ਹਾਂ ਨੇ ਰਾਸ਼ਟਰੀ ਲਹਿਰ ਦੇ ਨਿਕਾਸ ਤੇ ਵਿਕਾਸ ਲਈ ਭੂਮਿਕਾ ਤਿਆਰ ਕੀਤੀ।

### (i) ਬ੍ਰਹਮੋ ਸਮਾਜ

ਬ੍ਰਹਮੋ ਸਮਾਜ ਦੇ ਮੋਢੀ ਰਾਜਾ ਰਾਮ ਮੋਹਨ ਰਾਇ ਉਨ੍ਹਾਂ ਸੁਧਾਰਕਾਂ ਵਿਚੋਂ ਪਹਿਲੇ ਨੇਤਾ ਸਨ। ਉਨ੍ਹਾਂ ਨੇ ਸਮਾਜਿਕ ਅਤੇ ਧਾਰਮਿਕ ਪੁਨਰ-ਨਿਰਮਾਣ ਦਾ ਮੰਤਵ 'ਸਰਬਤ ਨਾਲ ਭਾਈਚਾਰਾ' ਸੀ। ਉਨ੍ਹਾਂ ਨੇ ਬੜੇ ਜ਼ੋਰ ਨਾਲ ਮੂਰਤੀ ਪੂਜਾ, ਜਾਤ-ਪਾਤ, ਬਾਲ-ਵਿਆਹ ਅਤੇ ਛੂਤ-ਛਾਤ ਦੀ ਨਿਖੇਧੀ ਕੀਤੀ। ਉਨ੍ਹਾਂ ਨੇ ਇਸਤਰੀ ਸਿਖਿਆ ਅਤੇ ਉਨ੍ਹਾਂ ਦੇ ਸੰਪਤੀ ਅਧਿਕਾਰ ਦੀ ਵੀ ਪੁਸ਼ਟੀ ਕੀਤੀ। ਉਨ੍ਹਾਂ ਦੀ ਸਤੀ ਪ੍ਰਥਾ ਦੀ ਵਿਰੋਧਤਾ ਸਾਡੇ ਸਮਾਜ ਨੂੰ ਉਨ੍ਹਾਂ ਦੀ ਸਭ ਤੋਂ ਵੱਡੀ ਦੇਣ ਸੀ। ਭਾਰਤੀ ਲੋਕਾਂ ਦੇ ਰਾਜਨੀਤਿਕ ਹਿੱਤਾਂ ਅਤੇ ਅਧਿਕਾਰਾਂ ਲਈ ਉਨ੍ਹਾਂ ਨੇ ਸੰਘਰਸ਼ ਕੀਤਾ ਉਨ੍ਹਾਂ ਨੂੰ ਜਥੇਬੰਦ ਅੰਦੋਲਨ ਦਾ ਰਾਹ ਵਿਖਾਇਆ। ਹਿੰਦੂ ਧਰਮ ਅਤੇ ਸਮਾਜ ਦੇ ਖੇਤਰ ਵਿੱਚ ਉਨ੍ਹਾਂ ਦੀਆਂ ਅਨੇਕ-ਅਨੇਕ

ਭਾਂਤ ਦੀਆਂ ਸੇਵਾਵਾਂ ਦੇ ਕਾਰਨ ਉਹ ਬੇਕਨ (Bacon) ਅਤੇ ਲੂਥਰ (Luther) ਦੀ ਪਦਵੀ ਦੇ ਯੋਗ ਹਨ। ਭਾਰਤੀ ਰਾਸ਼ਟਰਵਾਦ ਦੇ ਆਦਿ ਗੁਰੂ ਦੇ ਰੂਪ ਵਿੱਚ ਉਨ੍ਹਾਂ ਦਾ ਸਨਮਾਨ ਕੀਤਾ ਜਾਂਦਾ ਹੈ।

### (ii) ਆਰੀਆ ਸਮਾਜ

ਇਸੇ ਪ੍ਰਕਾਰ ਆਰੀਆ ਸਮਾਜ ਦੇ ਮੋਢੀ ਸੁਆਮੀ ਦਇਆ ਨੰਦ ਸਰਸਵਤੀ ਵੀ 19ਵੀਂ ਸਦੀ ਦੇ ਇੱਕ ਮਹਾਨ ਸੁਧਾਰਕ ਸਨ। ਉਨ੍ਹਾਂ ਨੇ ਨਾ ਕੇਵਲ ਸਮਾਜਿਕ ਕੁਰੀਤੀਆਂ ਤੇ ਜ਼ੁਲਮਾਂ ਵਿਰੁਧ ਸੰਘਰਸ਼ ਕੀਤਾ ਸਗੋਂ ਜਾਗਰਤੀ ਲਿਆਉਣ ਵਿੱਚ ਵੀ ਸਾਰੀ ਸੇਵਾ ਕੀਤੀ। ਉਨ੍ਹਾਂ ਦੇ ਨਾਅਰੇ 'ਭਾਰਤ ਭਾਰਤੀਆਂ ਦਾ ਹੈ' ਅਤੇ 'ਮੁੜ ਵੇਦਾਂ ਵਲ ਚਲੋ' ਨਵੀਂ ਆਸ਼ਾ ਦਾ ਸੰਚਾਰ ਕਰ ਗਏ। ਇਸ ਕਾਰਨ ਕਮਜ਼ੋਰ ਕੌਮ ਵਿੱਚ ਵੀ ਦੇਸ਼ ਭਗਤੀ ਅਤੇ ਆਪਣੀ ਸੰਸਕ੍ਰਿਤੀ ਨਾਲ ਪਿਆਰ ਦੇ ਵਿਚਾਰ ਪੈਦਾ ਹੋਏ। ਇਸੇ ਤਰ੍ਹਾਂ ਲੋਕਮਨਿਆ ਤਿਲਕ ਨੇ ਕਿਹਾ ਸੀ ਕਿ "ਸਵਰਾਜ ਮੇਰਾ ਜਮਾਂਦਰੂ ਹੱਕ ਹੈ ਅਤੇ ਉਸ ਨੂੰ ਲੈ ਕੇ ਛਡਾਂਗਾ।" ਅਜਿਹੇ ਵਿਚਾਰਾਂ ਨੇ ਭਾਰਤੀਆਂ ਨੂੰ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢਣ ਲਈ ਅੰਦੋਲਨ ਵੱਲ ਪ੍ਰੇਰਿਤ ਕੀਤਾ।

### (iii) ਰਾਮ ਕ੍ਰਿਸ਼ਨ ਮਿਸ਼ਨ

ਰਾਮ ਕ੍ਰਿਸ਼ਨ ਮਿਸ਼ਨ ਅਤੇ ਥਿਉਸਾਫੀਕਲ ਸੁਸਾਇਟੀ ਦਾ ਕੰਮ ਵੀ ਮਹੱਤਵਪੂਰਨ ਸੀ। ਸ੍ਰੀ ਰਾਮ ਕ੍ਰਿਸ਼ਨ ਦੇ ਉਘੇ ਚੇਲੇ ਵਿਵੇਕਾਨੰਦ ਨੇ ਹਿੰਦੂ ਧਰਮ ਲਈ ਵਿਸ਼ਵ ਵਿਆਪੀ ਸਨਮਾਨ ਤੇ ਆਦਰ ਭਾਵ ਪੈਦਾ ਕਰਕੇ ਆਪਣੇ ਦੇਸ਼ ਵਾਸੀਆਂ ਨੂੰ ਆਪਣੇ ਵਿਰਸੇ ਪ੍ਰਤੀ ਮਾਣ ਕਰਨਾ ਸਿਖਾਇਆ। ਇਸ ਪ੍ਰਕਾਰ 19ਵੀਂ ਸਦੀ ਦੇ ਧਾਰਮਿਕ ਤੇ ਸਮਾਜਿਕ ਸੁਧਾਰਕਾਂ ਨੇ ਕੁਰੀਤੀਆਂ ਨੂੰ ਹਿੰਦੂ ਮਤ ਤੋਂ ਕੱਢਣ ਦਾ ਉੱਦਮ ਕੀਤਾ ਅਤੇ ਭਾਰਤ ਵਾਸੀਆਂ ਦਾ ਮਨ ਆਪਣੀ ਮਾਤ-ਭੂਮੀ ਅਤੇ ਸੰਸਕ੍ਰਿਤੀ ਪ੍ਰਤੀ ਪਿਆਰ ਜਗਾਇਆ, ਜਿਸ ਦੇ ਸਦਕੇ ਭਾਰਤ ਦੀ ਕੌਮੀ ਲਹਿਰ ਦੇ ਵਿਕਾਸ ਨੂੰ ਪ੍ਰੇਰਣਾ ਮਿਲੀ।

## 1.2 ਪੱਛਮੀ ਸਿੱਖਿਆ (Western Education)

ਅੰਗਰੇਜ਼ਾਂ ਰਾਹੀਂ ਪੱਛਮੀ ਸਿਖਿਆ ਦੇ ਪ੍ਰਸਾਰ ਨੇ ਭਾਰਤੀਆਂ ਦੇ ਮਨਾਂ ਉਪਰ ਬੜਾ ਪ੍ਰਭਾਵ ਪਾਇਆ। ਵਰਡਜ਼ਵਰਥ (Wordsworth), ਬਾਇਰਨ (Byron) ਅਤੇ ਸੈਲੇ (Shelly) ਦੀਆਂ ਰਚਨਾਵਾਂ ਨੇ ਦੇਸ਼ ਭਗਤੀ ਨੂੰ ਭੜਕਾਇਆ। ਸਮਾਨਤਾ, ਸੁਤੰਤਰਤਾ ਅਤੇ ਭਾਈਚਾਰੇ ਦੇ ਨਾਅਰਿਆਂ ਨੇ ਉਨ੍ਹਾਂ ਨੂੰ ਆਜ਼ਾਦੀ ਦਾ ਸੰਦੇਸ਼ ਰਾਸ਼ਟਰੀ ਆਤਮ-ਵਿਸ਼ਵਾਸ ਦਾ ਸੁਨੇਹਾ ਦਿੱਤਾ। ਪੱਛਮੀ ਰਾਜਨੀਤਿਕ ਵਿਚਾਰਧਾਰਾ ਅਤੇ ਪੱਛਮੀ ਫਲਸਫਾ ਦੀ ਸਿੱਖਿਆ ਉਚੇਰੇ ਵਰਗ ਦੇ ਚਿੰਤਨ ਤੇ ਲਾਕ (Locke), ਸਪੈਂਸਰ (Spencer), ਮਿਲ (Mill), ਮੈਕਾਲੇ (Macaulay) ਅਤੇ ਬਰਕ (Burk) ਨੇ ਵਿਸ਼ੇਸ਼ ਪ੍ਰਭਾਵ ਪਾਇਆ। ਅੰਗਰੇਜ਼ੀ ਭਾਸ਼ਾ ਨੇ ਭਾਰਤੀਆਂ ਨੂੰ ਨਵੇਂ ਸੰਸਾਰ ਅਤੇ ਯੂਰਪ ਦੇ ਇਤਿਹਾਸ ਨੂੰ ਜਾਣਨ ਦਾ ਅਵਸਰ ਵੀ ਦਿੱਤਾ। ਭਾਰਤੀਆਂ ਨੂੰ ਫਰਾਂਸ ਦੀ ਕ੍ਰਾਂਤੀ (French Revolution) ਅਤੇ ਅਮਰੀਕਾ ਦੀ ਕ੍ਰਾਂਤੀ (American Revolution) ਆਦਿ ਮਹਾਨ ਵਿਸ਼ਵ ਘਟਨਾਵਾਂ ਬਾਰੇ ਪੜ੍ਹ ਕੇ ਸੁਤੰਤਰਤਾ ਦੇ ਸੰਘਰਸ਼ ਲਈ ਪ੍ਰੇਰਣਾ ਮਿਲੀ। ਅੰਗਰੇਜ਼ੀ ਭਾਸ਼ਾ ਨੇ ਇੱਕ ਸਦੀ ਤੋਂ ਵਧੇਰੇ ਕਾਲ ਤੱਕ ਭਾਰਤ ਦੇ ਵੱਖ-ਵੱਖ ਭਾਸ਼ਾਵਾਂ ਵਾਲੇ ਸੂਬਿਆਂ ਲਈ ਸੰਪਰਕ ਭਾਸ਼ਾ ਦਾ ਕੰਮ ਦਿੱਤਾ। ਇਸ ਰਾਹੀਂ ਭਾਰਤੀਆਂ ਨੂੰ ਵਿਚਾਰ ਵਟਾਂਦਰੇ ਅਤੇ ਸੰਗਠਿਤ ਉਪਰਾਲਿਆਂ ਵਿੱਚ ਸਹਾਇਤਾ ਪ੍ਰਾਪਤ ਹੋਈ। ਇਸ ਤਰ੍ਹਾਂ ਅੰਗਰੇਜ਼ੀ ਸਿੱਖਿਆ ਨੇ ਅਨੇਕ ਤਰ੍ਹਾਂ ਭਾਰਤੀ ਰਾਸ਼ਟਰਵਾਦ ਦੇ ਵਿਕਾਸ ਵਿੱਚ ਹਲੂਣੇ ਦਿੱਤੇ ਅਤੇ ਭਾਰਤੀਆਂ ਨੂੰ ਆਸ਼ਾਵਾਦੀ ਅਤੇ ਪ੍ਰਗਤੀਵਾਦੀ ਬਣਾਇਆ। ਪੱਛਮੀ ਵਿਚਾਰਧਾਰਾ ਦੇ ਨਾਲ ਹੀ ਭਾਰਤੀਆਂ ਦਾ ਦ੍ਰਿਸ਼ਟੀਕੋਣ ਵਿਸ਼ਾਲ ਹੋਇਆ। ਉਨ੍ਹਾਂ ਦੀ ਤੰਗਦਿਲੀ ਦਾ ਅੰਤ ਹੋਇਆ। ਹੁਣ ਉਹ ਪੂਰੇ ਰਾਸ਼ਟਰਵਾਦ ਬਾਰੇ ਸੋਚਣ ਲੱਗੇ।

## 1.3 ਇਤਿਹਾਸਕ ਖੋਜਾਂ (Historical Researches)

19ਵੀਂ ਸਦੀ ਵਿੱਚ ਭਾਰਤ ਦੇ ਅਤੀਤ ਬਾਰੇ ਦਿਲਚਸਪੀ ਫਿਰ ਵੱਧ ਗਈ। ਕਈ ਯੂਰਪੀ ਵਿਦਵਾਨਾਂ, ਜਿਵੇਂ ਸਰ ਵਿਲੀਅਮ ਜੋਨਜ਼ (Sir William Jones), ਐਚ.ਐਚ. ਵਿਲਸਨ (H.H. Wilson), ਜੈਕੋਬੀ (Jacobi),

ਆਦਿ ਨੇ ਇਤਿਹਾਸਕ ਖੋਜਾਂ ਕਰਕੇ ਭਾਰਤ ਵਾਸੀਆਂ ਨੂੰ ਪ੍ਰਾਚੀਨ ਭਾਰਤ ਦੀ ਮਹਾਨਤਾ ਤੇ ਸੋਭਾ ਦਾ ਵਿਸ਼ਾਲ ਚਿਤਰ ਵਿਖਾਇਆ, ਜਿਸ ਨਾਲ ਸਾਰੇ ਹੈਰਾਨ ਹੋ ਗਏ। ਉਨ੍ਹਾਂ ਦੀਆਂ ਇਤਿਹਾਸਕ ਖੋਜਾਂ ਨੇ ਭਾਰਤੀਆਂ ਵਿੱਚ ਗੌਰਵ ਦਾ ਨਵਾਂ ਭਾਵ ਪੈਦਾ ਕੀਤਾ, ਜਿਸ ਕਾਰਣ ਭਾਰਤ ਦਾ ਉਜਵਲ ਕਲਪਨਾ ਚਿੱਤਰ ਸਾਹਮਣੇ ਆਇਆ। ਇਸ ਦੇ ਨਤੀਜੇ ਵਜੋਂ ਉਨ੍ਹਾਂ ਵਿੱਚ ਰਾਸ਼ਟਰਵਾਦ ਅਤੇ ਦੇਸ਼ ਭਗਤੀ ਦੀ ਭਾਵਨਾ ਦਾ ਸੰਚਾਰ ਹੋਇਆ।

## 1.4 ਬਰਤਾਨੀਆਂ ਦੀ ਸੋਸ਼ਣ ਨੀਤੀ (British Policy of Exploitation)

ਭਾਰਤ ਦੇ ਬਰਤਾਨਵੀ ਹਾਕਮ ਬਹੁਤ ਸੁਆਰਥੀ ਸਨ। ਉਨ੍ਹਾਂ ਦਾ ਧਿਆਨ ਸਦਾ ਬਰਤਾਨਵੀ ਉਦਯੋਗ ਅਤੇ ਵਿਉਪਾਰ ਦੇ ਹਿੱਤਾਂ ਦੀ ਰੱਖਿਆ ਲਈ ਰੁਝਿਆ ਰਹਿੰਦਾ ਸੀ। ਉਹ ਸੋਸ਼ਣ ਕਰਨ ਤੋਂ ਕਦੇ ਵੀ ਰੁਕਦੇ ਨਹੀਂ ਸਨ। ਇਸ ਤਰ੍ਹਾਂ ਉਹ ਭਾਰਤ ਦੇ ਭੰਡਾਰ ਆਸਾਨੀ ਨਾਲ ਲੁੱਟ ਕੇ ਇੰਗਲੈਂਡ ਲੈ ਜਾ ਰਹੇ ਹਨ। ਉਨ੍ਹਾਂ ਨੇ ਭਾਰਤ ਨੂੰ ਕੱਚੇ ਮਾਲ ਦਾ ਸੋਮਾ ਅਤੇ ਬਰਤਾਨੀਆ ਦੇ ਮਾਲ ਦੀ ਮੰਡੀ ਬਣਾਇਆ ਸੀ ਕਈ ਅਕਾਰਨ ਪ੍ਰਤਿਬੰਧ ਤੇ ਰੁਕਾਵਟਾਂ ਲਾ ਕੇ ਭਾਰਤ ਦਾ ਉਦਯੋਗ ਤਬਾਹ ਕੀਤਾ ਗਿਆ ਅਤੇ ਉਸ ਦੇ ਵਪਾਰ ਨੂੰ ਆਵਾਜਾਈ ਆਦਿ ਦੇ ਨੇਮਾਂ ਦੀ ਮਾਰ ਨਾਲ ਕਮਜ਼ੋਰ ਕੀਤਾ ਗਿਆ। ਇਸ ਤਰ੍ਹਾਂ ਦੀ ਬਰਤਾਨਵੀ ਨੀਤੀ ਦੇ ਕਾਰਨ ਭਾਰਤ ਹੋਰ ਵੀ ਕੰਗਾਲ ਹੁੰਦਾ ਗਿਆ। ਉਸ ਦੀ 75 ਪ੍ਰਤੀਸ਼ਤ ਆਬਾਦੀ ਨੂੰ ਦੋ ਵੇਲੇ ਰੋਟੀ ਵੀ ਨਸੀਬ ਨਹੀਂ ਸੀ ਹੁੰਦੀ। ਪੜ੍ਹੇ ਲਿਖੇ ਭਾਰਤੀਆਂ ਲਈ ਨੌਕਰੀਆਂ ਦੇ ਦਰਵਾਜ਼ੇ ਵੀ ਬੰਦ ਰਹਿੰਦੇ ਸਨ। ਇਸ ਆਰਥਿਕ ਕਸ਼ਟ ਨੇ ਜਨਤਾ ਵਿੱਚ ਅਸੰਤੋਸ਼ ਉਤਪੰਨ ਕਰ ਦਿੱਤਾ, ਜੋ ਬਹੁਤ ਹੱਦ ਤੱਕ ਕੌਮੀ ਜਾਗਰਤੀ ਦਾ ਕਾਰਨ ਬਣਿਆ। ਕਿਉਂਕਿ ਭਾਰਤੀ ਕਾਫ਼ੀ ਹੱਦ ਤੱਕ ਆਪਣੀ ਗ਼ਰੀਬੀ ਲਈ ਅੰਗਰੇਜ਼ ਸਰਕਾਰ ਨੂੰ ਜ਼ੁੰਮੇਵਾਰ ਠਹਿਰਾਉਂਦੇ ਸਨ।

## 1.5 ਨਸਲੀ ਵਿਤਕਰੇ ਅਤੇ ਕੌਮੀ ਦੁਰਦਸ਼ਾ (Racial Discrimination and National Distress)

1857 ਈ. ਦੇ ਗਦਰ ਤੋਂ ਬਾਅਦ ਦੇ ਕਾਲ ਵਿੱਚ ਨਸਲੀ ਵਿਤਕਰਿਆਂ ਵਾਲੀ ਬਰਤਾਨਵੀ ਨੀਤੀ ਤੇਜ਼ ਹੋ ਗਈ ਸੀ। ਲਾਰਡ ਲਿਟਨ ਜੋ 1871 ਈ. ਤੋਂ 1880 ਈ. ਤੱਕ ਭਾਰਤ ਦਾ ਵਾਇਸਰਾਏ ਰਿਹਾ, ਨੇ ਕਈ ਵਿਤਕਰਿਆਂ ਵਾਲੇ ਕੰਮ ਕੀਤੇ, ਜਿਵੇਂ ਦੇਸੀ ਭਾਸ਼ਾਵਾਂ ਦਾ ਪ੍ਰੈਸ ਐਕਟ (Vernacular Press Act) ਭਾਰਤੀ ਹਥਿਆਰ ਕਾਨੂੰਨ (Indian Arms Act) ਜਿਨ੍ਹਾਂ ਨੇ ਰੋਸ ਦਾ ਤੂਫ਼ਾਨ ਖੜ੍ਹਾ ਕਰ ਦਿੱਤਾ। ਇਹ ਹਾਲਤ ਹੋਰ ਵੀ ਖ਼ਰਾਬ ਹੋ ਗਏ ਜਦੋਂ ਯੂਰਪੀਨਾਂ ਨੇ ਭਾਰਤ ਵਿੱਚ 1818 ਦਾ ਵਰਨੈਕੁਲਰ ਐਕਟ ਤੇ 1873 ਈ. ਦੇ ਇਲਬਰਟ ਬਿਲ (Illbert Bill) ਦਾ ਵਿਰੋਧ ਕੀਤਾ। ਲਾਰਡ ਰਿਪਨ (Lord Ripon) ਦੀ ਸਰਕਾਰ ਨੇ ਬਿਲ ਰਾਹੀਂ ਭਾਰਤੀ ਮਜਿਸਟਰੇਟਾਂ ਨੂੰ ਕੁੱਝ ਅਖ਼ਤਿਆਰ ਦਿੱਤੇ ਸਨ। ਜਿਵੇਂ ਉਹ ਯੂਰਪੀਅਨ ਤੇ ਬਰਤਾਨਵੀ ਪਰਜਾ ਦੇ ਵਿਰੁੱਧ ਕਾਨੂੰਨੀ ਕਾਰਵਾਈ ਕਰ ਸਕਦੇ ਸਨ ਪਰ ਯੂਰਪੀਅਨਾਂ ਅਤੇ ਐਂਗਲੋ-ਇੰਡੀਅਨਾਂ ਨੇ ਇਸ ਦਾ ਸਖਤ ਵਿਰੋਧ ਕੀਤਾ, ਪਰ ਜਿਨ੍ਹਾਂ ਅਭਿਆਈ ਯੂਰਪੀਨਾਂ ਨੇ ਭਾਰਤੀ ਜੱਜਾਂ ਨੂੰ ਅਬਨੂਸੀ ਰੰਗ ਦੇ ਬਾਬੂ ਆਖਿਆ ਸੀ ਉਹਨਾਂ ਬਾਰੇ ਭਾਰਤੀਆਂ ਨੇ ਤੇਜ਼ ਪ੍ਰਤਿਕ੍ਰਿਆ ਦਿਖਾਈ। ਕਲਕੱਤੇ ਦੇ ਟਾਊਨ ਹਾਲ ਵਿੱਚ ਸ੍ਰੀ ਲਾਲ ਮੋਹਨ ਬੋਸ ਨੇ ਗੋਰੇ ਅਫ਼ਸਰਾਂ ਵਿਰੁੱਧ ਨਿਰਾਦਰੀ ਦੇ ਨਾਅਰੇ ਲਾਏ। ਇਸ ਕੌਮੀ ਅੰਦੋਲਨ ਨੇ ਕੌਮੀ ਆਤਮ-ਸਨਮਾਨ ਤੇ ਅਣਖ ਦੇ ਪ੍ਰਭਾਵ ਪ੍ਰਬਲ ਕੀਤੇ ਅਤੇ ਭਾਰਤੀ ਏਕਤਾ ਦੇ ਹਿੱਤਾਂ ਨੂੰ ਮਹੱਤਤਾ ਦਿੱਤੀ।

## 1.6 ਮੱਧ-ਸ਼ਰੇਣੀ ਦੀ ਦੇਣ (Contribution of Middle Class)

ਭਾਰਤ ਵਿੱਚ ਬਰਤਾਨਵੀ ਸ਼ਾਸਨ ਦੇ ਕਾਰਨ ਇੱਕ ਨਵੀਂ ਮੱਧ-ਸ਼ਰੇਣੀ ਹੋਂਦ ਵਿੱਚ ਆਈ। ਇਸ ਸ਼ਰੇਣੀ ਵਿੱਚ ਸਰਕਾਰੀ ਅਫ਼ਸਰ, ਅਧਿਆਪਕ, ਵਕੀਲ, ਡਾਕਟਰ ਅਤੇ ਜ਼ਿਮੀਦਾਰਾਂ ਤੇ ਵਪਾਰੀਆਂ ਦੇ ਕੁੱਝ ਭਾਗ ਸੰਮਿਲਿਤ ਸਨ। ਇਨ੍ਹਾਂ ਲੋਕਾਂ ਨੇ ਨਾ ਕੇਵਲ ਪੱਛਮੀ ਸਿੱਖਿਆ ਪ੍ਰਾਪਤ ਕੀਤੀ ਸਗੋਂ ਸਮਾਜ ਦੀ ਅਗਵਾਈ ਵੀ ਕੀਤੀ। ਇਨ੍ਹਾਂ ਨੇ ਰਾਸ਼ਟਰੀ ਅੰਦੋਲਨ ਦੀ ਅਗਵਾਈ ਕੀਤੀ ਅਤੇ ਰਾਸ਼ਟਰਵਾਦ ਲਈ ਮਹਾਨ ਸੇਵਾ ਨਿਭਾਈ। ਇਸ ਗੱਲ ਦੀ ਪੁਸ਼ਟੀ ਇਸ ਤੱਥ ਤੋਂ ਹੋ ਜਾਂਦੀ ਹੈ ਕਿ ਕਾਂਗਰਸ ਦੇ ਪਹਿਲੇ ਪ੍ਰਧਾਨਾਂ ਵਿੱਚ ਗਿਆਰਾਂ ਵਕੀਲ ਸਨ ਜੋ ਮੱਧ ਸ਼ਰੇਣੀ ਦੀ ਦੇਣ ਸੀ।

## 1.7 ਪ੍ਰੈਸ ਅਤੇ ਸਾਹਿਤ (Press and Literature)

ਭਾਰਤ ਦੀ ਰਾਸ਼ਟਰੀ ਲਹਿਰ ਦੇ ਵਿਕਾਸ ਵਿੱਚ ਭਾਰਤੀ ਪ੍ਰੈਸ ਅਤੇ ਸਾਹਿਤ ਨੇ ਵੀ ਬੜੀ ਮਦਦ ਕੀਤੀ। ਪ੍ਰਸਿੱਧ ਰੋਜ਼ਾਨਾ ਅਖ਼ਬਾਰਾਂ ਜਿਵੇਂ ਅੰਮ੍ਰਿਤ-ਬਜ਼ਾਰ ਪੱਤ੍ਰਿਕਾ, ਇੰਡੀਅਨ ਮਿਰਚ, ਦੀ ਹਿੰਦ ਦੀ ਕੇਸਰੀ ਨੇ ਸਦਾ ਹੀ ਭਾਰਤੀ ਹਿੱਤਾਂ ਦੀ ਤਰਫਦਾਰੀ ਕੀਤੀ। ਉਨ੍ਹਾਂ ਨੇ ਨਾ ਕੇਵਲ ਬਰਤਾਨਵੀ ਸਾਸ਼ਨ ਦੀਆਂ ਬੁਰਾਈਆਂ ਉਘਾੜ ਕੇ ਦੱਸੀਆਂ ਸਗੋਂ ਰਾਸ਼ਟਰੀ ਏਕਤਾ ਲਈ ਲੋਕਾਂ ਨੂੰ ਪ੍ਰੇਰਿਆ। ਉਨ੍ਹਾਂ ਵਿਚੋਂ ਕਈ ਤਾਂ ਧੜੱਲੇ ਨਾਲ ਲਿਖਦੇ ਸਨ। ਇਨ੍ਹਾਂ ਰਾਹੀਂ ਭਾਰਤੀਆਂ ਵਿੱਚ ਸਨਮਾਨ ਤੇ ਆਤਮ ਵਿਸ਼ਵਾਸ ਦੇ ਭਾਵ ਤੇਜ਼ੀ ਨਾਲ ਉਤਪੰਨ ਹੋਏ।

ਪ੍ਰੈਸ ਦੇ ਇਨ੍ਹਾਂ ਯਤਨਾਂ ਵਜੋਂ ਰਾਸ਼ਟਰਵਾਦ ਦੀ ਨਵੀਂ ਭਾਵਨਾ ਗਿਣੇ ਮਿਥੇ ਬੰਦਿਆਂ ਵਿੱਚ ਹੀ ਸੀਮਤ ਨਾ ਰਹੀ, ਸਗੋਂ ਦੇਸ਼ ਵਿੱਚ ਸਭ ਥਾਈ ਫੈਲ ਗਈ। ਬੈਕਿੰਮ ਚੰਦਰ ਚੈਟਰਜੀ (ਰਾਸ਼ਟਰੀ ਗੀਤ ਬੰਦੇ ਮਾਤਰਮ ਦੇ ਰਚਨਹਾਰੇ), ਰਵਿੰਦਰ ਨਾਥ ਟੈਗੋਰ ਅਤੇ ਕੇਸ਼ਵ ਚੰਦਰ ਸੇਨ ਵਰਗੇ ਸਾਹਿਤਕਾਰਾਂ ਦੀਆਂ ਰਚਨਾਵਾਂ ਨੇ ਕੌਮੀ ਆਜ਼ਾਦੀ ਲਈ ਪ੍ਰੇਮ ਭਾਵ ਪੈਦਾ ਕੀਤਾ। ਸੰਖੇਪ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਭਾਰਤੀ ਪ੍ਰੈਸ ਅਤੇ ਸਾਹਿਤ ਨੇ ਰਾਸ਼ਟਰਵਾਦ ਦੇ ਵਿਕਾਸ ਵਿੱਚ ਅਜਿਹਾ ਕੰਮ ਕੀਤਾ ਕਿ ਇਸ ਦੀ ਪ੍ਰਗਤੀ ਤੇਜ਼ ਹੋ ਗਈ। ਸੋ ਭਾਰਤੀ ਅਖ਼ਬਾਰਾਂ ਨੇ ਆਜ਼ਾਦੀ ਦੀ ਚਿੰਗਾਰੀ ਨੂੰ ਤੇਜ਼ ਕਰਨ ਵਿੱਚ ਬੜੀ ਮਦਦ ਕੀਤੀ। ਮੁਨਰੋ ਦਾ ਕਹਿਣਾ, "ਇੱਕ ਆਜ਼ਾਦ ਪ੍ਰੈਸ ਅਤੇ ਵਿਦੇਸ਼ੀ ਰਾਜ ਇਕ ਦੂਜੇ ਦੇ ਦੁਸ਼ਮਣ ਹਨ। ਇਸ ਲਈ ਦੋਵੇਂ ਇਕੱਠੇ ਨਹੀਂ ਚਲ ਸਕਦੇ।"

## 1.8 ਭਿਆਨਕ ਕਾਲ (Famines)

ਭਾਰਤ ਵਿੱਚ ਵੱਖ-ਵੱਖ ਭਾਗਾਂ ਵਿੱਚ 1865–67, 73–74, 76–78, 1891–97, 99 ਈ. ਵਿੱਚ ਭਿਆਨਕ ਕਾਲ ਪਏ ਜਿਨ੍ਹਾਂ ਦੇ ਸਿੱਟੇ ਵਜੋਂ ਲੱਖਾਂ ਲੋਕਾਂ ਦੀ ਮੌਤ ਹੋ ਗਈ। ਲੱਖਾਂ ਕਿਸਾਨਾਂ ਦੀ ਹਾਲਤ ਤਰਸਯੋਗ ਹੋ ਗਈ। ਅੰਗਰੇਜ਼ਾਂ ਨੇ ਕਾਲ ਪੀੜਤਾਂ ਲਈ ਕੋਈ ਖਾਸ ਕਦਮ ਨਾ ਚੁੱਕੇ। ਇਸ ਤਰ੍ਹਾਂ ਜਨਤਾ ਵਿੱਚ ਰੋਸ ਪ੍ਰਗਟ ਹੋਇਆ ਅਤੇ ਵਿਦੇਸ਼ੀ ਸ਼ਾਸਨ ਪ੍ਰਤੀ ਭਾਵਨਾਵਾਂ ਪ੍ਰਬਲ ਹੋ ਗਈਆਂ। ਲੋਕਾਂ ਨੇ ਆਪਣੀਆਂ ਤਕਲੀਫ਼ਾਂ ਲਈ ਅੰਗਰੇਜ਼ ਸਰਕਾਰ ਨੂੰ ਜ਼ੁੰਮੇਵਾਰ ਠਹਿਰਾਇਆ। ਇਸੇ ਲਈ ਇਨ੍ਹਾਂ ਖਿਲਾਫ਼ ਅੰਦੋਲਨ ਦਾ ਰਸਤਾ ਇਖ਼ਤਿਆਰ ਕੀਤਾ।

## 1.9 ਸੂਚਨਾ ਅਤੇ ਆਵਾਜਾਈ ਦੇ ਆਧੁਨਿਕ ਸਾਧਨ (Modern means of Communication)

ਸੜਕਾਂ, ਰੇਲਾਂ, ਡਾਕ, ਤਾਰ ਸੂਚਨਾ ਤੇ ਸੰਚਾਰ ਦੇ ਆਧੁਨਿਕ ਸਾਧਨ ਨੇ ਵੀ ਭਾਰਤ ਦੀ ਰਾਸ਼ਟਰੀ ਲਹਿਰ ਦੇ ਵਿਕਾਸ ਵਿੱਚ ਸਹਾਇਤਾ ਕੀਤੀ ਹੈ। ਉਨ੍ਹਾਂ ਨੇ ਸਦੀਆਂ ਤੇ ਨਵੇਕਲੇ ਰਹਿਣ ਵਾਲੇ ਭਾਰਤੀ ਪਿੰਡਾਂ ਦੇ ਮੇਲ-ਜੋਲ ਵਿੱਚ ਵਾਧਾ ਕੀਤਾ। ਲੋਕੀ ਦੇਸ਼ ਦੇ ਇਕ ਸਿਰੇ ਤੋਂ ਦੂਸਰੇ ਸਿਰੇ ਤੱਕ ਗੱਡੀ ਰਾਹੀਂ ਯਾਤਰਾ ਕਰਨ ਲੱਗ ਪਏ। ਇਸ ਗੱਲ ਨੇ ਉਨ੍ਹਾਂ ਨੂੰ ਪ੍ਰਗਤੀਸ਼ੀਲ ਤੇ ਉੱਦਮੀ ਬਣਾਇਆ। ਸੂਚਨਾ ਅਤੇ ਆਵਾਜਾਈ ਦੇ ਆਧੁਨਿਕ ਸਾਧਨਾਂ ਨੇ ਸਮਾਜਿਕ ਅਤੇ ਆਰਥਿਕ ਸੰਪਰਕ ਕਾਫ਼ੀ ਵਧਾ ਦਿੱਤੇ। ਇਸ ਪ੍ਰਕਾਰ ਭਾਰਤੀ ਰਾਸ਼ਟਰਵਾਦ ਦਾ ਹਿੱਤ ਉੱਨਤ ਹੋਇਆ। ਰਾਸ਼ਟਰਵਾਦੀ ਨੇਤਾ ਇਨ੍ਹਾਂ ਸਹੂਲਤਾਂ ਕਾਰਣ ਰਾਸ਼ਟਰੀ ਅੰਦੋਲਨ ਨੂੰ ਦੇਸ਼ ਦੇ ਕੋਨੇ-ਕੋਨੇ ਵਿੱਚ ਲੈ ਗਏ।

## 1.10 ਉੱਚੀਆਂ ਸਰਕਾਰੀ ਨੌਕਰੀਆਂ ਵਿੱਚ ਭਾਰਤੀਆਂ ਨਾਲ ਵਿਤਕਰਾ (Discrimination)

1. ਅੰਗਰੇਜ਼ੀ ਸਰਕਾਰ ਹਮੇਸ਼ਾਂ ਭਾਰਤੀਆਂ ਨਾਲ ਸਰਕਾਰੀ ਨੌਕਰੀਆਂ ਵਿੱਚ ਵਿਤਕਰਾ ਨਾ ਕਰਨ ਸੰਬੰਧੀ ਐਲਾਨ ਕਰਦੀ ਸੀ ਪਰ ਇਸ ਤੇ ਅਮਲ ਨਹੀਂ ਕਰਦੀ ਸੀ। 1857 ਦੀ ਬਗਾਵਤ ਤੋਂ ਬਾਅਦ ਉੱਚੀਆਂ ਸਰਕਾਰੀ ਨੌਕਰੀਆਂ ਤੋਂ ਭਾਰਤੀਆਂ ਨੂੰ ਵਾਂਝੇ ਰੱਖਣ ਦਾ ਹੋਰ ਬਹਾਨਾ ਮਿਲ ਗਿਆ ਇਸ ਵਿਤਕਰੇ ਨੇ ਵੀ ਲੋਕਾਂ ਵਿੱਚ ਜਾਗਰਤੀ ਪੈਦਾ ਕੀਤੀ।

2. ਭਾਰਤੀ ਜੱਜਾਂ ਨੂੰ ਯੂਰਪੀਅਨਾਂ ਦੇ ਮੁਕੱਦਮਿਆਂ ਦਾ ਫ਼ੈਸਲਾ ਕਰਨ ਦਾ ਅਧਿਕਾਰ ਨਾ ਦਿੱਤਾ ਗਿਆ, ਪਰ 1833 ਦੇ Ilbert Bill ਰਾਹੀਂ ਇਹ ਅਧਿਕਾਰ ਦਿੱਤਾ ਗਿਆ। ਯੂਰਪੀਅਨਾਂ ਨੇ ਇਸਦਾ ਵਿਰੋਧ ਕੀਤਾ ਅਤੇ ਇਸ ਕਾਰਨ ਭਾਰਤੀ ਅਤੇ ਅੰਗਰੇਜ਼ਾਂ ਵਿੱਚ ਵਿਤਕਰਾ ਹੋਰ ਵੀ ਜ਼ਿਆਦਾ ਹੋ ਗਿਆ।

## 2. ਸੰਗਠਿਤ ਪ੍ਰਗਟਾਵਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ

## (Organised Expression and the Indian National Congress)

ਸਾਡੇ ਦੇਸ਼ ਵਿੱਚ ਜੋ ਰਾਸ਼ਟਰਵਾਦ ਵਿਕਸਿਤ ਹੋਇਆ, ਉਸ ਦੇ ਸਿੱਟੇ ਵਜੋਂ ਰਾਜਨੀਤਿਕ ਵਿਚਾਰਾਂ ਅਤੇ ਸੰਗਠਨ ਦੇ ਕੰਮਾਂ ਵਿੱਚ ਅਗਾਂਹ-ਵਧੂ ਲਹਿਰ ਚਲ ਪਈ। ਜਨਤਾ ਦੀਆਂ ਸੰਸਥਾਵਾਂ ਹੋਂਦ ਵਿੱਚ ਆਈਆਂ, ਜਿਵੇਂ ਬ੍ਰਿਟਿਸ਼ ਇੰਡੀਅਨ ਸੋਸਾਇਟੀ (1851 ਈ.) ਬ੍ਰਿਟਿਸ਼ ਇੰਡੀਅਨ ਨੈਸ਼ਨਲ ਐਸੋਸੀਏਸ਼ਨ, ਇੰਡੀਆ ਲੀਗ, ਇੰਡੀਅਨ ਐਸੋਸੀਏਸ਼ਨ (1876 ਈ.) ਅਤੇ ਬੰਬਈ ਐਸੋਸੀਏਸ਼ਨ ਆਦਿ। ਇਲਾਕਾਈ ਜਾਂ ਪ੍ਰਦੇਸ਼ਕ ਸੰਸਥਾਵਾਂ ਰਾਸ਼ਟਰੀ ਏਕਤਾ ਦੇ ਕੰਮਾਂ ਲਈ ਆਪਣੀ ਜੁਗਤ ਨਾਲ ਕੰਮ ਕਰਦੀਆਂ ਸਨ ਪਰ ਉਹ ਦੇਸ਼ ਵਿਆਪੀ ਸੰਸਥਾਵਾਂ ਵਰਗਾ ਕੰਮ ਨਹੀਂ ਸਨ ਕਰਦੀਆਂ। 1833 ਈ. ਵਿੱਚ ਇਲਬਰਟ ਬਿਲ ਵਿਰੁੱਧ ਕੀਤੇ ਗਏ ਅੰਦੋਲਨ ਦੇ ਦੌਰਾਨ ਸਰਬ ਭਾਰਤੀ ਰਾਜਨੀਤਿਕ ਸੰਗਠਨ ਦੀ ਲੋੜ ਬਹੁਤ ਜ਼ਿਆਦਾ ਅਨੁਭਵ ਹੋਈ।

**2.1 ਭਾਰਤੀ ਰਾਸ਼ਟਰੀ ਕਾਂਗਰਸ ਦੀ ਸਥਾਪਨਾ (Foundation of the Indian National Congress)** : ਭਾਰਤੀ ਨੇਤਾਵਾਂ ਨੂੰ ਜਦੋਂ ਸਾਰੇ ਦੇਸ਼ ਲਈ ਕੋਈ ਸੰਸਥਾ ਕਾਇਮ ਕਰਨ ਦੀ ਲੋੜ ਪਈ, ਤਾਂ ਏ.ਓ.ਹਿਊਮ (A.O. Hume) ਅਵਕਾਸ਼-ਪ੍ਰਾਪਤ (Retired) ਆਈ.ਸੀ.ਐਸ. ਨੇ ਚੰਗਾ ਸੁਝਾਉ ਦਿੱਤਾ। 1883 ਈ. ਵਿੱਚ ਉਸਨੇ ਕਲਕੱਤਾ ਵਿਸ਼ਵ-ਵਿਦਿਆਲੇ ਦੇ ਗਰੈਜੂਏਟਾਂ ਨੂੰ ਇਕ ਖੁਲੀ ਚਿੱਠੀ ਵਿੱਚ ਲਿਖਿਆ ਕਿ ਭਾਰਤ ਵਾਸੀਆਂ ਦੀ ਨੈਤਿਕ ਸਮਾਜਿਕ ਅਤੇ ਰਾਜਨੀਤਿਕ ਪੁਨਰ ਜਾਗਰਤੀ ਲਈ ਕੋਈ ਸੰਸਥਾ ਬਣਾਈ ਜਾਵੇ। ਇਸ ਬਰਤਾਨਵੀ ਨੇਤਾ ਦੀ ਅਪੀਲ ਨੂੰ ਭਾਰਤੀ ਨੇਤਾਵਾਂ ਨੇ ਝੱਟ ਮੰਨ ਲਿਆ ਅਤੇ ਉਨ੍ਹਾਂ ਛੇਤੀ ਹੀ ਇੰਡੀਅਨ ਨੈਸ਼ਨਲ ਯੂਨੀਅਨ (Indian National Union) ਦੇ ਨਾਮ ਦੀ ਇੱਕ ਸੰਸਥਾ ਸਥਾਪਿਤ ਕੀਤੀ। ਜਦੋਂ ਇਸ ਦਾ ਜਲਸਾ 1885 ਈ. ਵਿੱਚ ਬੰਬਈ ਵਿਖੇ ਹੋਇਆ ਤਾਂ ਦਾਦਾ ਭਾਈ ਨਾਰੋਜੀ ਦੇ ਸੁਝਾਉ ਨੇ ਇਸ ਦਾ ਨਾਂ ਇੰਡੀਅਨ ਨੈਸ਼ਨਲ ਕਾਂਗਰਸ ਰੱਖਿਆ ਗਿਆ। ਇਸ ਪ੍ਰਕਾਰ ਇਹ ਸੰਸਥਾ ਹੋਂਦ ਵਿੱਚ ਆਈ ਅਤੇ ਅੱਗੇ ਚੱਲ ਕੇ ਸਾਡੀ ਕੌਮ ਨੇ ਆਜ਼ਾਦੀ ਦੀ ਲੜਾਈ ਵਿੱਚ ਸਭ ਤੋਂ ਜ਼ਬਰਦਸਤ ਸੰਸਥਾ ਦਾ ਰੂਪ ਲਿਆ।

ਕਾਂਗਰਸ ਦੀ ਸਥਾਪਨਾ ਵਿੱਚ ਜੋ ਰੁਚੀ ਮਿਸਟਰ ਹਿਊਮ ਨੇ ਵਿਖਾਈ ਉਹ ਸ਼ਲਾਘਾਯੋਗ ਹੈ। ਪਰ ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਕੁੱਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਕਾਂਗਰਸ ਦੀ ਸਥਾਪਨਾ ਵੇਲੇ ਹਿਊਮ ਦਾ ਮੰਤਵ ਬਰਤਾਨਵੀ ਹਿੱਤਾਂ ਨੂੰ ਸੁਰੱਖਿਆ ਕਰਨਾ ਵੀ ਸੀ। ਇਸ ਸਰਬ-ਸੰਸਥਾ ਰਾਹੀਂ ਉਹ ਚਾਹੁੰਦੇ ਸਨ ਕਿ ਇਸ ਦੇਸ਼ ਵਿਚ ਵਧਦੀ ਹੋਈ ਬਦਅਮਨੀ ਨੂੰ ਰੋਕਿਆ ਜਾਏ ਅਤੇ ਇਸ ਤਰ੍ਹਾਂ ਭਾਰਤ ਵਿੱਚ ਬਰਤਾਨਵੀ ਰਾਜ ਲਈ ਭਾਰੀ ਖਤਰਾ ਟਾਲਿਆ ਜਾਵੇ। ਉਸ ਨੇ ਆਪ ਇਕ ਵਾਰ ਫੇਰ ਆਖਿਆ ਸੀ, ਉਹ ਭਾਰਤੀ ਤਾਕਤਾਂ ਜੋ ਸਾਡੇ ਆਪਣੇ ਕਰਮਾਂ ਤੋਂ ਉਪਜੀਆਂ ਹਨ ਅਤੇ ਵਿਕਸਿਤ ਹੋ ਰਹੀਆਂ ਹਨ, ਉਨ੍ਹਾਂ ਤੋਂ ਬਚਣ ਦੇ ਉਪਰਾਲੇ ਦੀ ਲੋੜ ਹੈ।

ਬਰਤਾਨਵੀ ਸਰਕਾਰ ਭਾਰਤੀ ਨੇਤਾਵਾਂ ਵਲੋਂ ਕਿਸੇ ਰਾਜਨੀਤਿਕ ਸੰਸਥਾ ਦੀ ਸਥਾਪਨਾ ਕ੍ਰਿਪਾ ਦ੍ਰਿਸ਼ਟੀ ਨਾਲ ਨਹੀਂ ਸੀ ਵੇਖ ਸਕਦੀ। ਇਸ ਵਜੋਂ ਉਨ੍ਹਾਂ ਦਾ ਯਤਨ ਸ਼ਲਾਘਾਯੋਗ ਸੀ। ਜੇਕਰ ਕਾਂਗਰਸ ਦੀ ਸਥਾਪਨਾ ਕਰਨ ਵਾਲਾ ਕੋਈ ਪੁਰਾਣਾ ਵੱਡਾ ਅੰਗਰੇਜ਼ ਅਫ਼ਸਰ ਨਾ ਹੁੰਦਾ, ਤਾਂ ਉਨ੍ਹਾਂ ਦਿਨਾਂ ਦੇ ਰਾਜਨੀਤਿਕ ਅੰਦੋਲਨ ਦੀ ਬੇਬਸਾਈ ਦੇ ਕਾਰਨ ਅੰਗਰੇਜ਼ੀ ਸ਼ਾਸਕ ਉਸ ਲਹਿਰ ਨੂੰ ਕਿਵੇਂ ਨਾ ਕਿਵੇਂ ਤਰੀਕਾ ਕੱਢ ਕੇ ਜੰਮਦੇ ਹੀ ਦਬਾ ਦੇਂਦੇ।

### 2.2 ਕਾਂਗਰਸ ਦੇ ਮੰਤਵ (Objectives of the Indian National Congress)

ਭਾਰਤੀ ਰਾਸ਼ਟਰੀ ਕਾਂਗਰਸ ਦੇ ਜਨਮ ਵੇਲੇ ਜੋ ਮੰਤਵ ਸਨ, ਉਹ ਬਹੁਤ ਸਿੱਧੇ ਪੱਧਰੇ ਸਨ। ਸਮਾਂ ਪਾ ਕੇ ਉਨ੍ਹਾਂ ਵਿੱਚ ਪਰਿਵਰਤਨ ਵੀ ਆਏ, ਅਤੇ ਉਨ੍ਹਾਂ ਦੀ ਪ੍ਰਾਪਤੀ ਦੇ ਸਾਧਨ ਵੀ ਕਾਫ਼ੀ ਬਦਲਦੇ ਗਏ। ਆਰੰਭ ਵਿੱਚ ਕਾਂਗਰਸ ਨੇ ਕੇਵਲ ਨਿੱਕੇ-ਨਿਕੇ ਸੁਧਾਰਾਂ ਦੀ ਮੰਗ ਕੀਤੀ, ਪਰ ਹੌਲੀ-ਹੌਲੀ ਉਸ ਨੇ ਆਪਣਾ ਮੰਤਵ ਬਦਲ ਕੇ ਸਵਰਾਜ ਰੱਖਿਆ ਅਤੇ ਫੇਰ ਪੂਰੀ ਆਜ਼ਾਦੀ। ਉਹਦੇ ਉਪਰਾਲਿਆਂ ਵਿੱਚ ਹੌਲੀ-ਹੌਲੀ ਪਰਿਵਰਤਨ ਆ ਗਏ। ਨਿਵੇਦਨ ਕਰਨ ਅਤੇ ਪ੍ਰਤਿਨਿਧੀ ਮੰਡਲ ਭੇਜਣ (Petition and Deputation) ਬਦਲ ਕੇ ਇਹ ਅਹਿੰਸਾਤਮਕ ਨਾ-ਮਿਲਵਰਤਨ (Non-violent non co-operation) ਤੇ ਸਿਵਲ ਨਾ ਫਰਮਾਨੀ ਤੱਕ ਹੋ ਗਏ।

ਕਾਂਗਰਸ ਦੇ ਕੁੱਝ ਆਲੋਚਕਾਂ ਨੇ ਇਸ ਦੇ ਰੂਪ ਨੂੰ ਬੁਰੀ ਤਰ੍ਹਾਂ ਪੇਸ਼ ਕਰਨ ਦੇ ਯਤਨ ਕੀਤੇ ਹਨ। ਲਾਰਡ ਲਿਟਨ (Lord Lytton) ਨੇ ਕਿਹਾ ਕਿ ਇਸ ਦੇ ਪ੍ਰਤੀਨਿਧ ਕੇਵਲ ਆਪਣੀ ਸਮਾਜਿਕ ਅਨਮੋਲ ਸਥਿਤੀ ਦੀ ਪ੍ਰਤਿਨਿਧਤਾ ਕਰਦੇ ਸਨ। ਇਹ ਦੱਸਿਆ ਜਾਂਦਾ ਸੀ ਕਿ ਕਾਂਗਰਸ ਆਪਣੇ ਬਹੁ-ਗਿਣਤੀ ਦੇ ਵਾਸੀਆਂ ਦੀ ਪ੍ਰਤੀਨਿਧਤਾ ਕਰਨ ਵਿੱਚ ਅਸਮਰਥ ਹੈ, ਅਤੇ ਉਨ੍ਹਾਂ ਵਲੋਂ ਬੋਲਣ ਦਾ ਦਾਅਵਾ ਨਹੀਂ ਕਰ ਸਕਦੀ। ਇਹ ਸੱਚ ਹੈ ਕਿ ਆਰੰਭ ਵਿੱਚ ਉਹ ਸਾਰੇ ਰਾਸ਼ਟਰ ਦੀ ਪ੍ਰਤੀਨਿਧੀ ਨਹੀਂ ਸੀ ਪਰ ਫਿਰ ਵੀ ਉਸ ਦਾ ਆਧਾਰ ਵਿਸ਼ਾਲ ਸੀ। ਉਹ ਰਾਸ਼ਟਰੀ ਸੰਸਥਾ ਵੀ ਮੰਨੀ ਜਾ ਸਕਦੀ ਹੈ ਕਿਉਂਕਿ–

1. ਉਸਦੇ ਦਰਵਾਜ਼ੇ ਸਭ ਸ਼ਰੇਣੀਆਂ ਦੇ ਲੋਕਾਂ ਲਈ ਖੁਲ੍ਹੇ ਸਨ।
2. ਉਸ ਦੀਆਂ ਘੋਸ਼ਨਾਵਾਂ ਰਾਸ਼ਟਰ ਦੇ ਨਾਉਂ ਅਤੇ ਰਾਸ਼ਟਰ ਵਲੋਂ ਹੁੰਦੀਆਂ ਸਨ।
3. ਇਸ ਦਾ ਪ੍ਰੋਗਰਾਮ ਇੰਨਾ ਵਿਸ਼ਾਲ ਸੀ ਕਿ ਸਭਨਾਂ ਦੇ ਹਿੱਤਾਂ ਤੇ ਰੁਚੀਆਂ ਨੂੰ ਥਾਂ ਮਿਲ ਸਕਦੀ ਸੀ।

ਇਸ ਗੱਲ ਦੀ ਪੁਸ਼ਟੀ ਇਸ ਤੱਥ ਤੋਂ ਹੋ ਜਾਂਦੀ ਹੈ ਕਿ ਭਾਵੇਂ ਇਸ ਮਹਾਨ ਸੰਗਠਨ ਦੀ ਸਥਾਪਨਾ ਦਾ ਵਿਚਾਰ ਇੱਕ ਅੰਗਰੇਜ਼ ਏ.ਓ. ਹਿਊਮ (A.O. Hume) ਦੇ ਦਿਮਾਗ ਵਿੱਚ ਆਇਆ ਸੀ, ਪਰ ਇਹ ਵਿਕਾਸ ਫਿਰੋਜ਼ ਸ਼ਾਹ ਮਹਿਤਾ ਅਤੇ ਦਾਦਾ ਭਾਈ ਨਾਰੋਜੀ ਵਰਗੇ ਪਾਰਸੀਆਂ ਨੇ ਕੀਤਾ ਬਦਰੁਦੀਨ ਤਯਾਬਜੀ ਵਰਗੇ ਮੁਸਲਮਾਨਾਂ ਦੀਆਂ ਸੁਭ ਇੱਛਾਵਾਂ ਵੀ ਇਸ ਨੂੰ ਮਿਲੀਆਂ। ਇਨ੍ਹਾਂ ਤੋਂ ਪਤਾ ਲਗਦਾ ਹੈ ਕਿ ਉਹ ਆਪਣੇ ਮੁੱਢਲੇ ਦਿਨਾਂ ਵਿੱਚ ਰਾਸ਼ਟਰੀ ਗੁਣਾਂ ਦੇ ਚਰਿੱਤਰ ਵਾਲੀ ਸੰਸਥਾ ਹੈ।

## 3. ਨਰਮ ਰਾਸ਼ਟਰਵਾਦ (Moderate Nationalism)

ਕਾਂਗਰਸ ਦੀ ਸਥਾਪਨਾ ਮਗਰੋਂ ਰਾਸ਼ਟਰੀ ਅੰਦੋਲਨ ਦੀ ਅਗਵਾਈ ਦਾ ਕੰਮ ਵੀ ਕਾਂਗਰਸੀ ਨੇਤਾਵਾਂ ਦੇ ਹੱਥ ਆ ਗਿਆ। ਇਸ ਪ੍ਰਕਾਰ ਕਾਂਗਰਸੀ ਲਹਿਰ ਅਤੇ ਕੌਮੀ ਲਹਿਰ ਇੱਕ ਸਮਾਨ ਹੋ ਗਈਆਂ ਅਤੇ ਅਗਲੇ 20 ਵਰ੍ਹਿਆਂ ਤੱਕ ਨਾਲ ਨਾਲ ਵਿਕਸਿਤ ਹੋਈਆਂ। ਕਿਉਂਕਿ ਇਹ ਅੰਦੋਲਨ ਨਰਮ ਦਲ ਵਾਲੇ ਦੇਸ਼ ਭਗਤਾਂ ਦੀ ਅਗਵਾਈ ਅਤੇ ਨਿਯੰਤ੍ਰਣ ਵਿੱਚ ਚਲਿਆ ਸੀ। ਇਸ ਲਈ ਇਸ ਕਾਲ (1885–1905) ਨੂੰ ਨਰਮ ਰਾਸ਼ਟਰਵਾਦ ਦਾ ਸਮਾਂ ਕਿਹਾ ਜਾਂਦਾ ਹੈ।

### 3.1 ਨਰਮ ਨੇਤਾਵਾਂ ਦੀ ਪ੍ਰਸਿੱਧੀ (Prominance of Moderate Leaders)

1885 ਈ. ਤੱਕ ਨਰਮ ਦਲ ਵਾਲੇ ਰਾਸ਼ਟਰੀ ਅਤੇ ਰਾਜਨੀਤਿਕ ਦੇਸ਼ ਭਗਤ ਮਹੱਤਵਪੂਰਣ ਸਨ। ਉਨ੍ਹਾਂ ਨੇ ਨਾ ਕੇਵਲ ਕਾਂਗਰਸ ਦੀ ਅਗਵਾਈ ਸੰਭਾਲੀ ਸਗੋਂ ਉਸ ਦੇ ਕਾਰਜ ਕੰਮ ਵੀ ਨਜਿੱਠੇ। ਉਨ੍ਹਾਂ ਦਾ ਪ੍ਰਭਾਵ ਰਾਸ਼ਟਰੀ ਅੰਦੋਲਨ ਉਤੇ ਮਹੱਤਵਪੂਰਣ ਅਤੇ ਵਿਸ਼ਾਲ ਸੀ। ਜਿਥੋਂ ਤੱਕ ਸਰਕਾਰ ਦੇ ਰਵੱਈਏ ਦਾ ਪ੍ਰਸ਼ਨ ਹੈ ਉਹ ਉਨ੍ਹਾਂ ਨੂੰ ਭਾਰਤੀ ਰਾਜਨੀਤਿਕ ਜੀਵਨ ਦੇ ਆਗੂਆਂ ਦੇ ਰੂਪ ਵਿੱਚ ਸ਼ੰਕਾ ਨਾਲ ਵੇਖਦੀ ਸੀ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਤੇ ਕਰੜੀ ਨਿਗਾਹ ਰੱਖਦੀ ਸੀ। ਉਨ੍ਹਾਂ ਨਰਮ ਅਤੇ ਉਦਾਰ ਨੇਤਾਵਾਂ ਵਿਚੋਂ ਜ਼ਿਆਦਾ ਪ੍ਰਸਿੱਧ ਇਹ ਸਨ – ਦਾਦਾ ਭਾਈ ਨਾਰੋਜੀ, ਸੁਰਿੰਦਰ ਨਾਥ ਬੈਨਰਜੀ, ਫਿਰੋਜ਼ ਸ਼ਾਹ ਮਹਿਤਾ, ਗੋਪਾਲ ਕ੍ਰਿਸ਼ਨ ਗੋਖਲੇ ਆਦਿ।

### 3.2 ਨਰਮ ਦਲੀਆਂ ਦਾ ਰਾਜਸੀ ਵਿਚਾਰ (Political beliefs of Moderates)

ਨਰਮ ਦਲ ਵਾਲੇ ਕਾਂਗਰਸੀ ਪੱਕੀ ਤਰ੍ਹਾਂ ਮੰਨਦੇ ਸਨ ਕਿ ਭਾਰਤ ਵਿੱਚ ਬਰਤਾਨਵੀ ਸ਼ਾਸਕ ਬੜੀ ਭਾਰੀ ਬਰਕਤ ਹਨ। ਭਾਰਤ ਵਿੱਚ ਹੋਈ ਉੱਨਤੀ ਤੇ ਖੁਸ਼ਹਾਲੀ ਬਰਤਾਨਵੀ ਹਕੂਮਤ ਵਜੋਂ ਸੀ। ਉਹ ਪੱਛਮੀ ਸਿਖਿਆ, ਤੇਜ਼ ਆਵਾਜਾਈ ਦੇ ਸਾਧਨਾਂ, ਨਿਆਂ ਦੀ ਚੰਗੇਰੀ ਪ੍ਰਣਾਲੀ ਆਦਿ ਨੂੰ ਬਰਕਤਾਂ ਗਿਣਦੇ ਸਨ। ਇਹ ਧਰਮ ਅਤੇ ਉਦਾਰ ਨੇਤਾ ਵੀ ਸੋਚਦੇ ਸਨ ਕਿ ਬਰਤਾਨਵੀ ਕੌਮ ਅਵੱਸ਼ ਚੰਗੀ ਤੇ ਨਿਆਂਕਾਰੀ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਜੇਕਰ ਭਾਰਤਵਾਸੀ ਆਪਣੀਆਂ ਔਕੜਾਂ ਤੇ ਸਮੱਸਿਆ ਦੇ ਜਾਨਣ ਦਾ ਹੱਕ ਉਸ ਨੂੰ ਦੇਣਗੇ ਤਾਂ ਅੰਗਰੇਜ਼ੀ ਕੌਮ ਉਨ੍ਹਾਂ ਨੂੰ ਦੂਰ ਕਰਨ ਲਈ ਵਾਹ ਲਏਗੀ। ਉਨ੍ਹਾਂ ਦਾ ਵਿਚਾਰ ਸੀ ਕਿ ਅੰਗਰੇਜ਼ੀ ਅਫ਼ਸਰ ਉਨ੍ਹਾਂ ਅਤੇ ਲੰਡਨ ਦੀ ਸਰਕਾਰ

ਵਿਚਕਾਰ ਇਕ ਕੜੀ ਦਾ ਕੰਮ ਦਿੰਦੇ ਸਨ। ਇਸ ਪ੍ਰਕਾਰ ਦੀ ਧਾਰਨਾ ਬਣ ਕੇ ਨਰਮ ਕਾਂਗਰਸੀ ਅੰਗਰੇਜ਼ਾਂ ਨਾਲ ਸੰਬੰਧ ਰੱਖਣ ਦੇ ਹੱਕ ਵਿੱਚ ਸਨ ਅਤੇ ਉਨ੍ਹਾਂ ਦਿੱਤੀਆਂ ਰਿਆਇਤਾਂ ਲਈ ਸੁਕਰ ਗੁਜ਼ਾਰ ਹੋਣ ਦੀ ਪ੍ਰੇਰਣਾ ਦਿੰਦੇ ਸਨ।

## 3.3 ਨਰਮ ਦਲ ਦੀਆਂ ਮੰਗਾਂ (Demands of Moderates)

ਨਰਮ ਤੇ ਉਦਾਰ ਨੇਤਾ ਕਈ ਗੱਲਾਂ ਲਈ ਅੰਦੋਲਨ ਕਰਦੇ ਸਨ, ਜੋ ਇਸ ਪ੍ਰਕਾਰ ਹਨ :-

1. ਭਾਰਤੀਆਂ ਨੂੰ ਉਚੇਰੀਆਂ ਫੌਜੀ ਅਸਾਮੀਆਂ ਅਤੇ ਆਈ.ਸੀ.ਐਸ. ਨੌਕਰੀਆਂ ਤੇ ਨਿਯੁਕਤ ਕੀਤਾ ਜਾਵੇ।
2. ਆਈ.ਸੀ.ਐਸ. (Indian Civil Services) ਦੀਆਂ ਪ੍ਰੀਖਿਆਵਾਂ ਲੰਦਨ ਅਤੇ ਭਾਰਤ ਵਿੱਚ ਇਕੋ ਸਮੇਂ ਹੋਣ।
3. ਵਿਧਾਨ ਸਭਾਵਾਂ (Legislative Council) ਦਾ ਪੁਨਰ ਗਠਨ ਕੀਤਾ ਜਾਵੇ ਅਤੇ ਇਨ੍ਹਾਂ ਵਿੱਚ ਭਾਰਤੀ ਪ੍ਰਤੀਨਿਧੀਆਂ ਨੂੰ ਵਧੇਰੇ ਗਿਣਤੀ ਵਿੱਚ ਸ਼ਾਮਲ ਕੀਤਾ ਜਾਵੇ।

ਇਥੇ ਇਹ ਟਿਪਣੀ ਕਰਨੀ ਉਚਿਤ ਹੋਵੇਗੀ ਕਿ ਨਰਮ ਦਲ ਵਾਲਿਆਂ ਦੀਆਂ ਮੰਗਾਂ ਕੋਈ ਓਪਰੀਆਂ ਨਹੀਂ ਸਨ, ਸਗੋਂ ਨਰਮ ਹੀ ਸਨ।

## 3.4 ਨਰਮ ਦਲ ਦੀ ਅੰਦੋਲਨ ਪ੍ਰਣਾਲੀ (Moderate Methods of Agitation)

ਨਰਮ ਦਲ ਵਾਲੇ ਸ਼ਾਂਤ ਅਤੇ ਕਾਨੂੰਨੀ ਅੰਦੋਲਨ ਵਿੱਚ ਵਿਸ਼ਵਾਸ ਰੱਖਦੇ ਸਨ। ਆਪਣੇ ਮੰਤਵ ਦੀ ਸਿੱਧੀ ਲਈ ਉਹ ਪ੍ਰੈਸ, ਸਭਾ, ਮੰਚ ਅਤੇ ਸਾਲਾਨਾ ਜਲਸਿਆਂ ਰਾਹੀਂ ਆਪਣਾ ਪ੍ਰਚਾਰ ਕਰਦੇ ਸਨ। ਪ੍ਰੈਸ ਉਹਨਾਂ ਦਾ ਤਕੜਾ ਸਾਧਨ ਸੀ ਕਿਉਂਕਿ ਜੋ ਕਈ ਕਾਂਗਰਸੀ ਨੇਤਾ ਆਪ ਸਮਾਚਾਰ ਪੱਤਰਾਂ ਦੇ ਸੰਪਾਦਕ ਸਨ। ਕਾਂਗਰਸ ਦੇ ਸਾਲਾਨਾ ਜਲਸੇ ਬਹੁਤ ਪ੍ਰਭਾਵਸ਼ਾਲੀ ਹੁੰਦੇ ਸਨ ਅਤੇ ਸਰਕਾਰ ਦਾ ਧਿਆਨ ਵੀ ਉਨ੍ਹਾਂ ਵੱਲ ਹੋ ਜਾਂਦਾ ਸੀ। ਕਾਂਗਰਸ ਦੇ ਜਲਸਿਆਂ ਵਿੱਚ ਸਰਕਾਰ ਦੀ ਨੀਤੀ ਦਾ ਵਿਸ਼ਲੇਸ਼ਣ ਹੁੰਦਾ ਸੀ ਅਤੇ ਕਾਂਗਰਸ ਦੀਆਂ ਮੰਗਾਂ ਪੂਰੇ ਜੋਸ਼ ਨਾਲ ਪੇਸ਼ ਕੀਤੀਆਂ ਸਨ। ਨਰਮ ਦਲ ਵਾਲੇ ਪ੍ਰਤਿਨਿਧੀ ਮੰਡਲ (Deputation) ਅਤੇ ਨਿਵੇਦਨ-ਪੱਤਰ (Petition) ਵੀ ਸਰਕਾਰ ਕੋਲ ਭੇਜਦੇ ਸਨ।

## 3.5 ਨਰਮ ਦਲ ਵਾਲਿਆਂ ਦਾ ਭਾਰਤ ਅਤੇ ਇੰਗਲੈਂਡ ਵਿੱਚ ਪ੍ਰਚਾਰ(Moderate Propaganda in India & England)

ਨਰਮ ਦਲ ਵਾਲੇ ਕਾਂਗਰਸੀ ਆਪਣੇ ਹਿੱਤਾਂ ਦਾ ਪ੍ਰਚਾਰ ਨਾ ਕੇਵਲ ਭਾਰਤ ਵਿੱਚ ਸਗੋਂ ਇੰਗਲੈਂਡ ਵਿੱਚ ਵੀ ਕਰਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਜੇਕਰ ਬਰਤਾਨਵੀ ਸਰਕਾਰ ਅਤੇ ਪਾਰਲੀਮੈਂਟ ਨੂੰ ਭਾਰਤੀ ਮਾਮਲਿਆਂ ਦੀ ਚੰਗੀ ਤਰ੍ਹਾਂ ਸੂਚਨਾ ਦਿੱਤੀ ਜਾਏ ਤਾਂ ਸਫ਼ਲਤਾ ਛੇਤੀ ਮਿਲ ਜਾਵੇਗੀ। ਇਸ ਲਈ ਬਰਤਾਨੀਆਂ ਦੇ ਹਿੱਤਕਾਰੀਆਂ ਅਤੇ ਦਾਦਾ ਭਾਈ ਨਾਰੋਜੀ ਦੇ ਸੁਝਾਉ ਤੇ ਉਨ੍ਹਾਂ ਲੰਡਨ ਵਿੱਚ ਆਪਣੇ ਖਰਚ ਤੇ ਇਕ ਸ਼ਾਖਾ ਖੋਲ ਦਿੱਤੀ। ਉਹਨਾਂ ਨੇ ਭਾਰਤੀ ਰਾਸ਼ਟਰੀ ਕਾਂਗਰਸ ਦੀ ਇਕ ਬਰਤਾਨਵੀ ਕਮੇਟੀ (British Committee) ਬਣਾ ਦਿੱਤੀ ਅਤੇ ਇਕ ਮਾਸਿਕ ਪੱਤ੍ਰਿਕਾ ਇੰਡੀਆ (India) ਵੀ ਚਲਾ ਦਿੱਤੀ। ਫਿਰ ਕਈ ਕਮੇਟੀਆਂ ਅਤੇ ਸੰਸਥਾਵਾਂ ਇੰਗਲੈਂਡ ਵਿੱਚ ਪ੍ਰਚਾਰ ਦਾ ਕੰਮ ਕਰਨ ਲੱਗ ਪਈਆਂ। ਜਦੋਂ ਕਦੇ ਕਾਂਗਰਸੀ ਪ੍ਰਤੀਨਿਧੀ ਮੰਡਲ ਇੰਗਲੈਂਡ ਜਾਂਦੇ ਸਨ ਤਾਂ ਉਥੋਂ ਦੀਆਂ ਵੱਖ-ਵੱਖ ਸੰਸਥਾਵਾਂ ਅਤੇ ਕਮੇਟੀਆਂ ਉਨ੍ਹਾਂ ਦੀ ਮਦਦ ਕਰਦੀਆਂ ਸਨ। ਜੋਹਨ ਬ੍ਰਾਈਟ (John Bright), ਚਾਰਲਸ ਬ੍ਰਾਡਲਾ (Charles Bradlaugh) ਆਦਿ ਬਰਤਾਨਵੀ ਮਿੱਤਰਾਂ ਦੇ ਕੰਮ ਵੀ ਮਹੱਤਵਪੂਰਣ ਸਨ। ਉਨ੍ਹਾਂ ਦੀ ਹਮਦਰਦੀ ਅਤੇ ਯਤਨ ਵਜੋਂ ਇੰਗਲੈਂਡ ਵਿੱਚ ਕਾਂਗਰਸੀ ਪ੍ਰਚਾਰ ਨੂੰ ਭਾਰੀ ਪੁਸ਼ਟੀ ਮਿਲੀ।

## 3.6 ਨਰਮ ਦਲ ਦੀਆਂ ਪ੍ਰਾਪਤੀਆਂ (Achievements of Moderates)

ਨਰਮ ਦਲ ਨੇਤਾਵਾਂ ਦੀ ਨੀਤੀ ਤੇ ਕਾਰਜ ਵਿਧੀ ਨੌਜਵਾਨ ਭਾਰਤੀਆਂ ਨੂੰ ਚੰਗੀ ਨਾ ਲੱਗੀ। ਉਹ ਉਨ੍ਹਾਂ ਦੇ ਅੰਦੋਲਨ ਦੇ ਤਰੀਕਿਆਂ ਉੱਤੇ ਹੱਸਦੇ ਸਨ ਉਨ੍ਹਾਂ ਨੂੰ ਰਾਜਨੀਤਿਕ ਮੰਗਤੇ (Political Beggars) ਆਖਦੇ ਸਨ, ਪਰ ਇਸ

ਨਾਲ ਉਨ੍ਹਾਂ ਦੀ ਦੇਸ਼ ਭਗਤੀ ਅਤੇ ਉਨ੍ਹਾਂ ਦੇ ਕੰਮ ਦੀ ਮਹੱਤਤਾ ਘਟਾਈ ਨਹੀਂ ਜਾ ਸਕਦੀ। ਇਹ ਲੋਕ ਦੇਸ਼ ਭਗਤੀ ਦੀ ਭਾਵਨਾ ਰੱਖਦੇ ਸਨ ਅਤੇ ਉੱਚ-ਚਰਿਤਰ ਵਾਲੇ ਸਨ। ਉਨ੍ਹਾਂ ਨੇ ਭਾਰਤ ਦੀ ਕੌਮੀ ਲਹਿਰ ਦੀ ਪ੍ਰਗਤੀ ਵਿੱਚ ਚੋਖਾ ਹਿੱਸਾ ਪਾਇਆ। ਉਨ੍ਹਾਂ ਦੀ ਅਗਵਾਈ ਹੇਠ ਕਾਂਗਰਸ ਦੇ ਸਾਲਾਨਾ ਜਲਸੇ ਬਕਾਇਦਾ ਹੁੰਦੇ ਰਹੇ, ਮਤੇ ਪਾਸ ਕੀਤੇ ਗਏ ਅਤੇ ਪ੍ਰਤਿਨਿਧੀ ਮੰਡਲ ਭੇਜੇ ਗਏ ਉਨ੍ਹਾਂ ਨੇ ਜਨਤਾ ਅਤੇ ਸਰਕਾਰ ਦਾ ਧਿਆਨ ਭਾਰਤੀਆਂ ਦੀਆਂ ਔਕੜਾਂ ਵੱਲ ਖਿਚਿਆ। ਜਨਤਾ ਦੇ ਵਿਚਾਰਾਂ ਨੂੰ ਆਪਣੇ ਪੱਖ ਵਿੱਚ ਸੁਣਾਉਣਾ ਵੀ ਉਨ੍ਹਾਂ ਦਾ ਸ਼ਲਾਘਾਯੋਗ ਕੰਮ ਸੀ। ਉਨ੍ਹਾਂ ਨੇ ਅਜਿਹੇ ਬੰਦੇ ਅਤੇ ਸਾਧਨ ਉਤਪੰਨ ਕੀਤੇ ਜੋ ਰਾਸ਼ਟਰੀ ਜੀਵਨ ਦੀ ਵਿਵਸਥਾ ਲਈ ਜ਼ਰੂਰੀ ਸਨ। ਮੁਕਦੀ ਗੱਲ ਇਹ ਹੈ ਕਿ ਮੁੱਢਲੇ ਕਾਂਗਰਸੀਆਂ ਨੇ ਰਾਜਨੀਤਿਕ ਸਿਖਿਆ ਅਤੇ ਰਾਸ਼ਟਰੀ ਜਾਗਰਤੀ ਦੇ ਖੇਤਰ ਵਿੱਚ ਬਹੁਤ ਸਾਰਾ ਬੁਨਿਆਦੀ ਕੰਮ ਕੀਤਾ ਜੋ ਉਚੇਰੇ ਚਰਿੱਤਰ, ਬੌਧਿਕ ਸ਼ਕਤੀ ਅਤੇ ਨਿਸ਼ਕਾਮ ਸੇਵਾ ਲਈ ਸ਼ਲਾਘਾ ਯੋਗ ਹੈ।

## 3.7 ਕਾਂਗਰਸ ਪ੍ਰਤੀ ਸਰਕਾਰ ਦਾ ਰੁਖ (British attitude towards Indian National Congress)

ਸ਼ੁਰੂ-ਸ਼ੁਰੂ ਵਿੱਚ ਕਾਂਗਰਸ ਬਾਰੇ ਸਰਕਾਰ ਸਹਿਨਸ਼ੀਲ ਸੀ, ਸਗੋਂ ਇਸ ਤੇ ਵਿਸ਼ਵਾਸ ਵੀ ਕਰਦੀ ਸੀ ਕਿਉਂਕਿ ਜੋ ਇਸ ਸੰਸਥਾ ਵਿੱਚ ਬ੍ਰਿਟਿਸ਼ ਸਰਕਾਰ ਪ੍ਰਤੀ ਕੋਈ ਵਿਰੋਧ ਜਾਂ ਨਫ਼ਰਤ ਨਹੀਂ ਸੀ। ਉਹ ਤਾਂ ਕੇਵਲ ਕਾਨੂੰਨੀ ਵਸੀਲਿਆਂ ਨਾਲ ਭਾਰਤੀਆਂ ਦੇ ਕੁੱਝ ਅਧਿਕਾਰਾਂ ਲਈ ਅੰਦੋਲਨ ਕਰਦੀ ਸੀ। ਉਸ ਸਮੇਂ ਦੇ ਗਵਰਨਰ ਜਨਰਲ ਲਾਰਡ ਡਫਰਿਨ (Lord Dufferin) ਨੇ ਕਾਂਗਰਸ ਦੀ ਸਥਾਪਨਾ ਦਾ ਸੁਆਗਤ ਕੀਤਾ ਸੀ। ਉਸ ਦੀ ਆਸ ਸੀ ਕਿ ਜਨਤਾ ਦੀ ਇਹ ਜ਼ਿੰਮੇਵਾਰ ਸੰਸਥਾ ਨੌਕਰੀਸ਼ਾਹੀ ਪ੍ਰਸ਼ਾਸਨ ਵਿੱਚ ਸਹਾਇਤਾ ਕਰੇ ਪਰ ਹੌਲੀ-ਹੌਲੀ ਕਾਂਗਰਸ, ਪ੍ਰਤੀ ਸਰਕਾਰ ਦੀ ਰੁਚੀ ਬਦਲ ਕੇ ਮਤਰੇਈ ਮਾਂ ਵਰਗੀ ਹੋ ਗਈ। ਸਰਕਾਰ ਨੇ ਜਨਤਾ ਉਪਰ ਕਾਂਗਰਸ ਦੇ ਪ੍ਰਭਾਵ ਨੂੰ ਘਟਾਉਣ ਲਈ ਕਈ ਹੱਥ-ਕੰਡੇ ਵਰਤੇ। 1888 ਈ. ਵਿੱਚ ਜਦੋਂ ਕਾਂਗਰਸ ਦਾ ਸਲਾਨਾ ਜਲਸਾ ਹੋਣਾ ਸੀ ਤਾਂ ਸਰਕਾਰ ਨੇ ਕਈ ਅੜਚਨਾਂ ਪਾਈਆਂ। ਦੋ ਵਰ੍ਹੇ ਮਗਰੋਂ ਉਸ ਸਮੇਂ ਦੀ ਭਾਰਤ ਸਰਕਾਰ ਨੇ ਇੱਕ ਚਿੱਠੀ (circular letter) ਰਾਹੀਂ ਸਰਕਾਰੀ ਨੌਕਰਾਂ ਨੂੰ ਕਾਂਗਰਸ ਜਲਸਿਆਂ ਵਿੱਚ ਸ਼ਾਮਲ ਹੋਣ ਦੀ ਮਨਾਹੀ ਹੀ ਕਰ ਦਿੱਤੀ। ਪਰ ਸਰਕਾਰ ਕਾਂਗਰਸ ਦੇ ਪ੍ਰਭਾਵ ਅਤੇ ਵਿਕਾਸ ਨੂੰ ਰੋਕਣ ਵਿੱਚ ਅਸਫ਼ਲ ਰਹੀ। ਭਾਰਤ ਦੀ ਰਾਸ਼ਟਰੀ ਲਹਿਰ ਵਧੇਰੇ ਤਕੜੀ ਹੁੰਦੀ ਗਈ ਅਤੇ ਸਰਕਾਰ ਦੇ ਵਿਰੁੱਧ ਉਸ ਦੀ ਲੋਕ-ਪ੍ਰਿਯਤਾ ਵਿੱਚ ਵਾਧਾ ਕੀਤਾ।

## ਹੋਰ ਪੜ੍ਹਨ ਲਈ ਪੁਸਤਕਾਂ ਦੇ ਸੰਬੰਧਿਤ ਪੰਨੇ


1. ਨਾਰੰਗ, ਕੇ. ਐਸ. ਗਰੋਵਰ, ਬੀ. ਐਲ ਅਤੇ ਆਨੰਦ ਪੀ. ਐਲ. ਭਾਰਤ ਦਾ ਬ੍ਰਿਟਿਸ਼ ਇਤਿਹਾਸ ਪੰਨੇ 703–18.
2. Majumdar, R.C, History of the Freedom Movement in India, pp. 289-416.
3. Singh, G.N. Landmarks in the Constitutional Development pp. 134-47.
4. Ram Gopal, British Rule in India, pp. 271-338.
5. Singh, Hira Lal, Problems and Policies of the British in India, pp. 216-36.


## ਵਿਦਿਆਰਥੀ ਦੇ ਅਭਿਆਸ ਲਈ ਪ੍ਰਸ਼ਨ

1. ਭਾਰਤ ਵਿੱਚ 19ਵੀਂ ਸਦੀ ਦੇ ਅੱਧ ਵਿੱਚ ਮੁੱਖ ਸਮਾਜਿਕ ਅਤੇ ਧਾਰਮਿਕ ਅੰਦੋਲਨਾ ਦੇ ਉਭਾਰ ਦੇ ਕਾਰਨ ਲਿਖੋ?
2. ਭਾਰਤੀ ਰਾਸ਼ਟਰੀ ਕਾਂਗਰਸ ਦੇ ਉਭਾਰ ਦੇ ਕਾਰਨ ਲਿਖੋ?
3. ਭਾਰਤੀ ਰਾਸ਼ਟਰੀ ਕਾਂਗਰਸ ਦੀ ਸਥਾਪਨਾ ਦੇ ਮੰਤਵ ਲਿਖੋ?

4. ਉਦਾਰ ਰਾਸ਼ਟਰਵਾਦ ਤੋਂ ਕੀ ਭਾਵ ਹੈ?

5. ਉਦਾਰਵਾਦੀ ਰਾਸ਼ਟਰਵਾਦ ਦੀ ਰਾਸ਼ਟਰੀ ਅੰਦੋਲਨ ਵਿੱਚ ਭੂਮਿਕਾ ਬਾਰੇ ਲਿਖੋ।

## ਪਾਠ ਦੇ ਮੁੱਖ ਵਿਅਕਤੀ ਅਤੇ ਸ਼ਬਦ:

1. ਰਾਸ਼ਟਰੀ ਜਾਗ੍ਰਿਤੀ, ਬ੍ਰਹਮੋ ਸਮਾਜ, ਆਰੀਆ ਸਮਾਜ, ਰਾਮ ਕ੍ਰਿਸ਼ਨ ਮਿਸ਼ਨ, ਸਿੱਖਿਆ, ਪ੍ਰੈਸ, ਮੱਧ ਸ਼੍ਰੇਣੀ, ਸਾਹਿਤ, ਦਯਾਨੰਦ ਸਰਸਵਤੀ, ਗੋਪਾਲ ਕ੍ਰਿਸ਼ਨ ਗੋਖਲੇ, ਰਾਜਾ ਰਾਮ ਮੋਹਨ ਰਾਏ, ਦਾਦਾ ਭਾਈ ਨਾਰੋਜੀ, ਸੁਰਿੰਦਰ ਨਾਥ ਬੈਨਰਜੀ

ਪਾਠ ਨੰ. : 2.3

# ਉੱਗਰਵਾਦ ਦਾ ਆਰੰਭ ਤੇ ਕਾਰਨ

**ਪਾਠ ਦੀ ਬਣਤਰ –**

1. ਉਗਰਵਾਦ ਦਾ ਆਰੰਭ ਤੇ ਕਾਰਨ
   - 1.1 ਉਦਾਰ ਧੜੇ ਦੀਆਂ ਵਿਧੀਆਂ ਅਤੇ ਇਸਦੀਆਂ ਪ੍ਰਾਪਤੀਆਂ ਬਾਰੇ ਅਸੰਤੋਸ਼।
   - 1.2 1892 ਦੇ ਐਕਟ ਪ੍ਰਤੀ ਅਸੰਤੁਸ਼ਟਤਾ।
   - 1.3 ਭਾਰਤ ਵਾਸੀਆਂ ਦੀਆਂ ਅਸਹਿ ਬਿਪਤਾਵਾਂ।
   - 1.4 ਵਿਦੇਸ਼ਾਂ ਵਿੱਚ ਹਿੰਦੁਸਤਾਨੀਆਂ ਨਾਲ ਬੁਰਾ ਵਰਤਾਓ।
   - 1.5 ਪੱਛਮੀ ਦੇਸ਼ਾਂ ਦੇ ਕ੍ਰਾਂਤੀਕਾਰੀ-ਰਾਸ਼ਟਰਵਾਦ ਤੇ ਪ੍ਰਭਾਵ
   - 1.6 ਜਾਪਾਨ ਦੇ ਹੱਥੋਂ ਰੂਸ ਦੀ ਹਾਰ ਨਾਲ ਯੂਰਪ ਦੀ ਅਜਿੱਤਤਾ ਦਾ ਭਰਮ ਟੁੱਟਣਾ।
   - 1.7 ਹਿੰਦੂ ਧਰਮ ਦਾ ਮੁੜ ਸੁਰਜੀਤ ਹੋਣਾ।
   - 1.8 ਲਾਰਡ ਕਰਜ਼ਨ ਦਾ ਪ੍ਰਤੀਕ੍ਰਿਆਵਾਦੀ ਸ਼ਾਸਨ ਕਾਲ।
   - 1.9 1905 ਈ: ਵਿੱਚ ਬੰਗਾਲ ਦੀ ਵੰਡ
   - 1.10 ਬਾਲ, ਪਾਲ ਤੇ ਲਾਲ ਦੀ ਲੀਡਰਸ਼ਿਪ
2. ਕਾਂਗਰਸ ਵਿੱਚ ਫੁੱਟ-ਸੂਰਤ ਦਾ ਸੈਸ਼ਨ 1907।
3. ਹਿੰਦੁਸਤਾਨ ਵਿੱਚ ਉਗਰਵਾਦੀ ਅਤੇ ਆਤੰਕਵਾਦੀ ਅੰਦੋਲਨ।
   - 3.1 ਬੰਗਾਲ
   - 3.2 ਮਹਾਂਰਾਸ਼ਟਰ
   - 3.3 ਪੰਜਾਬ
   - 3.4 ਵਿਦੇਸ਼ਾਂ ਵਿਚ ਭਾਰਤੀਆਂ ਦੀਆਂ ਆਤੰਕਵਾਦੀ ਸਰਗਰਮੀਆਂ
   - 3.5 ਵਿਸ਼ਵ-ਯੁੱਧ ਆਰੰਭ ਤੋਂ ਹਥਿਆਰਬੰਦ ਕ੍ਰਾਂਤੀ ਲਈ ਯਤਨ
4. ਉੱਗਰਵਾਦੀਆਂ ਅਤੇ ਆਤੰਕਵਾਦੀਆਂ ਪ੍ਰਤੀ ਸਰਕਾਰ ਦੀ ਜ਼ਬਰ ਰਿਆਇਤਾਂ ਦੇਣ ਤੇ ਫੁੱਟ ਪਾਉਣ ਦੀ ਨੀਤੀ
   - 4.1 ਜ਼ਬਰ ਅਤੇ ਸਖਤੀ
   - 4.2 ਸੁਧਾਰ
   - 4.3 ਫੁੱਟ ਪਾਉਣ ਦੀ ਨੀਤੀ

## ਪਾਠ ਦਾ ਉਦੇਸ਼ –

1) ਉੱਗਰਵਾਦ ਦੇ ਆਰੰਭ ਦੇ ਕਾਰਨਾਂ ਦੀ ਪੜਚੋਲ।
2) ਉੱਗਰਵਾਦ ਅੰਦੋਲਨ ਦਾ ਸਰੂਪ।
3) ਉੱਗਰਵਾਦ ਅੰਦੋਲਨ ਦੇ ਮੁੱਖ ਨੇਤਾਵਾਂ ਦੀ ਰਾਸ਼ਟਰੀ ਅੰਦੋਲਨ ਵਿਚ ਭੂਮਿਕਾ।
4) ਅੰਗਰੇਜ਼ਾਂ ਦੇ ਉੱਗਰਵਾਦ ਅੰਦੋਲਨ ਨੂੰ ਕੁਚਲਣ ਦੇ ਯਤਨ ਅਤੇ ਕਾਂਗਰਸ ਵਿੱਚ ਫੁੱਟ ਪਾਉਣ ਦੀ ਕੋਸ਼ਿਸ਼।

ਵੀਹਵੀਂ ਸਦੀ ਦੇ ਮੁੱਢਲੇ ਸਾਲਾਂ ਵਿੱਚ ਭਾਰਤੀ ਰਾਸ਼ਟਰਵਾਦ ਦਾ ਨਵਾਂ ਦੌਰ ਸ਼ੁਰੂ ਹੋਇਆ। ਜਿਵੇਂ ਪਿਛਲੇ ਪਾਠ ਵਿਚ ਪੜ੍ਹਿਆ ਹੈ, ਬਹੁਤ ਸਾਰੇ ਨੌਜਵਾਨ ਰਾਸ਼ਰਵਾਦੀ ਉਦਾਰ ਦਲ (Moderates) ਦੇ ਪ੍ਰੋਗਰਾਮ ਨਾਲ ਸੰਤੁਸ਼ਟ ਨਹੀਂ ਸਨ, ਉਹ ਉਗਰਵਾਦ (Extremist) ਦੀ ਪ੍ਰਤੱਖ ਕਾਰਵਾਈ (Direct Action) ਕਰਨ ਬਾਰੇ ਸੋਚਣ ਲੱਗ ਪਏ ਸਨ। ਉਦਾਰ ਧੜੇ ਦੇ ਕਾਂਗਰਸੀ ਭਾਵੇਂ ਅਜੇ ਕਾਂਗਰਸ ਉਤੇ ਅਧਿਕਾਰ ਜਮਾਈ ਬੈਠੇ ਸਨ, ਪਰ ਉਨ੍ਹਾਂ ਦਾ ਅਸਰ ਰਸੂਖ ਪਹਿਲਾਂ ਨਾਲੋਂ ਘੱਟ ਚੁੱਕਾ ਸੀ, ਨਵੀਆਂ ਵਿਧੀਆਂ ਦੇ ਨਵੇਂ ਸਿਧਾਂਤਾਂ ਨੂੰ ਅਪਨਾਉਣ ਵਾਲੇ ਉੱਗਰ ਰਾਸ਼ਟਰਵਾਦੀ ਅੱਗੇ ਆ ਰਹੇ ਸਨ। ਇਸ ਸਮੇਂ ਉੱਗਰ ਰਾਸ਼ਟਰਵਾਦੀਆਂ ਦਾ ਸਮਾਜਿਕ ਜੀਵਨ ਤੇ ਇੰਨਾ ਪ੍ਰਬਲ ਪ੍ਰਭਾਵ ਸੀ ਕਿ 1905 ਈਸਵੀ ਤੋਂ 1919 ਈਸਵੀ ਤੱਕ ਦੇ ਸਮੇਂ ਨੂੰ ਉੱਗਰਵਾਦ ਜਾਂ ਅਤਵਾਦੀ ਰਾਸ਼ਟਰਵਾਦ ਦਾ ਕਾਲ ਕਿਹਾ ਜਾਂਦਾ ਹੈ। ਇਸ ਅੰਦੋਲਨ ਨੂੰ ਜਨਮ ਦੇਣ ਵਾਲੇ ਸਾਧਨ ਤੇ ਸ਼ਕਤੀਆਂ ਬਹੁਤ ਚਿਰ ਪਹਿਲਾਂ ਤੋਂ ਹੀ ਕ੍ਰਿਆਸ਼ੀਲ ਸਨ, ਇਥੇ ਇਨ੍ਹਾਂ ਦਾ ਸੰਖੇਪ ਵਰਨਣ ਦੇਣਾ ਉਚਿਤ ਹੋਵੇਗਾ, ਜੋ ਇਸ ਪ੍ਰਕਾਰ ਹੈ :ਫ਼

**1.1 ਉਦਾਰ ਧੜੇ ਦੀਆਂ ਵਿਧੀਆਂ ਅਤੇ ਇਸ ਦੀਆਂ ਪ੍ਰਾਪਤੀਆਂ ਬਾਰੇ ਅਸੰਤੋਸ਼ :** ਕਾਂਗਰਸ ਦੀ ਅਗਵਾਈ ਵੀਹਾਂ ਸਾਲਾਂ (1885–1905) ਤੋਂ ਵਧੇਰੇ ਸਮੇਂ ਤਕ ਉਦਾਰ ਜਾਂ ਨਰਮ ਦਲੀ ਕਾਂਗਰਸ ਦੇ ਹੱਥ ਵਿਚ ਰਹੀ, ਉਹ ਸੰਵਿਧਾਨਕ ਵਿਧੀਆਂ ਰਾਹੀਂ ਦੇਸ਼ ਵਾਸੀਆਂ ਦਾ ਪਥ-ਪ੍ਰਦਰਸ਼ਨ ਕਰਦੇ ਰਹੇ। ਇਸ ਵਿਚ ਸ਼ੱਕ ਨਹੀਂ ਕਿ ਉਹ ਆਪਣੇ ਯਤਨਾਂ ਤੇ ਇਰਾਦਿਆਂ ਵਿਚ ਬਿਲਕੁਲ ਸਾਫ ਦਿਲ ਤੇ ਨਿਸ਼ਕਪਟ ਸਨ, ਪਰ ਇਹ ਸਭ ਕੁਝ ਹੁੰਦਿਆਂ ਵੀ ਉਨ੍ਹਾਂ ਦੀਆਂ ਸਫਲਤਾਵਾਂ ਤੇ ਪ੍ਰਾਪਤੀਆਂ ਰਾਸ਼ਟਰਵਾਦੀਆਂ ਦੀਆਂ ਉਮੀਦਾਂ ਤੋਂ ਬਹੁਤ ਘੱਟ ਸਨ। ਲਾਲਾ ਲਾਜਪਤ ਰਾਏ ਦੇ ਹੇਠਾਂ ਦਿੱਤੇ ਸ਼ਬਦਾਂ ਤੋਂ ਉਦਾਰਵਾਦੀਆਂ ਦੀਆਂ ਵਿਧੀਆਂ ਬਾਰੇ ਉੱਗਰਵਾਦੀਆਂ ਦਾ ਅਸੰਤੋਸ਼ ਸਪੱਸ਼ਟ ਹੁੰਦਾ ਹੈ, "ਆਪਣੀਆਂ ਸ਼ਿਕਾਇਤਾਂ ਦੀ ਸੁਣਵਾਈ ਤੇ ਰਿਆਇਤਾਂ ਦੀਆਂ ਪ੍ਰਾਪਤੀਆਂ ਲਈ ਵੀਹਾਂ ਸਾਲਾਂ ਤੋਂ ਵਧੇਰੇ ਦੇ ਲਗਾਤਾਰ ਅੰਦੋਲਨ ਪਿਛੋਂ ਉਹਨਾਂ (ਉਦਾਰ-ਪੱਖੀਆਂ) ਨੂੰ ਰੋਟੀ ਮਿਲਣ ਦੀ ਥਾਂ ਇੱਟਾਂ ਰੋੜੇ ਮਿਲੇ ਹਨ। ਉਦਾਰ ਧੜੇ ਦੀਆਂ ਗਤੀ-ਵਿਧੀਆਂ ਤੇ ਪ੍ਰਾਪਤੀਆਂ ਬਾਰੇ ਅਜਿਹੇ ਅਸੰਤੋਸ਼ ਦੇ ਕਾਰਨ ਕਾਂਗਰਸ ਵਿਚ ਇਕ ਅਜਿਹਾ ਧੜਾ ਖੜਾ ਹੋ ਗਿਆ, ਜਿਸ ਨੇ ਉੱਗਰ ਰਾਸ਼ਟਰਵਾਦ ਦਾ ਪ੍ਰਚਾਰ ਆਰੰਭ ਕਰ ਦਿੱਤਾ।"

**1.2 1892 ਦੇ ਐਕਟ ਪ੍ਰਤੀ ਅਸੰਤੁਸ਼ਟਤਾ :** ਸ਼ੁਰੂ ਵਿਚ ਕਾਂਗਰਸ ਨੇ ਆਪਣੀਆਂ ਮੰਗਾਂ ਮੰਨਵਾਉਣ ਲਈ ਸੰਵਿਧਾਨਿਕ ਤਰੀਕੇ ਅਪਨਾਏ ਪਰ ਅੰਗਰੇਜ਼ੀ ਸਰਕਾਰ ਨੇ ਉਨ੍ਹਾਂ ਵਲ ਕੋਈ ਖਾਸ ਧਿਆਨ ਨਹੀਂ ਦਿੱਤਾ। 1892 ਦੇ ਐਕਟ ਤੋਂ ਭਾਰਤੀਆਂ ਨੂੰ ਕੁਝ ਨਾ ਪ੍ਰਾਪਤ ਹੋਇਆ। ਜੁਆਬ ਦੇਹ ਸਰਕਾਰ ਤਾਂ ਇਕ ਪਾਸੇ ਰਹੀ ਉਨ੍ਹਾਂ ਨੂੰ ਕੌਂਸਿਲ ਦੇ ਮੈਂਬਰ ਚੁਣਨ ਦਾ ਅਧਿਕਾਰ ਵੀ ਨਹੀਂ ਦਿੱਤਾ ਗਿਆ। ਨਰਮ ਦਲ ਇਸ ਐਕਟ ਨਾਲ ਪ੍ਰਸੰਨ ਸੀ ਪਰ ਜਵਾਨ ਕਾਂਗਰਸੀਆਂ ਨੂੰ ਗੁੱਸਾ ਆਇਆ ਤੇ ਉਨ੍ਹਾਂ ਨੇ ਉਗਰਵਾਦੀ ਦ੍ਰਿਸ਼ਟੀਕੋਣ ਅਪਨਾ ਲਿਆ। ਉਹ ਇਸ ਸਿੱਟੇ ਤੇ ਪੁੱਜੀ ਕਿ ਆਜ਼ਾਦੀ ਪ੍ਰਾਪਤ ਕੀਤੀ ਜਾਣੀ ਹੈ ਚਾਹੀਦੀ, ਮੰਗੀ ਨਹੀਂ ਜਾਣੀ ਚਾਹੀਦੀ। ਤਿਲਕ ਨੇ ਇਥੋਂ ਤੱਕ ਕਿਹਾ ਕਿ "ਆਜ਼ਾਦੀ ਸਾਡਾ ਜਨਮ ਸਿੱਧ ਅਧਿਕਾਰ ਹੈ ਤੇ ਅਸੀਂ ਇਸ ਨੂੰ ਲੈ ਕੇ ਰਹਾਂਗੇ।"

**1.3 ਭਾਰਤ ਵਾਸੀਆਂ ਦੀਆਂ ਅਸਹਿ ਬਿਪਤਾਵਾਂ :** ਉਨ੍ਹੀਵੀਂ ਸਦੀ ਦੇ ਅਖੀਰਲੇ ਸਾਲਾਂ ਵਿਚ ਭਾਰਤ ਵਾਸੀਆਂ ਨੂੰ ਬਿਪਤਾਵਾਂ ਦੇ ਝੱਖੜਾਂ ਦਾ ਟਾਕਰਾ ਕਰਨਾ ਪਿਆ। ਸੰਨ 1886–87 ਵਿਚ ਦੱਖਣੀ ਭਾਰਤ ਵਿਚ ਬੜਾ ਵਿਨਾਸ਼ਕਾਰੀ ਅਕਾਲ ਪਿਆ। ਇਸ ਨੇ ਭਾਰਤ ਵਾਸੀਆਂ ਨੂੰ ਕੰਗਾਲ ਕਰ ਦਿੱਤਾ ਅਤੇ ਜਾਨੀ ਨੁਕਸਾਨ ਵੀ ਬਹੁਤ ਹੋਇਆ। ਇਸ

ਦੇ ਪਿਛੋਂ 1888 ਈ. ਵਿਚ ਪਲੇਗ ਨੇ ਤਬਾਹੀ ਮਚਾ ਦਿੱਤੀ, ਜਿਸ ਨਾਲ ਸਰਕਾਰੀ ਗਿਣਤੀ ਅਨੁਸਾਰ ਲੱਖਾਂ ਮੌਤਾਂ ਹੋਈਆਂ। ਇਸ ਰੋਗ ਬਾਰੇ ਹਿੰਦੁਸਤਾਨੀਆਂ ਨੂੰ ਉਦੋਂ ਕੋਈ ਜਾਣਕਾਰੀ ਨਹੀਂ ਸੀ ਅਤੇ ਸਰਕਾਰ ਵਲੋਂ ਇਸ ਮਹਾਂਮਾਰੀ ਦਾ ਮੁਕਾਬਲਾ ਕਰਨ ਲਈ ਕੀਤੀਆਂ ਗਈਆਂ ਕਾਰਵਾਈਆਂ ਸਫ਼ਲ ਸਿੱਧ ਨਾ ਹੋ ਸਕੀਆਂ ਅਤੇ ਇਹ ਕਾਫ਼ੀ ਵੀ ਨਹੀਂ ਸਨ। ਵਿਸ਼ਵ ਮਤ ਵਿਚ ਹਿੰਦੁਸਤਾਨੀ ਗੌਰਮਿੰਟ ਦੀ ਕਰੜੀ ਨੁਕਤਾਚੀਨੀ ਹੋਈ ਅਤੇ ਸਰਕਾਰ ਨੂੰ ਦੇਸ਼ਵਾਸੀਆਂ ਦੀਆਂ ਬਿਪਤਾਵਾਂ ਲਈ ਜ਼ਿੰਮੇਵਾਰ ਠਹਿਰਾਇਆ ਗਿਆ। ਪਲੇਗ ਦੀ ਤਬਾਹੀ ਪਿਛੋਂ 1889 ਈ. ਵਿਚ ਅਕਾਲ ਪੈ ਗਿਆ, ਜਿਸ ਨਾਲ ਜਾਨੀ ਨੁਕਸਾਨ ਹੋਇਆ। ਇਨ੍ਹਾਂ ਦੁਖਦਾਈ ਘਟਨਾਵਾਂ ਨੇ ਜਨਤਾ ਨੂੰ ਸਰਕਾਰ ਦੇ ਵਿਰੁੱਧ ਕਰ ਦਿੱਤਾ ਅਤੇ ਉਨ੍ਹਾਂ ਨੂੰ ਦਲੇਰ, ਬਹਾਦਰ ਤੇ ਵਿਦਰੋਹੀ ਬਣਾ ਦਿੱਤਾ। ਉਨ੍ਹਾਂ ਨੂੰ ਨਰਮ ਧੜੇ ਦੇ ਤਰੀਕਿਆਂ ਵਿਚ ਵੀ ਕੋਈ ਵਿਸ਼ਵਾਸ ਨਾ ਰਿਹਾ ਅਤੇ ਆਪਣੀਆਂ ਮੁਸੀਬਤਾਂ ਤੋਂ ਛੁਟਕਾਰਾ ਪਾਉਣ ਲਈ ਉਨ੍ਹਾਂ ਨੇ ਉਗਰਵਾਦੀ ਗਤੀਵਿਧੀਆਂ ਦਾ ਸਹਾਰਾ ਲਿਆ। ਉਨ੍ਹਾਂ ਦੇ ਦ੍ਰਿਸ਼ਟੀਕੋਣ ਵਿਚ ਹੋਇਆ ਪਰਿਵਰਤਨ ਉਦੋਂ ਪ੍ਰਤੱਖ ਹੋਇਆ, ਜਦੋਂ ਦੋ ਬ੍ਰਿਟਿਸ਼ ਅਫ਼ਸਰ ਰੋਡ ਤੇ ਲੈਫਟੀਨੈਂਟ ਆਯਰਨਟ ਕਤਲ ਕਰ ਦਿੱਤੇ ਗਏ। ਡਾ. ਈਸ਼ਵਰੀ ਪ੍ਰਸਾਦ ਦੇ ਸ਼ਬਦਾਂ ਵਿਚ ਇਨ੍ਹਾਂ ਕਤਲਾਂ ਨਾਲ ਰਾਸ਼ਟਰਵਾਦ ਦਾ ਨਵਾਂ ਦੌਰ ਆਰੰਭ ਹੋਇਆ, ਜਿਸ ਨੂੰ ਅਸੀਂ ਉਗਰਵਾਦ ਜਾਂ ਅਤਿਵਾਦ ਕਹਿ ਸਕਦੇ ਹਾਂ।

**1.4 ਵਿਦੇਸ਼ਾਂ ਵਿਚ ਹਿੰਦੁਸਤਾਨੀਆਂ ਨਾਲ ਬੁਰਾ ਵਰਤਾਉ :** ਵੀਹਵੀਂ ਸਦੀ ਦੇ ਮੁੱਢਲੇ ਸਾਲਾਂ ਤਕ ਹਿੰਦੁਸਤਾਨੀ ਲੋਕ ਬਹੁਤ ਵੱਡੀਆਂ ਸੰਖਿਆਵਾਂ ਵਿਚ ਅਫ਼ਰੀਕਾ, ਬਰਮਾ, ਹਾਂਗ ਕਾਂਗ, ਕੈਨੇਡਾ ਅਤੇ ਅਮਰੀਕਾ ਵਿਚ ਆਬਾਦ ਹੋ ਚੁੱਕੇ ਸਨ। ਭਾਵੇਂ ਉਨ੍ਹਾਂ ਵਿਚੋਂ ਕਈ ਬੜੇ ਧਨਾਢ ਸਨ ਪਰ ਬ੍ਰਿਟਿਸ਼ ਲੋਕਾਂ ਤੋਂ ਘ੍ਰਿਣਾ ਕਰਦੇ ਸਨ। ਇਸ ਤੋਂ ਇਲਾਵਾ ਉਨ੍ਹਾਂ ਤੇ ਕਈ ਪ੍ਰਕਾਰ ਦੀਆਂ ਪਾਬੰਦੀਆਂ ਲਾਈਆਂ ਗਈਆਂ ਸਨ ਅਤੇ ਉਨ੍ਹਾਂ ਨੂੰ ਸਾਧਾਰਨ ਮਨੁੱਖੀ ਅਧਿਕਾਰ ਵੀ ਪ੍ਰਾਪਤ ਨਹੀਂ ਸਨ। ਯੂਰਪੀਨ ਲੋਕਾਂ ਲਈ ਰਾਖਵੇਂ ਰਖੇ ਗਏ ਇਲਾਕਿਆਂ ਵਿਚ ਉਹ (ਹਿੰਦੁਸਤਾਨੀ) ਮਕਾਨ ਵੀ ਨਹੀਂ ਸਨ ਬਣਾ ਸਕਦੇ। ਉਨ੍ਹਾਂ ਨੂੰ ਕਈ ਹੋਟਲਾਂ ਵਿਚ ਜਾਣ ਤੇ ਹਸਪਤਾਲਾਂ ਵਿਚ ਦਾਖਲ ਹੋਣ ਦੀ ਆਗਿਆ ਨਹੀਂ ਸੀ। ਉਨ੍ਹਾਂ ਦੇ ਬੱਚਿਆਂ ਨੂੰ ਉਚ-ਸ਼ਰੇਣੀ ਦੀਆਂ ਵਿਦਿਅਕ ਸੰਸਥਾਵਾਂ ਵਿਚ ਦਾਖਿਲ ਨਹੀਂ ਸੀ ਕੀਤਾ ਜਾਂਦਾ। ਦੱਖਣੀ ਅਫ਼ਰੀਕਾ ਦੀਆਂ ਬਸਤੀਆਂ ਨਟਾਲ ਤੇ ਟ੍ਰਾਂਸਵਾਲ ਵਿਚ ਉਨ੍ਹਾਂ ਨੂੰ ਪੋਲ ਟੈਕਸ (Poll Tax) ਵੀ ਦੇਣਾ ਪੈਂਦਾ ਸੀ। ਇਸ ਤੋਂ ਵੀ ਮੰਦੀ ਦਸ਼ਾ ਇਹ ਸੀ ਕਿ ਉਨ੍ਹਾਂ ਨੂੰ ਰੇਲ ਦੇ ਫਸਟ ਕਲਾਸ ਦੇ ਡੱਬਿਆਂ ਵਿਚ ਸਫਰ ਕਰਨ ਦਾ ਅਧਿਕਾਰ ਨਹੀਂ ਸੀ, ਅਤੇ ਉਹ ਰਾਤ 9 ਵਜੇ ਤੋਂ ਬਾਅਦ ਆਪਣੇ ਘਰਾਂ ਤੋਂ ਬਾਹਰ ਨਹੀਂ ਸਨ ਨਿਕਲ ਸਕਦੇ। ਵਿਦੇਸ਼ਾਂ ਵਿਚ ਹਿੰਦੁਸਤਾਨੀਆਂ ਦਾ ਇਸ ਲਈ ਅਪਮਾਨ ਕੀਤਾ ਜਾ ਰਿਹਾ ਸੀ ਕਿਉਂਕਿ ਉਹ ਆਪਣੇ ਦੇਸ਼ ਵਿਚ ਗੁਲਾਮ ਸਨ। ਇਸ ਵਿਚਾਰ ਨੇ ਵੀ ਹਿੰਦੁਸਤਾਨੀਆਂ ਨੂੰ ਬ੍ਰਿਟਿਸ਼ ਵਿਰੋਧੀ ਬਣਾ ਦਿੱਤਾ ਅਤੇ ਨਾਲ ਉੱਗਰ ਰਾਸ਼ਟਰਵਾਦ ਦੇ ਵਿਕਾਸ ਵਿਚ ਸਹਾਇਤਾ ਦਿੱਤੀ।

**1.5 ਪੱਛਮੀ ਦੇਸ਼ਾਂ ਦੇ ਕ੍ਰਾਂਤੀਕਾਰੀ-ਰਾਸ਼ਟਰਵਾਦ ਤੇ ਪ੍ਰਭਾਵ :** ਭਾਰਤੀ ਉੱਗਰਵਾਦ ਨੇ ਪੱਛਮੀ ਦੇਸ਼ਾਂ ਦੇ ਕ੍ਰਾਂਤੀਕਾਰੀ ਸਿਧਾਂਤਾਂ ਤੋਂ ਵੀ ਪ੍ਰੇਰਣਾ ਲਈ। ਇਥੇ ਇਹ ਚੇਤੇ ਕਰਨਾ ਜ਼ਰੂਰੀ ਹੈ ਕਿ ਫਰਾਂਸ, ਅਮਰੀਕਾ, ਇਟਲੀ ਤੇ ਜਰਮਨੀ ਵਿਚ ਰਾਸ਼ਟਰਵਾਦੀਆਂ ਨੇ ਸੁਤੰਤਰਤਾ-ਸੰਗਰਾਮ ਵਿਚ ਬਲ ਪ੍ਰਯੋਗ, ਹਿੰਸਾ ਤੇ ਵਿਦਰੋਹ ਤੋਂ ਕੰਮ ਲਿਆ ਸੀ। ਖੁਦ ਅੰਗਰੇਜ਼ਾਂ ਨੇ ਆਪਣੀ ਆਜ਼ਾਦੀ ਕਾਇਮ ਰੱਖਣ ਲਈ ਆਪਣੇ ਬਾਦਸ਼ਾਹ ਚਾਰਲਸ ਪਹਿਲੇ ਨੂੰ ਕਤਲ ਕੀਤਾ ਸੀ। ਇਨ੍ਹਾਂ ਮਿਸਾਲਾ ਤੋਂ ਨੌਜਵਾਨ ਭਾਰਤ ਵਾਸੀਆਂ ਨੂੰ ਇਹ ਸਪਸ਼ਟ ਜਾਪਣ ਲੱਗ ਪਿਆ ਕਿ ਉਹ ਵੀ ਸੰਵਿਧਾਨਕ ਵਿਧੀਆਂ ਨਾਲ ਆਪਣਾ ਆਦਰਸ਼ ਪਾਪਤ ਨਹੀਂ ਕਰ ਸਕਦੇ ਸਨ ਅਤੇ ਇਸ ਲਈ ਉਹ ਹੁਣ ਮਹਿਸੂਸ ਕਰਨ ਲੱਗੇ ਕਿ ਉਨ੍ਹਾਂ ਨੂੰ ਬਲ ਪ੍ਰਯੋਗ ਵਾਲੇ ਅਤੇ ਪੂਰਾ ਅਸਰ ਪਾਉਣ ਵਾਲੇ ਢੰਗ ਅਪਨਾਉਣੇ ਚਾਹੀਦੇ ਹਨ।

**1.6 ਜਪਾਨ ਦੇ ਹੱਥੋਂ ਰੂਸ ਦੀ ਹਾਰ ਨਾਲ ਯੂਰਪ ਦੀ ਅਜਿੱਤਤਾ ਦਾ ਭਰਮ ਟੁੱਟਣਾ :** 1905 ਈ. ਵਿਚ ਜਪਾਨ ਨੇ ਰੂਸ ਨੂੰ ਹਰਾ ਦਿੱਤਾ। ਇਹ ਘਟਨਾ ਏਸ਼ੀਆ ਦੇ ਇਤਿਹਾਸ ਵਿਚ ਬੜੀ ਰੋਮਾਂਚਕਾਰੀ ਸੀ। ਇਸ ਯੂਰਪੀਅਨਾਂ ਦੀ ਅਜਿੱਤਤਾ ਨੂੰ ਗਲਤ ਸਿੱਧ ਕਰ ਦਿੱਤਾ। ਇਸ ਨਾਲ ਹਿੰਦੁਸਤਾਨੀ ਉਗਰ-ਰਾਸ਼ਟਰਵਾਦੀਆਂ ਨੂੰ ਬੜਾ ਸਾਹਸ ਮਿਲਿਆ।

**1.7 ਹਿੰਦੂ ਧਰਮ ਦਾ ਮੁੜ ਸੁਰਜੀਤ ਹੋਣਾ :** ਉਦਾਰ ਲੀਡਰ ਪੱਛਮੀ ਵਿਚਾਰਾਂ ਵਿਚ ਵਿਸ਼ਵਾਸ ਰੱਖਦੇ ਸਨ। ਪਰ ਨਵੇਂ ਲੀਡਰਾਂ ਨੇ ਭਾਰਤੀ ਸਭਿਅਤਾ, ਧਰਮ ਅਤੇ ਸਭਿਆਚਾਰ, ਦੀ ਮਹਾਨਤਾ ਨੂੰ ਮੁੜ ਉਜਾਗਰ ਕਰ ਦਿੱਤਾ। ਬੰਕਿਮ ਚੰਦਰ ਚੈਟਰਜੀ, ਵਿਵੇਕਾਨੰਦ ਅਤੇ ਸੁਆਮੀ ਦਯਾਨੰਦ ਨੇ ਭਾਰਤੀਆਂ ਦੀ ਚੇਤਨਾ ਨੂੰ ਟੁੰਬਿਆ। ਬੈਕਿੰਮ ਨੇ ਭਗਵਾਨ ਕ੍ਰਿਸ਼ਨ ਨੂੰ ਇਕ ਕਰਮਯੋਗੀ ਦੇ ਰੂਪ ਵਿਚ ਵੇਖਿਆ ਜੋ ਬੁਰਾਈ ਵਿਰੁੱਧ ਲੜਦਾ ਤੇ ਸਚਾਈ ਦਾ ਸਹਾਇਕ ਹੈ। ਉਸ ਨੇ ਭਗਵਾਨ ਕ੍ਰਿਸ਼ਨ ਦੀ ਅਗਵਾਈ ਵਿਚ ਸੰਯੁਕਤ ਭਾਰਤ ਦਾ ਸਪਨਾ ਵੇਖਿਆ। ਵਿਵੇਕਾਨੰਦ ਨੇ ਆਪਣੇ ਦੇਸ਼ ਵਾਸੀਆਂ ਨੂੰ ਆਪਣੇ ਮਹਾਨ ਸਭਿਆਚਾਰਕ ਵਿਰਸੇ ਨੂੰ ਸਮਝਣ ਲਈ ਸੁਚੇਤ ਕੀਤਾ। ਉਸ ਨੇ ਨੌਜਵਾਨਾਂ ਨੂੰ ਆਤਮ ਵਿਸ਼ਵਾਸ ਦੀ ਭਾਵਨਾ ਬਖਸ਼ੀ ਅਤੇ ਪੱਛਮ ਤੇ ਵਿਜੇ ਪ੍ਰਾਪਤ ਕਰਨ ਲਈ ਭਾਰਤੀ ਆਤਮ ਗੁਣਾਂ ਦਾ ਸਹਾਰਾ ਲੈਣ ਲਈ ਪ੍ਰੇਰਿਆ। ਸੁਆਮੀ ਦਯਾ ਨੰਦ ਨੇ ਪੱਛਮੀ ਉਚਤਾ ਦੇ ਢਕੋਸਲੇ ਦਾ ਪਰਦਾ ਫਾਸ਼ ਕੀਤਾ। ਉਸ ਨੇ ਦਸਿਆ ਕਿ ਵੈਦਿਕ ਯੁੱਗ ਵਿਚ ਭਾਰਤੀ ਸਭਿਅਤਾ ਬਹੁਤ ਮਹਾਨ ਤੇ ਉਚੀ ਸੀ ਤੇ ਉਸ ਸਮੇਂ ਯੂਰਪੀ ਲੋਕ ਅਗਿਆਨਤਾ ਦੇ ਹਨੇਰੇ ਵਿਚ ਡਿੱਗੇ ਪਏ ਸਨ। ਦਯਾ ਨੰਦ ਦਾ ਰਾਜਨੀਤਿਕ ਸੁਨੇਹਾ ਇਹ ਸੀ ਕਿ ਭਾਰਤ ਭਾਰਤੀਆਂ ਦਾ ਹੈ।

**1.8 ਲਾਰਡ ਕਰਜ਼ਨ ਦਾ ਪ੍ਰਤਿਕ੍ਰਿਆਵਾਦੀ ਸ਼ਾਸਨ ਕਾਲ :** (1893 ਈ. ਤੋਂ 1905 ਈ.) ਲਾਰਡ ਕਰਜ਼ਨ ਬ੍ਰਿਟਿਸ਼ ਸਾਮਰਾਜੀ ਹਿੱਤ ਦਾ ਕੱਟੜ ਪੱਖੀ ਸੀ। ਉਹ ਕੋਈ ਸੱਤ ਸਾਲ ਤਕ ਭਾਰਤ ਦਾ ਗਵਰਨਰ ਜਨਰਲ ਰਿਹਾ। ਉਸਨੇ ਵੱਖ ਵੱਖ ਸੰਸਥਾਵਾਂ ਉਤੇ ਸਰਕਾਰੀ ਕੰਟਰੋਲ ਕਰੜਾ ਕਰਨ ਲਈ ਤੇ ਉਨ੍ਹਾਂ ਦੇ ਕੰਮ ਵਿਚ ਸਰਕਾਰੀ ਅਧਿਕਾਰੀਆਂ ਦੀ ਦਖਲ-ਅੰਦਾਜ਼ੀ ਵਧਾਉਣ ਲਈ ਕਈ ਕਾਰਵਾਈਆਂ ਕੀਤੀਆਂ। ਇਨ੍ਹਾਂ ਵਿਚੋਂ ਵਧੇਰੇ ਮਹੱਤਤਾ ਵਾਲੀਆਂ ਕਾਰਵਾਈਆਂ ਸਨ : ਇੰਡੀਅਨ ਯੂਨੀਵਰਸਿਟੀਜ਼ ਐਕਟ 1904 ਈ. ਕਲਕੱਤਾ ਕਾਰਪੋਰੇਸ਼ਨ ਐਕਟ 1899 ਈ. ਦੇ ਆਫੀਸ਼ੀਅਲ ਸੀਕਰਟਸ ਐਕਟ (Official Secrets Act)। ਇਸ ਤੋਂ ਇਲਾਵਾ ਲਾਰਡ ਕਰਜ਼ਨ ਨੇ ਕਈ ਭੜਕਵੇਂ ਲੈਕਚਰ ਵੀ ਦਿੱਤੇ, ਜਿਨ੍ਹਾਂ ਵਿਚ ਉਸ ਨੇ ਕਈ ਵਾਰ ਹਿੰਦੁਸਤਾਨੀਆਂ ਨੂੰ "ਬੇਈਮਾਨ ਤੇ ਝੂਠਾ" ਵੀ ਕਿਹਾ। ਇਸ ਤੋਂ ਭੈੜੀ ਗੱਲ ਇਹ ਸੀ ਕਿ ਉਸ ਨੇ ਭਾਰਤਵਾਸੀਆਂ ਦੇ ਵਿਚਾਰਾਂ ਤੇ ਭਾਵਨਾਵਾਂ ਵਲ ਧਿਆਨ ਦੇਣ ਦੀ ਕੋਈ ਪ੍ਰਵਾਹ ਨਾ ਕੀਤੀ। ਇਸ ਤੋਂ ਬਿਨਾਂ ਲਾਰਡ ਕਰਜ਼ਨ ਪੱਕਾ ਸਾਮਰਾਜਵਾਦੀ ਸੀ। ਬ੍ਰਿਟਿਸ਼ ਸਾਮਰਾਜ ਨੂੰ ਪੱਕਾ ਕਰਨ ਲਈ ਉਸ ਨੇ ਹਿੰਦੁਸਤਾਨੀਆਂ ਦੇ ਖਰਚ ਤੇ ਤਿਬੱਤ ਅਤੇ ਫਰਾਂਸ ਦੀ ਖਾੜੀ ਵਿਚ ਫੌਜਾਂ ਭੇਜੀਆਂ। ਬ੍ਰਿਟਿਸ਼ ਗਵਰਨਰ ਜਨਰਲ ਦੀਆਂ ਇਨ੍ਹਾਂ ਕਾਰਵਾਈਆਂ ਅਤੇ ਉਸ ਦੀ ਨੀਤੀ ਨੇ ਰਾਸ਼ਟਰਵਾਦੀਆਂ ਦੀਆਂ ਦੱਬੀਆਂ ਹੋਈਆਂ ਸ਼ਕਤੀਆਂ ਨੂੰ ਉਭਾਰ ਦਿੱਤਾ। ਜਿਹੜੀਆਂ ਪਿਛਲੇ ਕਈ ਸਾਲਾਂ ਤੋਂ ਬਲਵਾਨ ਹੋ ਰਹੀਆਂ ਸਨ।

**1.9 1905 ਈ. ਵਿਚ ਬੰਗਾਲ ਦੀ ਵੰਡ :** ਸੰਨ 1905 ਈ. ਵਿਚ ਲਾਰਡ ਕਰਜ਼ਨ ਨੇ ਬੰਗਾਲ ਪਰੈਸੀਡੈਂਸੀ ਨੂੰ ਜਦੋਂ ਪ੍ਰਬੰਧਕੀ ਇਕਾਈਆਂ ਵਿਚ ਵੰਡਣ ਦਾ ਸੁਝਾਅ ਪੇਸ਼ ਕੀਤਾ, ਜਿਨ੍ਹਾਂ ਵਿਚ ਇਕ ਇਕਾਈ ਵਿਚ ਪੂਰਬੀ ਬੰਗਾਲ ਅਤੇ ਆਸਾਮ ਸਨ ਅਤੇ ਦੂਜੀ ਵਿਚ ਪੱਛਮੀ ਬੰਗਾਲ, ਬਿਹਾਰ, ਛੋਟਾ ਨਾਗਪੁਰ ਤੇ ਉੜੀਸਾ ਸ਼ਾਮਲ ਸਨ, ਇਸ ਪ੍ਰਾਂਤ ਦੀ ਰਾਜਨੀਤਿਕ ਏਕਤਾ ਤੋੜਨ ਲਈ ਹਿੰਦੂਆਂ ਤੇ ਮੁਸਲਮਾਨਾਂ ਨੂੰ ਇਕ ਦੂਜੇ ਦਾ ਵਿਰੋਧੀ ਬਣਾਉਣ ਲਈ ਅਤੇ ਨਵੀਂ ਰਾਸ਼ਟਰਵਾਦੀ ਭਾਵਨਾ ਨੂੰ ਕਮਜ਼ੋਰ ਕਰਨ ਲਈ ਗਵਰਨਰ ਜਨਰਲ ਦੀ ਇਹ ਗੁੱਝੀ ਚਾਲ ਸੀ। ਭਾਵੇਂ ਇਹ "ਪਾੜੋ ਤੇ ਰਾਜ ਕਰੋ" ਦੀ ਨੀਤੀ ਦੇ ਵਿਰੁੱਧ ਰੋਸ ਪ੍ਰਗਟ ਕੀਤਾ ਗਿਆ, ਪਰ ਕਰਜ਼ਨ ਨੇ ਨਾਦਰਸ਼ਾਹੀ ਤਰੀਕੇ ਨਾਲ ਇਹ ਵੰਡ ਕਰ ਹੀ ਦਿੱਤੀ, ਇਸਦੇ ਫਲਸਰੂਪ ਬੰਗਾਲ ਵਿਚ ਬੜਾ ਭਾਰੀ ਰਾਸ਼ਟਰੀ ਅੰਦੋਲਨ ਆਰੰਭ ਹੋ ਗਿਆ, ਜੋ ਥੋੜ੍ਹੇ ਹੀ ਸਮੇਂ ਵਿਚ ਦੇਸ਼ ਦੇ ਹੋਰ ਹਿੱਸਿਆਂ ਵਿਚ ਫੈਲ ਗਿਆ। ਵੰਡ ਦਾ ਦਿਨ 16 ਅਕਤੂਬਰ 1905 ਈ. ਕੌਮੀ ਮਾਤਮ ਦੇ ਰੂਪ ਵਿਚ ਮਨਾਇਆ ਗਿਆ। ਇਹ ਵਿਸਤ੍ਰਿਤ ਅੰਦੋਲਨ ਵੀ ਉੱਗਰ ਰਾਸ਼ਟਰਵਾਦ ਤੋਂ ਬਿਨਾਂ ਕੁਝ ਨਹੀਂ ਸੀ।

**1.10 ਬਾਲ, ਪਾਲ ਤੇ ਲਾਲ ਦੀ ਲੀਡਰਸ਼ਿਪ (Leadership of Bal, Pal and Lal) :** ਇਨ੍ਹਾਂ ਔਖੇ ਸਮੇਂ ਵਿਚ ਉੱਗਰਵਾਦੀਆਂ ਨੂੰ ਬਾਲ, ਪਾਲ ਤੇ ਲਾਲ ਜਿਹੇ ਸ਼ਕਤੀਸ਼ਾਲੀ ਲੀਡਰਾਂ ਦੀ ਅਗਵਾਈ ਮਿਲ ਗਈ। ਇਸ ਤਿਗੜੀ ਵਿਚੋਂ ਪਹਿਲਾ ਵਿਅਕਤੀ ਬਾਲ ਗੰਗਾਧਰ ਤਿਲਕ ਸੀ, ਉਹ ਇਕ ਕੱਟੜ ਦੇਸ਼ ਭਗਤ ਦੇ ਵਿਦੇਸ਼ੀ ਸਰਕਾਰ ਦਾ ਮਾਰੂ ਦੁਸ਼ਮਣ ਸੀ। ਉਹ ਆਪਣੇ "ਕੇਸਰੀ" ਨਾਮ ਦੇ ਰਸਾਲੇ ਵਿਚ ਵਿਦੇਸ਼ੀ ਹਕੂਮਤ ਅਤੇ ਉਸ ਦੀ

ਜਬਰ ਵਾਲੀ ਨੀਤੀ ਦੀ ਆਮ ਨਿਖੇਧੀ ਕਰਦਾ ਹੁੰਦਾ ਸੀ, ਉਹ ਦੇਸ਼ ਵਾਸੀਆਂ ਨੂੰ ਦਲੇਰੀ ਦੇ ਪੱਕੇ ਇਰਾਦੇ ਨਾਲ ਸਰਕਾਰ ਦੀ ਜ਼ਬਰ ਵਾਲੀ ਨੀਤੀ ਦਾ ਟਾਕਰਾ ਕਰਨ ਲਈ ਪ੍ਰੇਰਣਾ ਦਿੰਦਾ ਰਹਿੰਦਾ ਸੀ। ਆਪਣੀਆਂ ਜ਼ਬਰਦਸਤ ਤਕਰੀਰਾਂ ਤੇ ਹਰਮਨ ਪਿਆਰੇ ਨਾਅਰਿਆਂ ਨਾਲ ਉਸ ਨੇ ਨੌਜਵਾਨ ਹਿੰਦੁਸਤਾਨੀਆਂ ਨੂੰ ਸਰਕਾਰ ਦੇ ਵਿਰੋਧੀ ਨੀਤੀ ਦਿੱਤੀ ਜਿਸ ਦੀ ਉਸ ਸਮੇਂ ਲੋੜ ਸੀ। ਉਸ ਨੇ ਦੇਸ਼ ਭਗਤੀ ਤੇ ਰਾਸ਼ਟਰਵਾਦ ਦੀ ਭਾਵਨਾ ਵਧਾਉਣ ਲਈ ਧਾਰਮਿਕ ਸੰਸਥਾਵਾਂ ਤੇ ਇਤਿਹਾਸਕ ਪਰੰਪਰਾਵਾਂ ਨੂੰ ਵਰਤੋਂ ਵਿਚ ਲਿਆਂਦਾ। ਬ੍ਰਿਟਿਸ਼ ਸਰਕਾਰ ਪ੍ਰਤੀ ਵਿਰੋਧ-ਮਈ ਭਾਵਨਾ ਪੈਦਾ ਕਰਨ ਵਿਚ ਉਸ ਨੇ ਮਹਾਨ ਤੇ ਅਸਾਧਾਰਨ ਹਿੱਸਾ ਪਾਇਆ। ਉਸ ਨੇ ਇਕ ਲੇਖ ਦੇ ਆਧਾਰ ਤੇ ਉਸ ਦੇ ਵਿਚਾਰਾਂ ਦਾ ਅਨੁਮਾਨ ਲਾਇਆ ਜਾ ਸਕਦਾ ਹੈ, ਜਿਸ ਵਿਚ ਉਸ ਨੇ ਲਿਖਿਆ "ਜੇ ਸਾਡੇ ਘਰ ਵਿਚ ਚੋਰ ਆ ਵੜਨ ਤੇ ਸਾਡੇ ਵਿਚ ਇੰਨੀ ਤਾਕਤ ਨਾ ਹੋਵੇ ਕਿ ਅਸੀਂ ਉਸ ਨੂੰ ਮਾਰ ਕੇ ਭਜਾ ਦੇਈਏ ਤਾਂ ਸਾਨੂੰ ਬਿਨਾਂ ਝਿਜਕ ਉਨ੍ਹਾਂ ਨੂੰ ਅੰਦਰ ਬੰਦ ਕਰਕੇ ਅੱਗ ਲਾ ਦੇਣੀ ਚਾਹੀਦੀ ਹੈ, ਤਾਂ ਜੋ ਉਹ ਹੀ ਸੜ ਮਰਨ।" ਉਹ ਕਹਿੰਦੇ ਹਨ ਕਿ ਸਵਰਾਜ ਸਾਡਾ ਜਨਮ ਸਿੱਧ ਅਧਿਕਾਰ ਹੈ ਅਤੇ ਇਸ ਲਈ ਸਾਨੂੰ ਲੜਨਾ ਚਾਹੀਦਾ ਹੈ।

**2. ਕਾਂਗਰਸ ਵਿਚ ਫੁੱਟ-ਸੂਰਤ ਦਾ ਸੈਸ਼ਨ (1907) :** 1900 ਈ. ਦੇ ਬਨਾਰਸ ਸਮਾਗਮ ਵਿਚ ਕਾਂਗਰਸ ਦੇ ਦੋ ਭਾਗ ਹੋ ਗਏ- ਗਰਮ ਦਲ ਤੇ ਨਰਮ ਦਲ। ਬਾਲ ਗੰਗਾਧਰ ਤਿਲਕ, ਲਾਲਾ ਲਾਜਪਤ ਰਾਏ, ਬਿਪਨ ਚੰਦਰ ਪਾਲ ਤੇ ਉਨ੍ਹਾਂ ਦੇ ਸਮਰਥਕਾਂ ਨੇ ਉਗਰਵਾਦੀ ਦਲ ਜਾਂ ਗਰਮ ਦਲ ਬਣਾ ਲਿਆ। ਉਹ ਸਰਕਾਰ ਨੂੰ ਕਿਸੇ ਵੀ ਮਾਮਲੇ ਵਿਚ ਸਹਿਯੋਗ ਨਾ ਦੇਣ, ਵਿਦੇਸ਼ੀ ਵਸਤਾਂ ਦਾ ਬਾਈਕਾਟ ਕਰਨ ਅਤੇ ਸਵਦੇਸ਼ੀ ਅੰਦੋਲਨ ਚਲਾਉਣ ਦੇ ਹੱਕ ਵਿਚ ਸਨ। ਦੂਜੇ ਪਾਸੇ ਗੋਪਾਲ ਕ੍ਰਿਸ਼ਨ ਗੋਖਲੇ ਅਤੇ ਫਿਰੋਜ ਸ਼ਾਹ ਮਹਿਤਾ ਉਦਾਰਵਾਦੀ ਦਲ ਦੇ ਸਮਰਥਕ ਸਨ। 1906 ਈ. ਵਿਚ ਦਾਦਾ ਭਾਈ ਨਾਰੋਜੀ ਨੇ ਕਾਂਗਰਸ ਦੇ ਕਲਕੱਤਾ ਸੈਸ਼ਨ ਸਮੇਂ ਦੋਹਾਂ ਧੱਖਾਂ ਦਾ ਸਮਝੌਤਾ ਕਰਾ ਦਿੱਤਾ। ਗਰਮ ਦਲ ਦੇ ਸਵਦੇਸ਼ੀ ਅਤੇ ਬਾਈਕਾਟ ਸੰਬੰਧੀ ਸੁਝਾਅ ਕਾਂਗਰਸ ਨੇ ਮੰਨ ਲਏ। ਪਰੰਤੂ ਇਹ ਸਮਝੌਤਾ 1907 ਈ. ਵਿਚ ਸੂਰਤ ਸੈਸ਼ਨ ਸਮੇਂ ਟੁੱਟ ਗਿਆ। ਦੋਹਾਂ ਦਲਾਂ ਵਿਚ ਖੁਲ੍ਹਮ-ਖੁਲ੍ਹਾ ਝਗੜਾ ਹੋ ਗਿਆ ਤੇ ਸੈਸ਼ਨ ਸਮੇਂ ਜੁੱਤੀਆਂ ਤੇ ਲਾਠੀਆਂ ਦੀ ਵੀ ਵਰਤੋਂ ਕੀਤੀ ਗਈ। ਭਾਵੇਂ ਨਰਮ ਦਲੀਆਂ ਦਾ ਕਾਂਗਰਸ ਤੇ ਕੰਟਰੋਲ ਰਿਹਾ ਪਰ 1907 ਤੋਂ 1919 ਤਕ ਉਗਰਵਾਦੀਆਂ ਨੇ ਰਾਸ਼ਟਰੀ ਅੰਦੋਲਨ ਵਿਚ ਜ਼ਿਆਦਾ ਮਹੱਤਵਪੂਰਨ ਭਾਗ ਲਿਆ।

ਲਾਲਾ ਲਾਜਪਤ ਰਾਏ ਤੇ ਬਾਬੂ ਬਿਪਨ ਚੰਦਰ ਪਾਲ, ਜੋ ਤਿਲਕ ਦੇ ਪ੍ਰਮੁੱਖ ਸਹਾਇਕ ਸਨ, ਉਨ੍ਹਾਂ ਨੇ ਵੀ ਉੱਗਰ ਰਾਸ਼ਟਰਵਾਦ ਦੀ ਪਨੀਰੀ ਲਾਈ। ਉਨ੍ਹਾਂ ਦੀਆਂ ਲਿਖਤਾਂ ਤੇ ਲੈਕਚਰਾਂ ਨੇ ਖਾਸ ਕਰਕੇ ਪੰਜਾਬ ਤੇ ਬੰਗਾਲ ਦੇ ਵਿਚ ਨਵਾਂ ਸਵੈ-ਵਿਸ਼ਵਾਸ ਤੇ ਨਿੱਜੀ ਅਧਿਕਾਰ ਲਈ ਮੰਗ ਦੀ ਭਾਵਨਾ ਪੈਦਾ ਕਰ ਦਿੱਤੀ। ਉੱਗਰਵਾਦੀ ਨੇਤਾਵਾਂ ਦੇ ਤਿੱਖੇ ਪ੍ਰਾਪੇਗੰਡੇ ਕਰਕੇ ਆਮ ਜਨਤਾ ਨੂੰ ਵਿਸ਼ਵਾਸ ਹੋ ਗਿਆ ਕਿ ਉਦਾਰ ਦੇ ਸੰਵਿਧਾਨਕ ਉਪਾਵਾਂ ਨਾਲ ਮੌਜੂਦਾ ਹਾਲਤ ਨੂੰ ਬਦਲਿਆ ਨਹੀਂ ਜਾ ਸਕਦਾ, ਇਸ ਲਈ ਪ੍ਰਤੱਖ ਕਾਰਵਾਈ (Direct Action) ਦੀ ਲੋੜ ਹੈ।

## 3. (ਅ) ਹਿੰਦੁਸਤਾਨ ਵਿਚ ਉਗਰਵਾਦੀ ਅਤੇ ਆਂਤਕਵਾਦੀ ਅੰਦੋਲਨ

**(Terrorist and Extremist Movement in India)**

(1907 ਈ. - 1909 ਈ.)

ਭਾਰਤੀ ਰਾਜਨੀਤੀ ਵਿਚ ਉੱਗਰਵਾਦ ਦੇ ਆਰੰਭ ਹੋਣ ਨਾਲ ਝੱਟ ਹੀ ਸਰਕਾਰ ਦਾ ਧਿਆਨ ਵੀ ਇਧਰ ਆਕ੍ਰਿਸ਼ਤ ਹੋਇਆ, ਜ਼ੋਰ ਫੜ ਰਹੇ ਸੰਘਰਸ਼ ਨੂੰ ਰੋਕਣ ਲਈ ਗੌਰਮਿੰਟ ਨੇ ਉਸ ਵਲ ਸਖਤੀ ਤੇ ਜ਼ਬਰ ਵਾਲੀ ਨੀਤੀ ਲਾਗੂ ਕਰ ਦਿੱਤੀ। ਇਸ ਦੇ ਫਲਸਰੂਪ ਕ੍ਰਾਂਤੀਕਾਰੀ ਕਾਰਵਾਈਆਂ ਆਰੰਭ ਹੋ ਗਈਆਂ, ਜਿਨ੍ਹਾਂ ਦਾ ਮੁੱਖ ਕੇਂਦਰ ਬੰਗਾਲ, ਮਹਾਂਰਾਸ਼ਟਰ ਤੇ ਪੰਜਾਬ ਸਨ। ਇਨ੍ਹਾਂ ਦਾ ਸੰਖੇਪ ਹਾਲ ਇਸ ਪ੍ਰਕਾਰ ਹੈ :

**3.1 ਬੰਗਾਲ :** ਬੰਗਾਲ ਦੀ ਵੰਡ ਕਰਕੇ ਇਸ ਪ੍ਰਾਂਤ ਵਿਚ ਬੜਾ ਰੋਸ ਤੇ ਉਤੇਜਨਾ ਭਰੀ ਹੋਈ ਸੀ। 1907 ਈਸਵੀ ਵਿਚ ਬੰਗਾਲ ਦੇ ਆਤੰਕਵਾਦੀਆਂ ਨੇ ਲੈਫ਼ਟੀਨੈਂਟ ਗਵਰਨਰ ਦੀ ਰੇਲ ਗੱਡੀ ਨੂੰ ਬੰਬ ਨਾਲ ਉਡਾ ਦੇਣ ਦਾ ਯਤਨ ਕੀਤਾ। ਇਸ ਤੋਂ ਕੁਝ ਦਿਨ ਮਗਰੋਂ ਢਾਕੇ ਜ਼ਿਲ੍ਹਾ ਮੈਜਿਸਟਰੇਟ ਦੀ ਪਿੱਠ ਵਿਚ ਗੋਲੀ ਮਾਰੀ। 1908

ਈ. ਵਿਚ ਹੋਰ ਬੰਬ ਚਲਣ ਨਾਲ ਸ੍ਰੀਮਤੀ ਤੇ ਸ੍ਰੀ ਕੈਨਿੱਡੀ ਮਾਰੇ ਗਏ। 1917 ਈ. ਵਿਚ ਕਲਕੱਤਾ ਦੀ ਡਿਪਟੀ ਸੁਪਰਡੈਂਟ ਪੁਲਿਸ, ਬਸੰਤ ਚੈਟਰਜੀ ਉਤੇ ਗੋਲੀ ਚਲਾਈ ਗਈ ਤੇ ਉਸ ਨੂੰ ਮਾਰ ਦਿੱਤਾ ਗਿਆ।

**3.2 ਮਹਾਂਰਾਸ਼ਟਰ :** ਮਹਾਂਰਾਸ਼ਟਰ ਵਿਚ ਪ੍ਰਸਿੱਧ ਕ੍ਰਾਂਤੀਕਾਰੀ ਸੁਸਾਇਟੀ ਅਨਿਭਵ ਭਾਰਤ ਤੇ ਇਸ ਦੀਆਂ ਵੱਖ-ਵੱਖ ਸ਼ਾਖਾਵਾਂ ਨੇ ਕ੍ਰਾਂਤੀਕਾਰੀ ਸਰਗਰਮੀਆਂ ਆਰੰਭ ਕੀਤੀਆਂ। ਉਨ੍ਹਾਂ ਦੇ ਪ੍ਰੋਗਰਾਮ ਵਿਚ ਹਥਿਆਰ ਇਕੱਤਰ ਕਰਨਾ ਅਤੇ ਹਥਿਆਰਾਂ ਤੇ ਬਾਰੂਦ ਆਦਿ ਦੀ ਸਿਖਲਾਈ ਲੈਣਾ ਸ਼ਾਮਿਲ ਸਨ। ਮਹਾਂਰਾਸ਼ਟਰ ਦੇ ਪ੍ਰਮੁੱਖ ਕ੍ਰਾਂਤੀਕਾਰੀ ਸੁਆਮੀ ਜੀ ਕ੍ਰਿਸ਼ਨ ਵਰਮਾ, ਚਾਪੇਕਰ-ਭਰਾ ਤੇ ਸਾਵਰਕਰ ਭਰਾ ਸਨ। ਦਸੰਬਰ 1909 ਈ. ਵਿਚ ਨਾਸਿਕ ਦੇ ਜ਼ਿਲ੍ਹਾ ਮੈਜਿਸਟਰੇਟ ਨੂੰ ਗੋਲੀ ਮਾਰ ਦਿੱਤੀ ਗਈ। ਇਸ ਸੁਸਾਇਟੀ ਦਾ ਸੰਪਰਕ ਲੰਦਨ ਦੀ ਇੰਡੀਆ ਹੋਮ ਰੂਲ ਸੋਸਾਇਟੀ ਨਾਲ ਵੀ ਸੀ।

**3.3 ਪੰਜਾਬ :** ਬੰਗਾਲ ਅਤੇ ਮਹਾਂਰਾਸ਼ਟਰ ਵਾਂਗ ਪੰਜਾਬ ਵਿਚ ਵੀ ਕ੍ਰਾਂਤੀ ਸਰਗਰਮੀਆਂ ਆਰੰਭ ਹੋ ਗਈਆਂ। ਲਾਲਾ ਹਰਦਿਆਲ, ਅਜੀਤ ਸਿੰਘ, ਸੂਫ਼ੀ ਅੰਬਾ ਪ੍ਰਸਾਦ ਨੇ ਇਨਕਲਾਬੀ ਵਿਚਾਰਾਂ ਦਾ ਵਿਕਾਸ ਕੀਤਾ। ਲਾਲਾ ਲਾਜਪਤ ਰਾਇ ਨੇ ਇਨ੍ਹਾਂ ਦੀ ਬੜੀ ਸਹਾਇਤਾ ਕੀਤੀ। ਕਾਲੋਨਾਈਜੇਸ਼ਨ ਬਿਲ (Colonization Bill) ਕਾਰਨ ਉਤਪੰਨ ਹੋਏ ਅਸੰਤੋਸ਼ ਦਾ ਲਾਭ ਉਠਾ ਕੇ ਅਜੀਤ ਸਿੰਘ ਤੇ ਸਈਅੱਦ ਹੈਦਰ ਰਜਾ ਨੇ (Indian Patriotic Association) ਭਾਰਤੀ ਦੇਸ਼-ਭਗਤ ਸਭਾ ਨਾਉਂ ਦੀ ਸੰਸਥਾ ਦੀ ਨੀਂਹ ਰੱਖੀ। ਰਾਵਲਪਿੰਡੀ ਤੇ ਲਾਹੌਰ ਵਿਚ ਕੁਝ ਫਸਾਦ ਵੀ ਹੋਏ, ਦੇਸ਼ ਦੇ ਹੋਰ ਹਿਸਿਆਂ ਵਿਚ ਵੀ ਕ੍ਰਾਂਤੀਕਾਰੀ ਅੰਦੋਲਨਾਂ ਨੇ ਕੁਝ-ਕੁਝ ਉੱਨਤੀ ਕੀਤੀ। ਮਦਰਾਸ ਵਿਚ ਵੀ ਇਕ ਆਤੰਕਵਾਦੀ ਸੰਸਥਾ ਸੀ।

**3.4 ਵਿਦੇਸ਼ਾਂ ਵਿਚ ਭਾਰਤੀਆਂ ਦੀਆਂ ਆਤੰਕਵਾਦੀ ਸਰਗਰਮੀਆਂ :** ਆਤੰਕਵਾਦੀਆਂ ਨੇ ਵਿਦੇਸ਼ਾਂ ਤੋਂ ਵੀ ਹਥਿਆਰ ਪ੍ਰਾਪਤ ਕਰਨ ਲਈ ਤਾਲਮੇਲ ਕਾਇਮ ਕੀਤਾ। ਅਫਗਾਨਿਸਤਾਨ ਵਿਚ ਰਾਜਾ ਮਹਿੰਦਰ ਪ੍ਰਤਾਪ ਨੇ ਹਿੰਦੁਸਤਾਨ ਦੀ ਪਹਿਲੀ ਰਾਸ਼ਟਰੀ ਸਰਕਾਰ ਕਾਇਮ ਕੀਤੀ। ਵਿਦੇਸ਼ਾਂ ਵਿਚ ਰਹਿੰਦੇ ਭਾਰਤਵਾਸੀਆਂ ਵਿਚ ਰਾਜਨੀਤਿਕ ਜਾਗ੍ਰਤੀ ਪੈਦਾ ਹੋਣ ਨਾਲ 1913 ਈਸਵੀ ਵਿਚ ਅਮਰੀਕਾ ਵਿਚ ਗਦਰ ਪਾਰਟੀ ਦਾ ਮੁੱਢ ਬੱਝਾ। ਇਸ ਦੇ ਪਹਿਲੇ ਰੈਗੂਲੇਸ਼ਨ ਵਿਚ ਵਰਨਣ ਕੀਤੇ ਟੀਚਿਆਂ ਅਨੁਸਾਰ ਇਸ ਪਾਰਟੀ ਦਾ ਉਦੇਸ਼ ਹਿੰਦੁਸਤਾਨ ਵਿਚੋਂ ਵਿਦੇਸ਼ੀ ਰਾਜ ਦੇ ਅੰਤ ਕਰਕੇ ਇਥੇ ਸੁਤੰਤਰਤਾ ਤੇ ਮਹਾਨਤਾ ਦੇ ਸਿਧਾਂਤਾਂ ਉਤੇ ਆਧਾਰਿਤ ਰਾਸ਼ਟਰੀ ਗਣਤੰਤਰ ਦੀ ਸਥਾਪਨਾ ਕਰਨੀ ਸੀ। ਇਹ ਆਦਰਸ਼ ਕੇਵਲ ਹਥਿਆਰਬੰਦ ਰਾਸ਼ਟਰੀ ਕ੍ਰਾਂਤੀ ਰਾਹੀਂ ਹੀ ਪ੍ਰਾਪਤ ਕੀਤਾ ਜਾਣਾ ਸੀ। ਗਦਰ ਪਾਰਟੀ ਦੇ ਪ੍ਰਮੁੱਖ ਨੇਤਾ ਬਾਬਾ ਸੋਹਨ ਸਿੰਘ ਭਕਨਾ, ਲਾਲਾ ਹਰਦਿਆਲ, ਬਾਬਾ ਵਸਾਖਾ ਸਿੰਘ, ਪੰਡਤ ਕਾਸ਼ੀ ਰਾਮ ਆਦਿ ਸਨ। ਇਸ ਪਾਰਟੀ ਦਾ ਕੇਂਦਰੀ ਦਫ਼ਤਰ ਜਿਸ ਦਾ ਨਾਮ 'ਯੁਗਾਂਤਰ ਆਸ਼ਰਮ' ਸੀ, ਸਨਫ੍ਰਾਂਸਿਸਕੋ ਵਿਖੇ 436, ਹਿੱਲ ਸਟਰੀਟ ਵਿਚ ਸਥਿਤ ਸੀ। ਜਰਮਨੀ ਵਿਚ ਰਹਿਣ ਵਾਲੇ ਹਿੰਦੁਸਤਾਨੀਆਂ ਨੇ ਵੀ ਬਰਲਿਨ ਵਿਚ ਇੰਡੀਅਨ ਇਡੀਪੈਂਡੈਂਸ ਕਮੇਟੀ (Indian Independence Committee) ਬਣਾਈ। ਸੰਨ 1915 ਈ. ਵਿਚ ਇਸ ਕਮੇਟੀ ਨੂੰ ਪੂਰੀ ਤਰ੍ਹਾਂ ਸੁਧਾਰ ਕੇ ਗਠਿਤ ਕੀਤਾ ਗਿਆ ਤੇ ਭਾਰਤ ਵਿਚ ਸਫ਼ਲ ਹਥਿਆਰਬੰਦ ਕ੍ਰਾਂਤੀ ਲਿਜਾਣ ਵਾਸਤੇ ਉਥੋਂ ਹਥਿਆਰ ਭੇਜਣ ਦੀ ਸਕੀਮ ਬਣਾਈ।

### 3.5 ਵਿਸ਼ਵ-ਯੁੱਧ ਆਰੰਭ ਤੋਂ ਹਥਿਆਰ ਬੰਦ ਕ੍ਰਾਂਤੀ ਲਈ ਯਤਨ :

ਸੰਨ 1914 ਵਿਚ ਇੰਗਲੈਂਡ ਤੇ ਜਰਮਨੀ ਵਿਚਕਾਰ ਜੰਗ ਸ਼ੁਰੂ ਹੋਣ ਤੇ ਵਿਦੇਸ਼ਾਂ ਵਿਚ ਰਹਿੰਦੇ ਭਾਰਤੀ ਕ੍ਰਾਂਤੀਕਾਰੀਆਂ ਨੂੰ ਬੜੀ ਖੁਸ਼ੀ ਹੋਈ। ਉਨ੍ਹਾਂ ਸਮਝਿਆ ਕਿ ਹੁਣ ਸੁਤੰਤਰਤਾ ਲਈ ਹੱਲਾ ਬੋਲਣ ਦਾ ਅਵਸਰ ਆ ਗਿਆ ਹੈ। ਗਦਰ ਪਾਰਟੀ ਤੇ ਬਰਲਿਨ ਕਮੇਟੀ ਬੜੀ ਸਕ੍ਰਿਆ ਹੋ ਗਈਆਂ ਤੇ ਉਨ੍ਹਾਂ ਨੇ ਕ੍ਰਾਂਤੀ ਦਾ ਬੀੜਾ ਚੁਕਣ ਲਈ ਹਥਿਆਰਬੰਦ ਸਿਪਾਹੀ ਹਿੰਦੁਸਤਾਨ ਨੂੰ ਭੇਜੇ। ਇਹ ਵੀ ਸਕੀਮ ਬਣਾਈ ਗਈ ਕਿ ਸਿਆਸ ਵਿਚੋਂ ਜਰਮਨ ਲੋਕ, ਹਿੰਦੁਸਤਾਨੀਆਂ ਦੇ ਨਾਲ ਮਿਲ ਕੇ ਬਰਮਾ ਤੇ ਹਮਲਾ ਕਰਨਗੇ, ਪਰ ਉਨ੍ਹਾਂ ਨੂੰ ਇਹ ਜਾਣ ਕੇ ਬੜੀ ਹੈਰਾਨੀ ਤੇ ਮਾਯੂਸੀ ਹੋਈ ਕਿ ਜਿਹੜੇ ਭਾਰਤੀ ਕ੍ਰਾਂਤੀਕਾਰੀ ਖਾਸ ਹਥਿਆਰਬੰਦ ਕ੍ਰਾਂਤੀ ਦੇ ਮੰਤਵ ਨਾਲ ਹਿੰਦੁਸਤਾਨ ਪੁੱਜੇ ਸਨ, ਉਨ੍ਹਾਂ ਨੇ ਆਪਣੇ ਦੇਸ਼ਵਾਸੀਆਂ ਨੂੰ ਬਿਲਕੁਲ ਲਾਪਰਵਾਹ ਵੇਖਿਆ। ਹੁਣ ਉਨ੍ਹਾਂ ਨੇ ਹਿੰਦੁਸਤਾਨੀ ਫੌਜਾਂ ਦੀ ਸਹਾਇਤਾ ਨਾਲ ਆਪਣਾ ਆਦਰਸ਼ ਪ੍ਰਾਪਤ ਕਰਨ ਦੇ ਜਤਨ ਆਰੰਭ ਕੀਤੇ। ਲਾਹੌਰ, ਅੰਬਾਲਾ, ਮੇਰਠ, ਆਗਰਾ, ਫਿਰੋਜਪੁਰ ਛਾਉਣੀਆਂ ਵਿਚ

ਹਿੰਦੁਸਤਾਨੀ ਸਿਪਾਹੀਆਂ ਨਾਲ ਗਠਜੋੜ ਕੀਤਾ। ਇਨ੍ਹਾਂ ਸਾਰਿਆਂ ਨੇ 22 ਫਰਵਰੀ 1915 ਈ. ਨੂੰ ਹਥਿਆਰਬੰਦ ਕ੍ਰਾਂਤੀ ਦਾ ਯਤਨ ਕਰਨਾ ਸੀ, ਪਰ ਮੰਦੇ ਭਾਗਾਂ ਨੂੰ ਕ੍ਰਿਪਾਲ ਸਿੰਘ ਨਾਈ ਇਕ ਵਿਅਕਤੀ ਨੇ ਦਗਾ ਕਰਕੇ ਅੰਗਰੇਜ਼ ਅਧਿਕਾਰੀਆਂ ਨੂੰ ਇਸ ਸਾਰੀ ਸਕੀਮ ਦੀ ਖਬਰ ਦੇ ਦਿੱਤੀ ਅਤੇ ਇਹ ਵਿਉਂਤ ਫੇਲ ਹੋ ਗਈ। ਕ੍ਰਾਂਤੀਕਾਰੀਆਂ ਨੂੰ ਕਰੜੀਆਂ ਸਜ਼ਾਵਾਂ ਦਿੱਤੀਆਂ ਗਈਆਂ। ਭਾਵੇਂ ਕ੍ਰਾਂਤੀ ਲਿਆਉਣ ਦਾ ਇਹ ਯਤਨ ਸਿਰੇ ਨਾ ਚੜ੍ਹ ਸਕਿਆ। ਪਰ ਇਹ ਅਜਾਈਂ ਨਹੀਂ ਸੀ ਗਿਆ, ਕਿਉਂਕਿ ਇਸ ਵਿਚੋਂ ਹੀ ਮਗਰੋਂ ਬੱਬਰ ਅਕਾਲੀ ਲਹਿਰ ਦਾ ਜਨਮ ਹੋਇਆ।

## 4. ਉੱਗਰਵਾਦੀਆਂ ਅਤੇ ਆਤੰਕਵਾਦੀਆਂ ਪ੍ਰਤੀ ਸਰਕਾਰ ਦੀ ਜ਼ਬਰ, ਰਿਆਇਤਾਂ ਦੇਣ ਤੇ ਫੁੱਟ ਪਾਉਣ ਦੀ ਨੀਤੀ

**4.1 ਜ਼ਬਰ ਤੇ ਸਖਤੀ :** ਕ੍ਰਾਂਤੀਕਾਰੀ ਸਰਗਰਮੀਆਂ ਦੇ ਜ਼ੋਰ ਨੇ ਸਰਕਾਰ ਨੂੰ ਘਬਰਾ ਦਿੱਤਾ ਤੇ ਉਸ ਨੇ ਸਥਿਤੀ ਦਾ ਟਾਕਰਾ ਕਰਨ ਲਈ ਜ਼ਬਰ ਸੁਧਾਰਾਂ ਤੇ ਵੰਡ ਦੀ ਤਿੰਨ ਪੱਖੀ ਨੀਤੀ ਉੱਤੇ ਅਮਲ ਆਰੰਭ ਕਰ ਦਿੱਤਾ। ਅੰਦੋਲਨ ਨੂੰ ਸਖਤੀ ਨਾਲ ਕੁਚਲਣ ਲਈ ਕਈ ਕਰੜੇ ਕਾਨੂੰਨ ਪਾਸ ਕੀਤੇ, ਜਿਨ੍ਹਾਂ ਵਿਚੋਂ ਕੁਝ ਇਸ ਪ੍ਰਕਾਰ ਹਨ : ਵਿਦਰੋਹ-ਮਈ ਸਭਾਵਾਂ ਰੋਕੂ ਕਾਨੂੰਨ (Prevention of Seditious Meeting Act) 1906 ਈ., ਵਿਸਫੋਟ ਪਦਾਰਥ ਕਾਨੂੰਨ (Explosive Substances Act) 1908 ਈ. ਸਮਾਚਾਰ ਪੱਤਰਾਂ ਪ੍ਰਤੀ ਜੁਰਮ ਉਤੇਜਿਕ ਕਰਨ ਦਾ ਕਾਨੂੰਨ (Incitement of Offences Act)। ਇਸ ਤੋਂ ਇਲਾਵਾ ਲਾਲਾ ਲਾਜਪਤ ਰਾਏ ਤੇ ਅਜੀਤ ਸਿੰਘ ਨੂੰ ਜਿਲਾਵਤਨ ਕਰ ਦਿੱਤਾ ਗਿਆ। ਬਾਲ ਗੰਗਾਧਰ ਤਿਲਕ ਨੂੰ 'ਕੇਸਰੀ' ਵਿਚ ਛਪੇ ਲੇਖਾਂ ਦੇ ਆਧਾਰ ਤੇ 6 ਸਾਲ ਦੀ ਕੈਦ ਦੀ ਸਜ਼ਾ ਦਿੱਤੀ ਗਈ। ਕ੍ਰਿਸ਼ਨ ਕੁਮਾਰ ਮਿੱਤਲ, ਅਸ਼ਵਨੀ ਕੁਮਾਰ ਦੱਤ, ਸ਼ਾਮ ਸੁੰਦਰ ਚੱਕਰਵਰਤੀ ਤੇ ਹੋਰ ਕਈ ਬੰਗਾਲੀ ਦੇਸ਼ ਭਗਤਾਂ ਨੂੰ ਬਿਨਾਂ ਮੁਕੱਦਮਾ ਚਲਾਏ ਨਜ਼ਰਬੰਦ ਕਰ ਦਿੱਤਾ। ਭਾਵੇਂ ਇਨ੍ਹਾਂ ਸਖਤੀਆਂ ਕਰਕੇ ਅੰਦੋਲਨ ਛੁਪਵਾਂ ਹੋ ਗਿਆ ਪਰ ਆਤੰਕਵਾਦੀ ਕਾਰਵਾਈਆਂ ਨੂੰ ਖਤਮ ਨਾ ਕੀਤਾ ਜਾ ਸਕਿਆ।

**4.2 ਸੁਧਾਰ :** ਉਦਾਰ ਧੜੇ ਦੇ ਹਿੰਦੁਸਤਾਨੀਆਂ ਨੂੰ ਆਪਣੇ ਪੱਖ ਵਿਚ ਲਿਆਉਣ ਲਈ ਅੰਗਰੇਜ਼ ਸਰਕਾਰ ਨੇ 1909 ਈ. ਵਿਚ ਇਕ ਸੁਧਾਰ ਸਕੀਮ ਪੇਸ਼ ਕੀਤੀ। ਇਨ੍ਹਾਂ ਸੁਧਾਰਾਂ ਅਨੁਸਾਰ ਇਹ ਪਾਸ ਕੀਤਾ ਗਿਆ ਕਿ ਵਿਧਾਨ ਸਭਾਵਾਂ ਦਾ ਪੁਨਰ-ਗਠਨ (Reorganisation) ਕੀਤਾ ਜਾਵੇਗਾ, ਅਤੇ ਇਨ੍ਹਾਂ ਵਿਚ ਵੋਟਾਂ ਦੁਆਰਾ ਚੁਣੇ ਹੋਏ ਕੁਝ ਭਾਰਤੀ ਮੈਂਬਰ ਲਏ ਜਾਣਗੇ ਤੇ ਮੁਸਲਮਾਨ ਮੈਂਬਰ ਮੁਸਲਮਾਨਾਂ ਦੀਆਂ ਵੋਟਾਂ ਦੇ ਆਧਾਰ ਦੇ ਚੁਣੇ ਗਏ। ਪਰ ਸੁਧਾਰ ਪੇਸ਼ ਕਰਨ ਵਾਲਿਆਂ ਦੀ ਬਦਕਿਸਮਤੀ ਨੂੰ ਇਨ੍ਹਾਂ ਸੁਧਾਰਾਂ ਨਾਲ ਉਦਾਰ ਧੜਾ ਵੀ ਸੰਤੁਸ਼ਟ ਨਾ ਹੋਇਆ, ਅਤੇ ਉਨ੍ਹਾਂ ਦੇ ਉੱਘੇ ਲੀਡਰ ਗੋਪਾਲ ਕ੍ਰਿਸ਼ਨ ਗੋਖਲੇ ਨੇ ਇਸ ਉੱਤੇ ਅਸੰਤੋਸ਼ ਪ੍ਰਗਟ ਕੀਤਾ।

**4.3 ਫੁੱਟ ਪਾਉਣ ਦੀ ਨੀਤੀ :** ਪਰ ਅੰਗਰੇਜ਼ਾਂ ਦੀ ਹਿੰਦੁਸਤਾਨੀਆਂ ਨੂੰ ਪਾੜਨ ਦੀ ਨੀਤੀ ਕੁਝ ਸਮੇਂ ਲਈ ਸਫ਼ਲ ਹੋ ਗਈ। ਸੰਪਰਦਾਈ ਚੋਣ (Communal Electorate) ਦਾ ਅਧਿਕਾਰ ਪ੍ਰਾਪਤ ਹੋ ਜਾਣ ਉੱਤੇ ਖੁਸ਼ ਹੋ ਕੇ ਹਿੰਦੁਸਤਾਨੀ ਮੁਸਲਮਾਨਾਂ ਨੇ ਅੰਗਰੇਜ਼ਾਂ ਨਾਲ ਗਠਜੋੜ ਕਰ ਲਿਆ ਤੇ ਉਨ੍ਹਾਂ ਆਪਣੀ ਵਫ਼ਾਦਾਰੀ ਤੇ ਸਹਾਇਤਾ ਦਾ ਯਕੀਨ ਕਰਵਾ ਦਿੱਤਾ। ਪਰ ਅੰਗਰੇਜ਼ਾਂ ਅਤੇ ਮੁਸਲਮਾਨਾਂ ਦੀ ਇਹ ਮਿੱਤਰਤਾ ਬਹੁਤਾ ਚਿਰ ਨਾ ਨਿਭ ਸਕੀ, ਕਿਉਂਕਿ ਟਰਕੀ (Turkey) ਵਿਚ ਪੈਦਾ ਹੋ ਰਹੇ ਹਾਲਾਤ ਕਰਕੇ ਅਤੇ 1911 ਈ. ਵਿਚ ਬੰਗਾਲ ਦੀ ਵੰਡ ਦੇ ਰੱਦ ਹੋ ਜਾਣ ਕਰਕੇ ਮੁਸਲਮਾਨਾਂ ਨੂੰ ਅੰਗਰੇਜ਼ਾਂ ਦੀ ਨੀਤੀ ਉਤੇ ਸ਼ੱਕ ਹੋਣ ਲੱਗ ਪਿਆ। ਮੁਸਲਿਮ ਲੀਗ ਨੇ ਕਾਂਗਰਸ ਨਾਲ 1916 ਈ. ਵਿਚ ਮਿੱਤਰਤਾ ਕਰ ਲਈ (ਇਸ ਨੂੰ ਲਖਨਊ ਐਕਟ ਆਖਿਆ ਜਾਂਦਾ ਹੈ) ਤੇ ਦੋਵੇਂ ਸੰਸਥਾਵਾਂ ਮਿਲ ਕੇ ਕਾਰਵਾਈ ਕਰਨ ਲਗ ਪਈਆਂ।

## ਵਿਦਿਆਰਥੀ ਦੇ ਅਭਿਆਸ ਲਈ ਛੋਟੇ ਪ੍ਰਸ਼ਨ :

1. ਉੱਗਰ ਰਾਸ਼ਟਰਵਾਦ ਤੋਂ ਤੁਹਾਡਾ ਕੀ ਭਾਵ ਹੈ? ਇਸਦੇ ਵਿਕਸਿਤ ਹੋਣ ਦੇ ਕਾਰਨ ਕੀ ਹਨ?
2. ਉੱਗਰਵਾਦੀਆਂ ਦੇ ਸਿਧਾਂਤਾਂ ਬਾਰੇ ਲਿਖੋ।
3. ਉੱਗਰ ਰਾਸ਼ਟਰਵਾਦੀਆਂ ਦੀ ਸਫਲਤਾਵਾਂ ਬਾਰੇ ਲਿਖੋ।

4. ਉੱਗਰ ਰਾਸ਼ਟਰਵਾਦ ਦੀਆਂ ਮੁੱਖ ਸ਼ਖਸੀਅਤਾਂ ਦੇ ਨਾਮ ਲਿਖੋ?
5. 1905 ਤੋਂ 1919 ਦੌਰਾਨ ਰਾਸ਼ਟਰੀ ਅੰਦੋਲਨ ਦੀ ਵਿਆਖਿਆ ਕਰੋ?
6. ਭਾਰਤੀ ਰਾਸ਼ਟਰੀ ਅੰਦੋਲਨ ਵਿੱਚ ਉੱਗਰਵਾਦੀਆਂ ਦੀ ਭੂਮਿਕਾ ਬਾਰੇ ਲਿਖੋ?
7. ਉਦਾਰਵਾਦੀ ਰਾਸ਼ਟਰਵਾਦ ਅਤੇ ਉਗਰਵਾਦੀ ਰਾਸ਼ਟਰਵਾਦ ਵਿੱਚ ਕੀ ਅੰਤਰ ਹੈ?

## ਪਾਠ ਦੇ ਮੁੱਖ ਵਿਅਕਤੀ ਅਤੇ ਸ਼ਬਦ:

ਉਦਾਰਵਾਦ, ਉੱਗਰਵਾਦ, ਕ੍ਰਾਂਤੀਕਾਰੀ ਰਾਸ਼ਟਰਪਾਦ, ਬਾਈਕਾਟ, ਸਵਦੇਸ਼ੀ, ਪ੍ਰਤੀਕ੍ਰਿਆਵਾਦੀ, ਹਥਿਆਰਬੰਦ, ਕ੍ਰਾਂਤੀ, ਲਾਰਡ ਕਰਜਨ, ਬਾਲ,ਪਾਲ,ਲਾਲ, ਫਿਰੋਜਸ਼ਾਹ ਮਹਿਤਾ, ਗੋਪਾਲ ਕ੍ਰਿਸ਼ਨ ਗੋਖਲੇ

**ਪਾਠ ਨੰ. : 2.4**

# ਗ਼ਦਰ ਲਹਿਰ

**ਪਾਠ ਦੀ ਬਣਤਰ –**

1. **ਗਦਰ ਲਹਿਰ ਦੇ ਉਭਾਰ ਲਈ ਜ਼ਿੰਮੇਵਾਰ ਪ੍ਰਸਥਿਤੀਆਂ**
   - **1.1 ਰਾਸ਼ਟਰਵਾਦੀ ਭਾਵਨਾ ਦਾ ਵਿਕਾਸ**
   - **1.2 ਰਾਜਨੀਤਕ ਚੇਤਨਾ ਦਾ ਵਿਕਾਸ**
2. **ਹਰਦਿਆਲ ਅਤੇ ਗਦਰ ਪਾਰਟੀ ਦਾ ਬਣਨਾ**
   - **2.1 ਗਦਰ ਪਾਰਟੀ ਨਾਲ ਸੰਬੰਧਿਤ ਰਸਾਲੇ**
   - **2.2 ਸਿਧਾਂਤ ਅਤੇ ਪ੍ਰੋਗਰਾਮ**
   - **2.3 ਬਰਲਿਨ ਵਿਚ ਭਾਰਤੀ ਆਜ਼ਾਦੀ ਦੀ ਕਮੇਟੀ**
   - **2.4 ਭਾਰਤ ਵਿਚ ਯੋਜਨਾ**
3. **ਅਸਫਲ ਹੋਣ ਦੇ ਕਾਰਨ ਅਤੇ ਮੁਲਾਂਕਣ**
   - **3.1 ਭਾਰਤ ਵੱਲੋਂ ਭਰਵਾਂ ਹੁੰਗਾਰਾ ਨਾ ਮਿਲਣਾ**
   - **3.2 ਕਮਜ਼ੋਰ ਸੰਗਠਨ**
   - **3.3 ਲਾਲਾ ਹਰਦਿਆਲ ਦੇ ਨਿੱਜੀ ਦੋਸ਼**
   - **3.4 ਮੁਲਾਂਕਣ**

**ਪਾਠ ਦਾ ਉਦੇਸ਼ –**

1) ਉੱਗਰਵਾ

19ਵੀ ਸਦੀ ਦੇ ਦੂਜੇ ਅੱਧੇ ਭਾਗ ਵਿਚ ਭਾਰਤ ਵਿਚ ਰਾਸ਼ਟਰੀ ਚੇਤਨਾ ਪ੍ਰਗਟ ਹੋਈ। ਇਸ ਚੇਤਨਾ ਨੇ ਕਈ ਸੰਗਠਨਾਂ ਦੇ ਰੂਪ ਪ੍ਰਾਪਤ ਕੀਤੇ ਅਤੇ ਦੇਸ਼ ਦੇ ਵੱਖ-ਵੱਖ ਭਾਗ ਵਿਚ ਬਹੁਤ ਸਾਰੀਆਂ ਰਾਜਨੀਤਿਕ ਸੰਸਥਾਵਾਂ ਸਥਾਪਿਤ ਹੋਈਆਂ। 1885 ਈ. ਵਿਚ ਇੰਡੀਅਨ ਨੈਸ਼ਨਲ ਕਾਂਗਰਸ ਸਥਾਪਿਤ ਹੋਈ, ਇਸ ਸੰਗਠਨ ਨੇ ਭਾਰਤੀ ਰਾਸ਼ਟਰੀ ਅੰਦੋਲਨ ਵਿਚ ਇਕ ਪ੍ਰਬਲ ਰੂਪ ਧਾਰਣ ਕੀਤਾ। ਪਹਿਲੇ 20 ਸਾਲ ਕਾਂਗਰਸ ਦੀ ਰਾਜਨੀਤੀ ਕੇਵਲ ਨਰਮ ਖਿਆਲੀ ਅਤੇ ਸੰਵਿਧਾਨਿਕ ਰੂਪ ਵਿਚ ਕੰਮ ਕਰਦੀ ਰਹੀ। ਇਸੇ ਦੌਰਾਨ ਪ੍ਰਾਰਥਨਾ, ਅਰਜ਼ੀ ਅਤੇ ਵਿਰੋਧ ਦੀ ਰਾਜਨੀਤੀ ਨਾਲ ਅਸੰਤੋਸ਼ ਦੀ ਭਾਵਨਾ ਅਤੇ ਭਰਮ ਦੀ ਨਵਿਰਤੀ ਹੁੰਦੀ ਰਹੀ ਕਿਉਂਕਿ ਇਸ ਤਰ੍ਹਾਂ ਦਾ ਵਿਚਾਰ ਫੈਲ ਰਿਹਾ ਸੀ ਕਿ ਇਸ ਪ੍ਰਕਾਰ ਦੀ ਰਾਜਨੀਤੀ ਬਿਲਕੁਲ ਬੇਕਾਰ ਅਤੇ ਬੇਅਸਰ ਸੀ। ਇਸ ਦੇ ਇਲਾਵਾ ਕੁਝ ਹੋਰ ਵੀ ਪਰਸਥਿਤੀਆਂ ਸਨ ਜਿਨ੍ਹਾਂ ਨੇ ਭਾਵਨਾਵਾਂ ਨੂੰ ਤੀਬਰ ਕਰਨ ਵਿਚ ਬਹੁਤ ਸਹਾਇਤਾ ਕੀਤੀ ਅਤੇ ਭਾਰਤੀ ਰਾਜਨੀਤੀ ਵਿਚ ਅਤਿਵਾਦੀ ਕੁਚਲਨ ਪੈਦਾ ਕਰ ਦਿੱਤਾ ਜੋ ਅੱਤਵਾਦ ਦੇ ਰੂਪਾਂ ਵਿਚ ਪ੍ਰਗਟ ਹੋਇਆ। ਪਹਿਲਾ, ਇੰਡੀਅਨ ਨੈਸ਼ਨਲ ਕਾਂਗਰਸ ਵਿਚ ਪੈਦਾ ਹੋਇਆ ਜਿਹੜਾ ਅਹਿੰਸਾ ਦੀ ਪਾਲਿਸੀ ਅਤੇ ਸਿਧਾਂਤਾਂ ਨਾਲ ਜੁੜਿਆ ਹੋਇਆ ਸੀ ਅਤੇ ਦੂਜਾ, ਕਾਂਗਰਸ ਦੇ ਬਾਹਰ ਕਈ ਕ੍ਰਾਂਤੀਕਾਰੀ ਲਹਿਰਾਂ ਵਿਚ ਪ੍ਰਗਟਾ ਹੋਇਆ ਜਿਸ ਨੂੰ ਆਤੰਕਵਾਦੀ ਲਹਿਰ ਕਹਿੰਦੇ ਹਨ। ਆਜ਼ਾਦੀ ਲਈ ਭਾਰਤੀ ਸੰਘਰਸ਼ ਦੇ ਇਤਿਹਾਸ ਵਿਚ ਗਦਰ ਲਹਿਰ ਇਕ ਮੋਢੀ ਸਥਿਤੀ ਵਿਚ ਵਿਖਾਈ ਦਿੰਦੀ ਹੈ,

ਜਿਸ ਨੇ ਰਾਸ਼ਟਰਵਾਦ ਅੰਦੋਲਨ ਦੇ ਵਿਕਾਸ ਵਿਚ ਡੂੰਘਾ ਹਿੱਸਾ ਪਾਇਆ।

**ਪਰਿਸਥਿਤੀਆਂ**

## 1.1 ਰਾਸ਼ਟਰਵਾਦੀ ਭਾਵਨਾ ਦਾ ਵਿਕਾਸ

ਰਾਸ਼ਟਰਵਾਦ ਦੀ ਭਾਵਨਾ ਭਾਰਤ ਵਿਚ ਰਹਿਣ ਵਾਲੇ ਹਿੰਦੁਸਤਾਨੀਆਂ ਤਕ ਹੀ ਸੀਮਿਤ ਨਹੀਂ ਸੀ। ਇਹ ਭਾਵਨਾ ਉਨ੍ਹਾਂ ਲੋਕਾਂ ਵਿਚ ਵੀ ਫੈਲ ਰਹੀ ਸੀ ਜਿਹੜੇ ਭਾਰਤ ਛੱਡ ਕੇ ਹੋਰ ਦੇਸ਼ਾਂ ਵਿਚ ਆਰਥਿਕ ਭਵਿੱਖ ਲਈ ਜਾ ਕੇ ਵੱਸ ਗਏ ਸਨ। ਇਸ ਭਾਵਨਾ ਦੇ ਵਿਚ ਇਕ ਮਹੱਤਵਪੂਰਣ ਕਾਰਨ ਵਿਤਕਰਾ ਸੂਚਕ ਸੀ ਜਿਹੜਾ ਇਹਨਾਂ ਲੋਕਾਂ ਨਾਲ ਕੀਤਾ ਜਾਂਦਾ ਸੀ। ਖੱਜਲ ਖੁਆਰੀ ਦੇ ਇਲਾਵਾ ਅਜਿਹੇ ਵਿਤਕਰੇ ਨਾਲ ਇਸ ਦੀ ਆਰਥਿਕ ਹਾਨੀ ਵੀ ਹੁੰਦੀ ਸੀ। ਜਦੋਂ ਦੇਸ਼ ਛੱਡ ਜਾਣ ਵਾਲੀਆਂ ਪਾਰਟੀਆਂ ਨੂੰ ਜਿਸ ਦੇਸ਼ ਵਿਚ ਉਹ ਵੱਸ ਗਏ ਸਨ ਉਸ ਦੀ ਸਰਕਾਰ ਤੋਂ ਨਿਆਂ ਪ੍ਰਾਪਤ ਨਹੀਂ ਹੋਇਆ ਤਾਂ ਇਹ ਵਿਚਾਰ ਉਨ੍ਹਾਂ ਦੇ ਦਿਲ ਵਿਚ ਪੈਦਾ ਹੋਇਆ ਕਿ ਉਨ੍ਹਾਂ ਨਾਲ ਖੁਆਰੀ ਅਤੇ ਅਨਿਆ ਇਸ ਲਈ ਹੋ ਰਿਹਾ ਹੈ ਕਿ ਉਹ ਇਸ ਗੁਲਾਮ ਦੇਸ਼ ਦੇ ਲੋਕ ਹਨ ਜਿਨ੍ਹਾਂ ਦੀ ਸਰਕਾਰ ਉਨ੍ਹਾਂ ਦੇ ਹੱਕਾਂ ਦੀ ਸੁਰੱਖਿਆ ਲਈ ਕੋਈ ਧਿਆਨ ਨਹੀਂ ਦਿੰਦੀ। ਇਹੋ ਹੀ ਉਹ ਪਿਛੋਕੜ ਸੀ ਜਿਸ ਦੇ ਵਿਰੁੱਧ ਗਦਰ ਲਹਿਰ ਆਰੰਭ ਹੋਈ। ਆਪਣੇ ਦੇਸ਼ ਵਿਚ ਛੋਟੇ ਛੋਟੇ ਭੂਮੀ ਦੇ ਟੋਟਿਆਂ ਤੋਂ ਕੇਵਲ ਗੁਜ਼ਾਰਾ ਵੀ ਪ੍ਰਾਪਤ ਨਾ ਕਰ ਸਕਣ ਦੀ ਹਾਲਤ ਵਿਚ ਇਹ ਲੋਕ ਦੇਸ਼ ਦੇ ਬਾਹਰ ਗਏ ਸਨ। ਬਹੁਤ ਸਾਰੇ ਕਿਸਾਨ ਪੰਜਾਬ ਤੋਂ ਕਈ ਦੇਸ਼ਾਂ ਦੇ ਇਲਾਵਾ ਕੈਨੇਡਾ ਅਤੇ ਯੂ.ਐਸ.ਏ. ਵਿਚ ਜਾ ਵੱਸੇ ਸਨ। ਉਨ੍ਹਾਂ ਦੀ ਸਫਲਤਾ ਦੀ ਖਬਰ ਨਾਲ ਹੋਰ ਲੋਕ ਵੀ ਪਰਵਾਸ ਕਰ ਗਏ। 1910 ਤਕ ਖੇਤ ਅਤੇ ਫੈਕਟਰੀਆਂ ਵਿਚ ਕੰਮ ਕਰਨ ਵਾਲੇ ਕੈਨੇਡਾ ਅਤੇ ਯੂ.ਐਸ.ਏ. ਵਿਚ ਵੱਸੇ ਭਾਰਤੀਆਂ ਦੀ ਸੰਖਿਆ 30,000 ਤਕ ਪਹੁੰਚ ਗਈ। ਕੁਝ ਹੋਰ ਵੀ ਸਨ ਜਿਨ੍ਹਾਂ ਨੇ ਵਪਾਰ ਅਤੇ ਬਿਜ਼ਨਿਸ ਤੋਂ ਕਾਫੀ ਧੰਨ ਖੱਟਿਆ ਸੀ। ਇਕ ਵਰਗ ਦੇ ਰੂਪ ਵਿਚ ਭਾਰਤੀਆਂ ਨੂੰ ਨਫਰਤ ਰਾਹੀਂ ਵੇਖਿਆ ਜਾਂਦਾ ਸੀ। ਹਰ ਸਥਾਨ ਤੇ ਉਨ੍ਹਾਂ ਨਾਲ ਨਫ਼ਰਤ ਦਾ ਸਲੂਕ ਕੀਤਾ ਜਾਂਦਾ ਅਤੇ ਬੇਇੱਜ਼ਤੀ ਕੀਤੀ ਜਾਂਦੀ। ਹੋਟਲਾਂ, ਥੀਏਟਰਾਂ, ਪਾਰਕਾਂ ਅਤੇ ਰੇਲ ਗੱਡੀਆਂ ਵਿਚ ਉਨ੍ਹਾਂ ਨਾਲ ਵਿਤਕਰਾ ਕੀਤਾ ਜਾਂਦਾ ਸੀ। ਹਰ ਥਾਂ ਤੇ ਨੋਟਿਸ ਬੋਰਡ ਲੱਗੇ ਹੁੰਦੇ ਸਨ। ਹਿੰਦੂ ਕੁੱਤਿਆਂ ਨੂੰ ਅੰਦਰ ਆਉਣ ਦੀ ਇਜਾਜ਼ਤ ਨਹੀਂ ਹੈ। ਅਸਲੀ ਔਕੜ ਦੇ ਇਲਾਵਾ ਸੰਗਠਿਤ ਅਮਰੀਕਨ ਕਾਰੀਗਰ ਭਾਰਤੀ ਸਸਤੇ ਮਜ਼ਦੂਰਾਂ ਤੋਂ ਨਫਰਤ ਕਰਦੇ ਸਨ। ਕਿਉਂਕਿ ਅਮਰੀਕਨ ਪੂੰਜੀਪਤੀ ਕਾਰੀਗਰਾਂ ਦੀ ਹੜਤਾਲ ਨੂੰ ਫੇਲ੍ਹ ਕਰਨ ਲਈ ਇਨ੍ਹਾਂ ਭਾਰਤੀ ਮਜ਼ਦੂਰਾਂ ਦੀ ਵਰਤੋਂ ਕਰਦੇ ਸਨ। ਆਮ ਤੌਰ ਤੇ ਬਦੇਸ਼ੀ ਲੋਕਾਂ ਲਈ ਨਫਰਤ ਦੇ ਇਲਾਵਾ ਸਭਿਆਚਾਰ ਵਿਚ ਜਿਹੜਾ ਅੰਤਰ ਸੀ ਉਸ ਨੇ ਵੀ ਉਨ੍ਹਾਂ ਨੂੰ ਪਰੇਸ਼ਾਨ ਕਰ ਦਿੱਤਾ। ਸਭ ਤੋਂ ਅਧਿਕ ਜਿਸ ਗੱਲ ਨੇ ਭਾਰਤੀ ਪਰਵਾਸੀਆਂ ਨੂੰ ਚੌਂਕਾ ਦਿੱਤਾ ਉਹ ਏਸ਼ੀਆਈ ਐਕਸਕਲੂਜ਼ਨ ਐਕਟ ਸੀ।

## 1.2 ਰਾਜਨੀਤਿਕ ਚੇਤਨਤਾ ਦਾ ਵਿਕਾਸ

ਅਜਿਹੀਆਂ ਪਰਿਸਥਿਤੀਆਂ ਵਿਚ ਇਹ ਪ੍ਰਾਕਿਰਤਿਕ ਸੀ ਕਿ ਅਨਪੜ੍ਹ ਤੇ ਘੱਟ ਪੜ੍ਹੇ ਭਾਰਤੀ ਲੋਕ ਰਾਜਨੀਤਿਕ ਚੇਤਨਾ ਦਾ ਕੁਝ ਵਿਕਾਸ ਕਰਨ। ਵਾਸਤਵ ਵਿਚ ਇਹ ਵਿਕਾਸ ਅਮਰੀਕਾ ਵਿਚ ਕੁਝ ਭਾਰਤੀ ਵਿਦਿਆਰਥੀਆਂ ਦੀ ਸਰਗਰਮੀ ਨੇ ਪੈਦਾ ਕੀਤਾ। ਇਨ੍ਹਾਂ ਨੇ ਰਾਸ਼ਟਰੀ ਪ੍ਰੋਪੇਗੰਡਾ ਕੀਤਾ। ਇਨ੍ਹਾਂ ਵਿਚ ਤਕਰਨਾਥ ਸੀ। ਉਸ ਨੇ ਅਤੇ ਉਸ ਦੇ ਗਰੁੱਪ ਦੇ 1900 ਈ. ਵਿਚ 'ਫਰੀ ਹਿੰਦੁਸਤਾਨ' ਨਾਂ ਦਾ ਇਕ ਅਖਬਾਰ ਆਰੰਭ ਕੀਤਾ। ਇਸ ਦੇ ਇਲਾਵਾ ਕਈ ਰਾਜਨੀਤਿਕ ਸੰਗਠਨ ਵੀ ਆਰੰਭ ਹੋਏ ਪਰ ਉਨ੍ਹਾਂ ਵਿਚ ਅਧਿਕਤਰ ਥੋੜ੍ਹੇ ਸਮੇਂ ਬਾਅਦ ਸਮਾਪਤ ਹੋ ਗਏ। ਇਹ ਵਾਸਤਵ ਵਿਚ ਕੇਵਲ ਮੈਂਬਰਾਂ ਅਤੇ ਉਨ੍ਹਾਂ ਦੇ ਕੰਮਾਂ ਦੇ ਨਾਲ ਹੀ ਜੁੜੇ ਹੋਏ ਸਨ। ਸਿੱਖ ਪਰਵਾਸੀਆਂ ਨੇ ਖਾਲਸਾ ਦੀਵਾਨ ਸੁਸਾਇਟੀ ਅਤੇ ਗੁਰਦੁਆਰਾ ਕਮੇਟੀਆਂ ਜਿਹੜੀਆਂ ਉਨ੍ਹਾਂ ਨੇ ਸਥਾਪਿਤ ਕੀਤੀਆਂ ਸਨ ਅਤੇ ਉਨ੍ਹਾਂ ਦੇ ਕੰਮਾਂ ਨਾਲ ਹੀ ਜੁੜੇ ਹੋਏ ਸਨ। ਸਿੱਖ ਪਰਵਾਸੀਆਂ ਨੇ ਖਾਲਸਾ ਦੀਵਾਨ ਸੋਸਾਇਟੀ ਰਾਹੀਂ ਆਪਣੀਆਂ ਰੰਜਿਸ਼ਾਂ ਨੂੰ ਦੂਰ ਕਰਨ ਦਾ ਉਪਰਾਲਾ ਕੀਤਾ। ਭਾਰਤ ਦੀ ਤਰ੍ਹਾਂ ਪ੍ਰਾਰਥਨਾਵਾਂ ਤੇ ਅਰਜ਼ੀਆਂ ਅਮਰੀਕਾ ਵਿਚ ਵੀ ਬੇਕਾਰ ਸਾਬਤ ਹੋਈਆਂ।

## 2. ਹਰਦਿਆਲ ਅਤੇ ਗ਼ਦਰ ਪਾਰਟੀ ਦਾ ਬਣਨਾ

ਭਾਰਤੀ ਪਰਵਾਸੀ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਅਧਿਕ ਸੁਧਾਰਵਾਦੀ ਵਿਚਾਰਾਂ ਲਈ ਤਿਆਰ ਹੋ ਗਏ ਸਨ। ਉਨ੍ਹਾਂ ਨੂੰ ਬਹੁਤ ਛੇਤੀ ਅਜਿਹਾ ਮਨੁੱਖ ਮਿਲ ਗਿਆ ਜਿਹੜਾ ਇਸ ਤਰ੍ਹਾਂ ਦੇ ਵਿਚਾਰ ਪੇਸ਼ ਕਰਦਾ ਸੀ। ਇਹ ਮਨੁੱਖ ਹਰਦਿਆਲ ਸੀ। ਉਹ ਦਿਲ ਤੋਂ ਦੇਸ਼ ਭਗਤ, ਅੱਗ ਉਂਗਲਣ ਵਾਲਾ, ਭਾਸ਼ਨ ਕਰਤਾ ਅਤੇ ਬੜਾ ਉੱਤੇਜਕ ਲਿਖਾਰੀ ਸੀ। ਇਹ ਗੰਭੀਰਤਾ ਨਾਲ ਭਾਰਤ ਤੋਂ ਅੰਗਰੇਜ਼ਾਂ ਨੂੰ ਬਾਹਰ ਕੱਢਣ ਲਈ ਹਿੰਸਾਤਮਕ ਕ੍ਰਾਂਤੀ ਦੇ ਬਾਰੇ ਵਿਚ ਸੋਚ ਰਿਹਾ ਸੀ। ਪਰਸਥਿਤੀਆਂ ਦੇ ਕਾਰਨ ਉਸ ਨੂੰ ਇੰਗਲੈਂਡ, ਫਰਾਂਸ ਅਤੇ ਭਾਰਤ ਨੂੰ ਛੱਡਣਾ ਪਿਆ ਪਰ ਉਸ ਨੇ ਯੂ.ਐਸ.ਏ. ਵਿਚ ਆਪਣੇ ਰਹਿਣ ਦੇ ਦੌਰਾਨ ਇਹ ਨਿਸ਼ਚਿਤ ਕਰ ਲਿਆ ਸੀ ਕਿ ਭਾਰਤ ਤੋਂ ਅੰਗ੍ਰੇਜ਼ਾਂ ਨੂੰ ਕੱਢਣ ਦੀ ਭੋਂ ਤਿਆਰ ਕਰ ਲਵੇਗਾ।

ਹਰਦਿਆਲ ਨੇ ਇਹ ਮਹਿਸੂਸ ਕੀਤਾ ਕਿ ਅਮਰੀਕਾ ਵਿਚ ਉਸ ਨੂੰ ਦੋ ਲਾਭ ਹਨ, ਪਹਿਲਾ ਇਹ ਸੀ ਕਿ ਭਾਰਤ ਦੀ ਥਾਂ ਅਮਰੀਕਾ ਵਿਚ ਕ੍ਰਾਂਤੀਕਾਰੀ ਅੰਦੋਲਨ ਦੀ ਯੋਜਨਾ ਦੇ ਪ੍ਰੋਪੇਗੰਡਾ ਲਈ ਅਧਿਕ ਆਜ਼ਾਦੀ ਸੀ। ਦੂਜੀ ਗੱਲ ਇਹ ਸੀ ਕਿ ਭਾਰਤੀ ਪਰਵਾਸੀ ਉਸ ਜਨਤਾ ਦੇ ਇਸ ਸਹਾਰੇ ਦਾ ਆਧਾਰ ਬਣਾਉਣ ਲਈ ਵਾਇਦਾ ਕਰ ਰਹੇ ਸਨ। ਇਹ ਅਜਿਹੀ ਗੱਲ ਸੀ ਜਿਵੇਂ ਕਿ ਬਾਅਦ ਵਿਚ ਗਦਰ ਦੇ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਜਿਹੜਾ ਕਿਸੇ ਕ੍ਰਾਂਤੀਕਾਰੀ ਲੀਡਰ ਨੂੰ ਭਾਰਤ ਵਿਚ ਨਹੀਂ ਪ੍ਰਾਪਤ ਹੋ ਸਕਦਾ ਸੀ।

1913 ਦੇ ਆਰੰਭ ਵਿਚ ਹਰਦਿਆਲ ਪ੍ਰੋਪੇਗੰਡਾ ਨੂੰ ਕੌਮਾਂਤਰੀ ਬਣਾਉਣ ਵਿਚ ਪੂਰੀ ਤਰ੍ਹਾਂ ਲੱਗ ਪਿਆ। ਉਸ ਨੇ ਮਨੁੱਖ ਦੇ ਆਦਰ ਲਈ ਇਕ ਲੇਖ ਲਿਖਿਆ ਜਿਸ ਨੇ 23 ਦਸੰਬਰ, 1912 ਵਿਚ ਦਿੱਲੀ ਵਾਇਸਰਾਏ ਲਾਰਡ ਹਾਰਡਿੰਗ ਤੇ ਇਕ ਬੰਬ ਸੁੱਟਿਆ ਸੀ। ਹਰਦਿਆਲ ਦੇ ਸ਼ਬਦਾਂ ਵਿਚ ਦੁੱਖ ਦੀ ਸਾਹ ਲੈਂਦੇ ਹੋਏ ਉਹ ਮਨੁੱਖ ਇਕ ਵਲਚਰ ਵਾਂਗ ਆਇਆ। ਉਸ ਨੇ ਸਾਨੂੰ ਨੀਂਦਰ ਤੋਂ ਜਗ੍ਹਾ ਦਿੱਤਾ। ਉਸ ਨੇ ਸਾਡੀਆਂ ਬੰਦ ਹੁੰਦੀਆਂ ਅੱਖਾਂ ਨੂੰ ਤੀਬਰ ਰੌਸ਼ਨੀ ਨਾਲ ਚੁੰਧਿਆ ਦਿੱਤਾ, ਜਿਸ ਮਨੁੱਖ ਨੇ ਇਹ ਬੰਬ ਸੁੱਟਿਆ ਉਸ ਨੇ ਸਪੱਸ਼ਟ ਕਰ ਦਿੱਤਾ ਕਿ ਨਸਲ ਭਾਰਤ ਵਿਚ ਸਮਾਪਤ ਨਹੀਂ ਹੋਈ।

### 2.1 ਗ਼ਦਰ ਪਾਰਟੀ ਨਾਲ ਸੰਬੰਧਿਤ ਰਸਾਲੇ

ਆਪਣੇ ਪ੍ਰੋਪੇਗੰਡਾ ਨੂੰ ਪ੍ਰਭਾਵਕਾਰੀ ਅਤੇ ਨਿਯਮਤ ਢੰਗ ਨਾਲ ਫੈਲਾਉਣ ਲਈ ਹਰਦਿਆਲ ਨੇ 1913 ਵਿਚ ਇਕ ਹਫਤੇਵਾਰ ਰਸਾਲਾ ਕੱਢਿਆ ਅਤੇ ਇਸ ਦਾ ਨਾਂ ਗਦਰ ਰੱਖਿਆ। ਗਦਰ ਨਾ ਪਿੱਛੇ ਇਹ ਭਾਵਨਾ ਸੀ ਕਿ ਇਸ ਨਾਲ 1857 ਦੇ ਸੰਘਰਸ਼ ਨੂੰ ਯਾਦ ਕੀਤਾ ਜਾਵੇਗਾ ਤੇ ਲੋਕਾਂ ਨੂੰ ਪ੍ਰੇਰਣਾ ਪ੍ਰਾਪਤ ਹੋਵੇਗੀ ਗਦਰ ਉਰਦੂ, ਇੰਗਲਿਸ਼, ਗੁਰਮੁਖੀ ਅਤੇ ਮਰਾਠੀ ਵਿਚ ਕੱਢਿਆ ਗਿਆ। ਇਹ ਇਸ ਵੱਲ ਪੱਕਾ ਸੰਵੇਦਤ ਸੀ ਕਿ ਹਰਦਿਆਲ ਆਪਣੇ ਪ੍ਰੋਪੇਗੰਡਾ ਦੇ ਕੰਮ ਨੂੰ ਬਹੁਤ ਮਹੱਤਵ ਦੇ ਰਿਹਾ ਸੀ, ਜਿਸ ਨੇ ਪਹਿਲੇ ਫਰੰਟ ਸਫੇ ਤੇ ਗਦਰ ਲਿਖਿਆ ਸੀ ਅਤੇ ਇਸ ਦਾ ਅਰਥ ਇਹ ਸੀ ਕਿ ਅੰਗਰੇਜ਼ੀ ਨਸਲ ਦਾ ਦੁਸ਼ਮਣ ਹੈ। ਇਹ ਰਸਾਲਾ ਮੁਫਤ ਵੰਡਿਆ ਜਾਂਦਾ ਸੀ। ਹਰਦਿਆਲ ਨੇ ਆਪਣੇ ਲੇਖਕਾਂ ਨੂੰ ਪ੍ਰਾਰਥਨਾ ਕੀਤੀ ਸੀ ਕਿ ਉਹ ਇਸ ਰਸਾਲੇ ਨੂੰ ਸੰਚਾਲਿਤ ਕਰਨ ਵਿਚ ਸਹਿਯੋਗ ਦੇਣ। ਉਹ ਭਾਰਤ ਬਾਰੇ ਆਪਣੇ ਮਿੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਆਪ ਪੜ੍ਹਨ ਬਾਅਦ ਇਹ ਕਾਪੀ ਭੇਜ ਦੇਣ ਜਾਂ ਜੇਕਰ ਉਹ ਨਾ ਪੜ੍ਹ ਸਕਣ ਤਾਂ ਉਹ ਕਿਸੇ ਪੜ੍ਹੇ ਲਿਖੇ ਮਨੁੱਖ ਰਾਹੀਂ ਉਸ ਨੂੰ ਸੁਣਨ। ਗਦਰ ਨੂੰ ਸਪੱਸ਼ਟ ਲਿਖਿਆ, ਸਮਾਂ ਨੇੜੇ ਆ ਰਿਹਾ ਹੈ ਜਦੋਂ ਕਲਮ ਅਤੇ ਸਿਆਹੀ ਦੀ ਥਾਂ ਬੰਦੂਕ ਅਤੇ ਖੂਨ ਦੀ ਵਰਤੋਂ ਕੀਤੀ ਜਾਵੇਗੀ।

ਬਰਤਾਨਵੀ ਲੋਕਾਂ ਨੇ ਗਦਰ ਨੂੰ ਕਿਸ ਰੌਸ਼ਨੀ ਵਿਚ ਲਿਆ। ਇਸ ਅਖ਼ਬਾਰ ਨੇ ਮਨੁੱਖ ਦੇ ਹਰ ਜਜ਼ਬੇ ਨੂੰ ਉਕਾਸਾਇਆ ਜਿਸ ਨੂੰ ਇਹ ਉਕਸਾ ਸਕਦਾ ਸੀ। ਭਾਸ਼ਣ, ਕਤਲ ਅਤੇ ਗਦਰ ਆਦਿ ਸ਼ਬਦਾਂ ਦੀ ਵਰਤੋਂ ਹਰ ਵਾਕ ਵਿਚ ਹੁੰਦੀ ਸੀ। ਭਾਸ਼ਣ ਤੇ ਕਤਲਰੂਪੀ ਕ੍ਰਾਂਤੀ ਕਰਨ ਲਈ ਬਰਤਾਨੀਆਂ ਸਰਕਾਰ ਨੂੰ ਹਰ ਤਰੀਕੇ ਨਾਲ ਬਾਹਰ ਕੱਢਣ ਲਈ ਭਾਰਤ ਜਾਣ ਲਈ ਕਿਹਾ। ਸਿੱਖ ਪਰਵਾਸੀਆਂ ਤੇ ਇਸ ਦਾ ਪ੍ਰਭਾਵ ਪਿਆ।

ਹੇਠ ਲਿਖਿਆ ਇਸ਼ਤਿਹਾਰ ਜਿਹੜਾ ਗਦਰ ਵਿਚ ਦਿੱਤਾ ਗਿਆ, ਇਹ ਪ੍ਰਗਟ ਕਰਦਾ ਹੈ ਕਿ ਕਿਸ ਤਰ੍ਹਾਂ ਦੇ ਮਨੋਵਿਗਿਆਨਕ ਤਰੀਕਿਆਂ ਦਾ ਪ੍ਰਯੋਗ ਦੇਸ਼ ਭਗਤੀ ਦੀ ਭਾਵਨਾ ਨੂੰ ਉਕਸਾਉਣ ਲਈ ਕੀਤਾ ਗਿਆ :

ਤਨਖਾਹ ਵਿਚ ਗਦਰ ਪੈਦਾ ਕਰਨ ਲਈ ਨਿਡਰ ਹਿੰਮਤੀ ਸਿਪਾਹੀ

ਤਨਖਾਹ ਮਿਰਤੂ, ਇਨਾਮ ਸ਼ਹੀਦੀ ਜਾਂ ਆਜ਼ਾਦੀ,

ਸਥਾਨ ਭਾਰਤ

ਹਰਦਿਆਲ ਇਸ ਗੱਲ ਤੋਂ ਜਾਣੂ ਸੀ ਕਿ ਪ੍ਰਭਾਵਕਾਰੀ ਅਤੇ ਵਿਸਤ੍ਰਿਤ ਆਕਾਰ ਦੇ ਇਕ ਸੰਗਠਨ ਦੀ ਲੋੜ ਹੈ। ਮਈ 1913 ਵਿਚ ਇਸ ਦਿਸ਼ਾ ਵਲ ਪਹਿਲਾ ਕਦਮ ਚੁੱਕਿਆ ਗਿਆ ਸੀ। ਜਦੋਂ ਸ਼ਾਂਤ ਮਹਾਸਾਗਰ ਦੀ ਹਿੰਦੂ ਸੰਸਥਾ ਦੀ ਨੀਂਹ ਰੱਖੀ ਗਈ। ਪਹਿਲੀਆਂ ਸਥਾਨਿਕ ਸੰਸਥਾਵਾਂ ਦੀ ਉਲਟ ਸ਼ਾਂਤ ਮਹਾਸਾਗਰ ਦੀ ਹਿੰਦੂ ਸੰਸਥਾ ਇਕ ਵਿਸਤ੍ਰਿਤ ਸੰਗਠਨ ਸੀ ਉਸ ਵਿਚ ਮੈਂਬਰਾਂ ਦੀ ਸੰਖਿਆ ਅਸੀਮਤ ਸੀ। ਵਾਸਤਵ ਵਿਚ ਇਹ ਪੱਤਰ ਵਿਹਾਰ ਕਰਨ ਲਈ ਇਕ ਇਸ਼ਟ ਸੀ ਜਿਨ੍ਹਾਂ ਨੂੰ ਕ੍ਰਾਂਤੀਕਾਰੀ ਪ੍ਰੋਪੇਗੰਡਾ ਸਾਹਿਤ ਭੇਜਿਆ ਜਾਂਦਾ ਸੀ।

ਪਹਿਲੀ ਫਰਵਰੀ 1913 ਵਿਚ ਗ਼ਦਰ ਪਾਰਟੀ ਬਣਾਈ ਗਈ। ਬਾਬਾ ਸੋਹਣ ਸਿੰਘ ਭਕਨਾ ਸਰਵ ਸੰਮਤੀ ਨਾਲ ਇਸ ਦੇ ਪ੍ਰਧਾਨ ਹਰਦਿਆਲ ਇਸ ਦੇ ਸਕੱਤਰ ਅਤੇ ਗਦਰ ਦੇ ਸੰਪਾਦਕ ਚੁਣੇ ਗਏ। ਇਸ ਪਾਰਟੀ ਦੇ ਵਿਚਕਾਰ ਇਕ ਵੱਖ ਗਰੁੱਪ ਕੰਮ ਕਰਨ ਲੱਗ ਪਿਆ। ਇਸ ਦਾ ਨਾਂ ਬੰਗਾਲੀ ਹਫਤੇਵਾਰ ਰਸਾਲੇ ਯੁਗਾਂਤਰ ਦੇ ਨਾਂ ਰੱਖਿਆ ਗਿਆ। ਇਸ ਰਸਾਲੇ ਨੂੰ ਭਾਰਤ ਸਰਕਾਰ ਨੇ ਜ਼ਬਤ ਕਰ ਲਿਆ ਸੀ। ਇਸ ਰਸਾਲੇ ਦਾ ਆਫਿਸ 436, ਹਿਲ ਸਟ੍ਰੀਟ ਸੇਨ ਫਰਾਂਸਿਸਕੋ ਵਿਚ ਸੀ। ਹਰਦਿਆਲ ਨੇ ਇਸ ਦੇ ਨਾਂ ਦੀ ਵਰਤੋਂ ਇਸ ਲਈ ਕੀਤੀ ਸੀ ਜਿਹੜਾ ਅਖਬਾਰ ਭਾਰਤ ਵਿਚ ਛਪਦਾ ਸੀ ਹੁਣ ਵੀ ਜੀਵਿਤ ਸੀ। ਆਸ਼ਰਮ ਨੂੰ ਇਕ ਕਿਲ੍ਹਾ ਬਣਾਇਆ ਗਿਆ ਜਿਸ ਸਥਾਨ ਤੋਂ ਅੰਗਰੇਜ਼ੀ ਰਾਜ ਦੇ ਥੰਮ ਬਣਾਏ ਜਾਣੇ ਸਨ ਕਾਰਵਾਈ ਕਰਨ ਦੀ ਸਕੀਮ ਨੂੰ ਤਿਆਰ ਕਰਨ ਲਈ ਇਕ ਕੇਂਦਰੀ ਕਮੇਟੀ ਦੀ ਸਥਾਪਨਾ ਕੀਤੀ ਗਈ। ਜਿਸ ਦੇ ਮੈਂਬਰ ਸੀ ਜਿਹੜੇ ਐਸਟੋਰਿਆ ਸੈਕਸਮੋਟੋ, ਸਟਾਕਰਨ, ਫਰੈਸਟਕੇ, ਥੈਕਰਨਫੀਲਡ, ਲਾਸ ਐਂਜਲਾਸ ਅਤੇ ਇਮਪੀਰੀਅਲ ਘਾਟੀ ਵਿਚ ਰਹਿੰਦੇ ਹਨ।

## 2.2 ਸਿਧਾਂਤ ਅਤੇ ਪ੍ਰੋਗਰਾਮ

ਇਸ ਪਾਰਟੀ ਦਾ ਮੁੱਖ ਉਦੇਸ਼ ਜਿਹੜਾ ਇਸ ਦਾ ਨਾਂ ਦੱਸਦਾ ਹੈ (1) ਭਾਰਤ ਨੂੰ ਬਰਤਾਨੀਆਂ ਤੋਂ ਆਜ਼ਾਦ ਕਰਾਉਣਾ ਸੀ। ਹਰ ਕੰਮ ਹਥਿਆਰਬੰਦ ਕ੍ਰਾਂਤੀ ਰਾਹੀਂ ਹੋਣਾ ਸੀ। ਗ਼ਦਰ ਪਾਰਟੀ ਦੇ ਉਦੇਸ਼ ਰਿਣਾਤਮਕ ਨਹੀਂ ਸੀ। ਇਹ ਪਾਰਟੀ ਉਸ ਆਜ਼ਾਦ ਭਾਰਤ ਦੀ ਪ੍ਰਕ੍ਰਿਤੀ ਦੀ ਕਲਪਨਾ ਕਰਦੀ ਸੀ ਜਿਹੜਾ ਬਰਤਾਨਵੀ ਰਾਜ ਤੋਂ ਆਜ਼ਾਦ ਹੋ ਕੇ ਬਣੇਗਾ। ਇੰਜ ਭਾਰਤ, ਜਧਰੀ, ਆਜ਼ਾਦੀ ਅਤੇ ਭਾਈਚਾਰੇ ਦੇ ਸਿਧਾਂਤਾਂ ਤੇ ਬਣਾਇਆ ਜਾਣਾ ਸੀ ਤੇ ਇਸ ਵਿਚ ਅਧਿਆਤਮਕ ਭਲਾਈ ਹੋਵੇਗੀ। ਇਸ ਵਿਚ ਸਾਰੇ ਲੋਕਾਂ ਨੂੰ ਜੀਵਨ ਦੀਆਂ ਨਿਊਨਤਮ ਲੋੜਾਂ ਪ੍ਰਾਪਤ ਹੋਣਗੀਆਂ।

(2) ਗਦਰ ਪਾਰਟੀ ਦੀ ਸਪੱਸ਼ਟ ਰੂਪ ਵਿਚ ਕੰਮ ਕਰਨ ਦੀ ਯੋਜਨਾ ਬਣਾਈ ਸੀ। ਪਰ ਉਸ ਸਮੇਂ ਹਰਦਿਆਲ ਜਿਹੜਾ ਕੁਝ ਵੀ ਕਰ ਸਕਿਆ ਉਹ ਕੋਈ ਨਿਸ਼ਚਿਤ ਅਤੇ ਸਪੱਸ਼ਟ ਨਹੀਂ ਸੀ। ਉਸ ਨੇ ਲਿਖਿਆ ਸਭ ਤੋਂ ਪਹਿਲਾਂ ਸਾਨੂੰ ਇਕ ਪਾਰਟੀ ਦੀ ਲੋੜ ਹੈ। ਇਸ ਪਾਰਟੀ ਵਿਚ ਉਹ ਲੋਕ ਹੋਣਗੇ ਜਿਹੜੇ ਗਦਰ ਲਈ ਤਿਆਰ ਸਨ। ਉਹ ਕਿਤਾਬਾਂ ਲਿਖਣ ਤੇ ਅਖਬਾਰ ਵਿਚ ਲੇਖ ਛਪਣਗੇ ਅਤੇ ਲੈਕਚਰ ਦੇਣ ਦਾ ਪ੍ਰਬੰਧ ਕਰਨਗੇ ਅਤੇ ਕੁਝ ਲੋਕਾਂ ਨੂੰ ਦੂਜੇ ਰਾਸ਼ਟਰਾਂ ਦੇ ਸਕੂਲ ਭੇਜੇਗੀ ਤਾਂ ਜੋ ਤਿਆਰੀ ਨਾਲ ਉਹ ਰਾਜ ਕਰਨਾ ਸਿਖ ਲੈਣ। ਉਸ ਨੇ ਆਸ ਕੀਤੀ ਕਿ ਇੰਜ ਇਸ ਤਿਆਰੀ ਨਾਲ ਗਦਰ ਆਰੰਭ ਹੋਣ ਵਿਚ ਦੇਰੀ ਨਹੀਂ ਹੋਵੇਗੀ। ਪ੍ਰਾਕ੍ਰਿਤਕ ਤੌਰ ਤੇ ਉਸ ਲਈ, ਇਸ ਗੋਲ ਮੋਲ ਅਤੇ ਅਨਿਸ਼ਚਿਤ ਯੋਜਨਾ ਨਾਲ, ਇਹ ਕਹਿਣਾ ਅਸੰਭਵ ਸੀ ਕਿ ਗਦਰ ਕਿਸ ਸਮੇਂ ਭੜਕੇਗਾ। ਉਸ ਸਮੇਂ ਜਿਹੜਾ ਕੰਮ ਕਰਨਾ ਸੀ ਉਹ ਇਹ ਸੀ ਕਿ ਲੋਕਾਂ ਨੂੰ ਇਸ ਗ਼ਦਰ ਲਈ ਤਿਆਰ ਕੀਤਾ ਜਾਵੇ। ਪਹਿਲਾ ਵਿਸ਼ਵ-ਮਹਾਂਯੁੱਧ ਆਰੰਭ ਹੋਣ ਤੋਂ ਪਹਿਲਾਂ ਇਹ ਗੱਲ ਬਹੁਤ ਸਪੱਸ਼ਟ ਸੀ। ਉਹ ਗੁਲਾਮੀ ਦਾ ਤੌਕ ਕੱਢ ਸੁਟਿਆ ਜਾ ਸਕੇ। ਸਪੱਸ਼ਟ ਸ਼ਬਦਾਂ ਵਿਚ ਉਸ ਸਮੇਂ ਦੀ ਅੰਤਰ ਰਾਸ਼ਟਰੀ ਸਥਿਤੀ ਇਹ ਦੱਸਦੀ ਸੀ ਕਿ ਇਸ ਤੇ ਇਕ ਪੰਥ ਲਈ ਨਿਰਭਰ ਰਿਹਾ ਜਾ ਸਕਦਾ ਸੀ ਉਹ ਦੇਸ਼ ਜਰਮਨੀ ਸੀ। ਵਾਸਤਵ ਵਿਚ 31 ਦਸੰਬਰ, 1931 ਵਿਚ ਕੌਂਸਿਲ ਇਕ ਮੁੱਖ ਮਹਿਮਾਨ ਸੀ। ਉਹ ਹਰਦਿਆਲ ਸੰਸਥਾ ਤੇ ਗਦਰ ਪਾਰਟੀ ਦੇ ਮੈਂਬਰਾਂ ਨਾਲ ਬੈਠਿਆ ਸੀ। ਜੇਕਰ ਬਰਤਾਨਵੀ ਜਾਸੂਸੀ ਵਿਭਾਗ ਦੀ ਰਿਪੋਰਟ ਤੇ ਯਕੀਨ ਕੀਤਾ ਜਾ ਸਕੇ ਹਰਦਿਆਲ ਨੇ ਕਿਹਾ "ਜਰਮਨੀ

ਇੰਗਲੈਂਡ ਦੇ ਨਾਲ ਯੁੱਧ ਦੀ ਤਿਆਰੀ ਕਰ ਰਿਹਾ ਹੈ ਅਤੇ ਹੁਣ ਸਮਾਂ ਆ ਗਿਆ ਹੈ ਕਿ ਆਉਣ ਵਾਲੀ ਕ੍ਰਾਂਤੀ ਲਈ ਭਾਰਤ ਜਾਇਆ ਜਾਵੇ।"

(3) ਇਕ ਹੋਰ ਮਾਮਲਾ ਜਿਸ ਵਿਚ ਗ਼ਦਰ ਪਾਰਟੀ ਦੀ ਸਥਿਤੀ ਸਪੱਸ਼ਟ ਸੀ ਉਹ ਇਹ ਸੀ ਕਿ ਹਿੰਦੂ ਮੁਸਲਿਮ ਏਕਤਾ ਦੀ ਸਖਤ ਲੋੜ ਹੈ। ਵਾਸਤਵ ਵਿਚ ਗ਼ਦਰ ਪਾਰਟੀ ਆਪਣੇ ਦ੍ਰਿਸ਼ਟੀਕੋਣ, ਪ੍ਰੋਗਰਾਮ ਤੇ ਮੈਂਬਰੀ ਵਿਚ ਧਰਮ ਨਿਰਪੇਖ ਸੀ। ਹਿੰਦੂ, ਸਿੱਖ ਤੇ ਮੁਸਲਮਾਨ ਇਸ ਵਿਚ ਹੋਣ ਵਾਲੀ ਕ੍ਰਾਂਤੀ ਲਈ ਇਕ ਦੂਜੇ ਤੋਂ ਅੱਗੇ ਵਧਕੇ ਕੰਮ ਕਰ ਰਹੇ ਸਨ। ਹਰੀਸ਼ ਪੁਰੀ ਦੇ ਅਨੁਸਾਰ ਗਦਰ ਲਹਿਰ ਦੇ ਫੈਲ ਜਾਣ ਤੋਂ ਬਾਅਦ ਗ਼ਦਰ ਪਾਰਟੀ ਦੇ ਮੈਂਬਰ ਬਾਅਦ ਵਿਚ ਕਿਸੇ ਵੀ ਫਿਰਕੂ ਸੰਗਠਨ ਵਿਚ ਸ਼ਾਮਲ ਨਹੀਂ ਹੋਏ।

ਹਰਦਿਆਲ ਆਉਣ ਵਾਲੀ ਕ੍ਰਾਂਤੀ ਲਈ ਕੋਈ ਤਰਤੀਬਵਾਰ ਨਹੀਂ ਪੇਸ਼ ਕਰ ਸਕਿਆ ਤਾਂ ਵੀ ਉਹ ਲੇਖਾਂ ਅਤੇ ਭਾਸ਼ਣਾਂ ਨਾਲ ਲੋਕਾਂ ਨੂੰ ਉਕਸਾ ਰਿਹਾ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਜਿਹੜੇ ਲੋਕ ਰਾਜਨੀਤੀ ਵਿਚ ਆਪਣੇ ਕੰਮ ਆਰਥਿਕ ਰੰਜਿਸ਼ਾਂ ਤੇ ਨਸਲੀ ਬੇਇਜ਼ਤੀ ਦੇ ਸ਼ਿਕਾਰ ਸਨ ਹੁਣ ਏਸ਼ਿਆਈ ਐਕਸਕਲੂਜ਼ਨ ਐਕਟ ਤੋਂ ਉਪਰ ਉਠਣ ਲਈ ਅਤੇ ਕ੍ਰਾਂਤੀ ਲਈ ਤੀਬਰਤਾ ਨਾਲ ਕੰਮ ਕਰਨ ਲਈ ਤਿਆਰ ਹੋ ਗਏ। ਸਥਿਤੀ ਹਰਦਿਆਲ ਦੇ ਹੱਥੋਂ ਬਾਹਰ ਹੋਣ ਲੱਗ ਪਈ। ਪਰਵਾਸੀ ਭਾਰਤੀ ਕ੍ਰਾਂਤੀ ਤੋਂ ਅਧਿਕ ਦੀ ਮੰਗ ਕਰਨ ਲੱਗ ਪਏ।

ਇਸ ਦੌਰਾਨ ਜਰਮਨ ਏਜੰਟਾਂ ਦੀ ਸਹਾਇਤਾ ਨਾਲ ਗਦਰ ਦਾ ਸਹਿਤ ਸਾਰੇ ਬਰਤਾਨਵੀ ਸਾਮਰਾਜ ਵਿਚ ਪਹੁੰਚ ਰਿਹਾ ਸੀ। ਛੇਤੀ ਹੀ ਗਦਰ ਦੇ ਕਾਰਜਕਰਤਾ ਫਿਲਪਾਈਨਸ, ਹਾਂਗਕਾਗ, ਥਾਈਲੈਂਡ, ਬਰਮਾ, ਡੱਚ, ਈਸਟ ਇੰਡੀਜ, ਮੈਕਸੀਕੋ, ਪਨਾਮਾ ਅਤੇ ਬ੍ਰਾਜੀਲ ਵਿਚ ਕੰਮ ਕਰਨ ਲੱਗ ਪਏ।

ਜਦੋਂ ਜਰਮਨ ਸਹਾਇਤਾ ਤੇ ਆਸ ਲਾਈ ਜਾ ਰਹੀ ਸੀ ਚੀਨੀ ਰਾਸ਼ਟਰਵਾਦੀਆਂ ਨੇ ਭਾਰਤੀ ਸੰਘਰਸ਼ ਲਈ ਸਹਾਇਤਾ ਦੀ ਪੇਸ਼ਕਸ਼ ਕੀਤੀ। ਇਸ ਨਾਲ ਸਰਕਾਰ ਦੀਆਂ ਨਿਰਧਾਰਤ ਯੋਜਨਾਵਾਂ ਦਾ ਮਸੌਦਾ ਤਿਆਰ ਹੋਇਆ। ਪਹਿਲੇ ਕਦਮ ਵਿਚ ਰੇਲ ਸਟੇਸ਼ਨਾਂ ਤੇ ਹਮਲਾ ਕਰਕੇ ਤਾਰ ਲਾਈਨਾਂ ਨੂੰ ਕੱਟ ਕੇ ਪਰਿਵਰਤਨ ਨੂੰ ਕੱਟ ਦੇਣਾ ਸੀ। ਇਸ ਦੇ ਬਾਅਦ ਪੁਲੀਸ ਚੌਂਕੀਆਂ, ਫੌਜੀ ਕੈਂਪਾਂ ਤੇ ਨਿਰੀਖਣ ਚੌਂਕੀਆਂ ਨੂੰ ਨਸ਼ਟ ਕਰਨਾ ਸੀ। ਜਦੋਂ ਇਹ ਅੰਦੋਲਨ ਤੇਜ਼ੀ ਫੜ ਲਵੇਗਾ ਤਾਂ ਜੰਗਲਾਂ, ਸੀਮਾ ਪ੍ਰਦੇਸ਼ਾਂ ਵਿਚ ਕ੍ਰਾਂਤੀਕਾਰੀ ਕੈਂਪਾਂ ਨੂੰ ਸਥਾਪਿਤ ਕੀਤਾ ਜਾਵੇਗਾ। ਇਨ੍ਹਾਂ ਨਾਲ ਅੰਗਰੇਜ਼ੀ ਸ਼ਾਸਨ ਨੂੰ ਤੇ ਉਸ ਦੀ ਫੌਜ ਨੂੰ ਪ੍ਰੇਸ਼ਾਨ ਕੀਤਾ ਜਾਵੇਗਾ। ਇਹ ਨਿਸ਼ਚਿਤ ਕੀਤਾ ਗਿਆ ਕਿ ਅੰਗਰੇ ਜ਼ੀ ਫੌਜਾਂ ਲਈ ਹਥਿਆਰ ਤੇ ਬਾਰੂਦ ਕੈਂਪਾਂ ਤੇ ਅਸਲਾਂ ਘਰਾਂ ਤੋਂ ਪ੍ਰਾਪਤ ਕੀਤਾ ਜਾਵੇਗਾ। ਇਸ ਲਈ ਕੇਵਲ ਗੁਰੀਲਾ ਹਥਿਆਰ ਦੇ ਹੋਰ ਕੋਈ ਸਾਧਨ ਨਹੀਂ ਵਿਖਾਈ ਪੈਂਦੇ ਸੀ। ਇਸ ਯੋਜਨਾ ਦੇ ਆਰੰਭ ਤੇ ਅਸਲਾ ਲੋਕਾਂ ਤੇ ਲੀਡਰਾਂ ਨੂੰ ਭੇਜਣਾ ਆਰੰਭ ਕਰ ਦਿੱਤਾ। ਇਹ ਵੀ ਯਤਨ ਕੀਤਾ ਗਿਆ ਕਿ ਭਾਰਤੀ ਫੌਜ ਦੀ ਵਫਾਦਾਰੀ ਨੂੰ ਵੀ ਨਸ਼ਟ ਕੀਤਾ ਜਾਵੇ। ਪੱਛਮੀ ਤੱਟ ਦੇ ਪੁਰਾਣੇ ਸਿੱਖ ਸਿਪਾਹੀਆਂ ਨੂੰ ਆਪਣੇ ਫੌਜੀ ਮਿੱਤਰਾਂ ਅਤੇ ਸਾਥੀਆਂ ਨੂੰ ਗ਼ਦਰ ਸਹਿਤ ਭੇਜਣ ਲਈ ਕਿਹਾ ਗਿਆ। ਉਨ੍ਹਾਂ ਨੂੰ ਭਾਰਤ ਵਾਪਸ ਜਾਣ ਲਈ ਕਿਹਾ ਗਿਆ ਜਿਸ ਨਾਲ ਸਿਪਾਹੀਆਂ ਵਿਚ ਕ੍ਰਾਂਤੀਕਾਰੀ ਵਿਚਾਰ ਫੈਲਾਏ ਜਾ ਸਕਣ।

ਇਸ ਸਮੇਂ ਤੇ ਇਕ ਬੜੀ ਮਾੜੀ ਗੱਲ ਹੋਈ। ਹਰਦਿਆਲ ਨੂੰ ਗ੍ਰਿਫਤਾਰ ਕਰਨ ਦਾ ਵਾਰੰਟ 25 ਮਾਰਚ, 1914 ਦੇ ਦਿਨ ਜਾਰੀ ਹੋਇਆ ਤੇ ਉਸ ਨੂੰ ਜ਼ਮਾਨਤ ਤੇ ਰਿਹਾ ਕੀਤਾ ਗਿਆ। ਇਸ ਤੋਂ ਪਹਿਲਾਂ ਕਿ ਇਸ ਮਾਮਲੇ ਦਾ ਨਿਪਟਾਰਾ ਹੁੰਦਾ ਉਸ ਨੇ ਯੂ.ਐਸ.ਏ. ਛੱਡ ਦਿੱਤਾ। ਕੁਝ ਸਮੇਂ ਲਈ ਉਹ ਜੈਨੇਵਾ ਚਲਿਆ ਗਿਆ। ਉਥੇ ਉਸ ਨੇ ਬੰਦੇ ਮਾਤਰਮ ਅਖਬਾਰ ਚਲਾਉਣਾ ਆਰੰਭ ਕਰ ਦਿੱਤਾ। ਕੁਝ ਸਮੇਂ ਬਾਅਦ ਰਾਮ ਚੰਦਰ ਜਿਸ ਨੇ ਅਮਰੀਕਾ ਵਿਚ ਗ਼ਦਰ ਪਾਰਟੀ ਦੇ ਕੰਮ ਦਾ ਚਾਰਜ ਲੈ ਲਿਆ ਸੀ ਉਸ ਤੇ ਖਿਆਨਤ ਅਤੇ ਸੁਆਰਥ ਦਾ ਦੋਸ਼ ਲਗਾਇਆ ਗਿਆ। ਇਸ ਤੇ ਬਹੁਤ ਬਹਿਸ ਹੋਈ ਅਤੇ ਇਹ ਉਦੋਂ ਸਮਾਪਤ ਹੋਈ ਜਦੋਂ ਰਾਮ ਚੰਦਰ ਅਤੇ ਹੋਰ ਗ਼ਦਰ ਪਾਰਟੀ ਦੇ ਸਾਥੀਆਂ ਨੂੰ ਗ੍ਰਿਫਤਾਰ ਕਰਕੇ ਯੂ.ਐਸ.ਏ. ਦੀਆਂ ਅਦਾਲਤਾਂ ਵਿਚ ਮੁਕੱਦਮਾ ਚਲਾਇਆ ਗਿਆ। ਇਹ ਯੂ.ਐਸ.ਏ. ਦੇ ਵਿਰੁੱਧ ਯੁੱਧ ਵਿਚ ਸ਼ਾਮਲ ਹੋਣ ਬਾਅਦ ਕੀਤਾ ਗਿਆ। ਰਾਮ ਚੰਦਰ ਦਾ ਉਸ ਦੇ ਇਕ ਸਾਥੀ ਨੇ ਕਤਲ ਕਰ ਦਿੱਤਾ।

## 2.3 ਬਰਲਿਨ ਵਿਚ ਭਾਰਤੀ ਆਜ਼ਾਦੀ ਦੀ ਕਮੇਟੀ

ਪਹਿਲੇ ਵਿਸ਼ਵ ਯੁੱਧ ਦੇ ਆਰੰਭ ਹੋਣ ਦੇ ਛੇਤੀ ਬਾਅਦ ਹੀ ਫੋਰਨ ਭਾਰਤੀ ਆਜ਼ਾਦੀ ਦੀ ਕਮੇਟੀ ਬਣ ਗਈ। ਇਸ ਦਾ ਕੰਮ ਜਰਮਨੀ ਦੀ ਸਹਾਇਤਾ ਨਾਲ ਭਾਰਤ ਲਈ ਆਜ਼ਾਦੀ ਲੱਭਣਾ ਸੀ। ਜਰਮਨੀ ਵਿਚ ਮੌਜੂਦ ਕੁਝ ਕ੍ਰਾਂਤੀਕਾਰੀਆਂ ਵਰਿੰਦਰ ਨਾਥ ਚੱਟੋਪਾਧਿਆ, ਤਾਰਕਨਾਥ ਦਾਸ, ਚੰਪਕ ਰਮਨ, ਚੰਦਰ, ਐਚ. ਚੱਕਰਵਰਤੀ ਤੇ ਬਰਕਤ ਉਲਾਹ ਦੇ ਕਾਰਣ ਹੋਇਆ ਜਿਹੜਾ ਭਾਰਤ ਦੀ ਆਜ਼ਾਦੀ ਦੇ ਬਾਅਦ ਵਾਪਸ ਕੀਤਾ ਜਾਵੇਗਾ। ਜਰਮਨ ਸਰਕਾਰ ਇਸ ਗੱਲ ਤੇ ਵੀ ਰਾਜ਼ੀ ਹੋ ਗਈ ਕਿ ਉਹ ਹਥਿਆਰ ਵੀ ਸਪਲਾਈ ਕਰੇਗੀ ਤੇ ਸਾਰੇ ਜਰਮਨ ਕੋਸ਼ਲਾਂ ਨੂੰ ਸਵੇਰੇ ਭਾਰਤੀ ਕ੍ਰਾਂਤੀਕਾਰੀਆਂ ਦੀ ਉਨ੍ਹਾਂ ਦੇ ਯਤਨ ਵਿਚ ਸਹਾਇਤਾ ਕਰਨ ਲਈ ਤੇ ਤੁਰਕੀ ਦੇ ਸੁਲਤਾਨ ਨੂੰ ਬਰਤਾਨੀਆਂ ਦੇ ਵਿਰੁੱਧ ਜਹਾਦ ਆਰੰਭ ਕਰਨ ਦਾ ਐਲਾਨ ਕਰੇਗੀ।

ਬੰਗਾਲ ਵਿਚ ਭਾਰਤੀ ਕ੍ਰਾਂਤੀਕਾਰੀ ਗਦਰ ਪਾਰਟੀ ਦੇ ਸੰਪਰਕ ਵਿਚ ਨਹੀਂ ਸਨ। ਚੰਦਰ ਤੇ ਚੱਕਰਵਰਤੀ ਨੂੰ ਯੂ.ਐਸ.ਏ. ਇਸ ਲਈ ਭੇਜਿਆ ਗਿਆ ਕਿ ਉਨ੍ਹਾਂ ਵਿਚ ਮਿੱਤਰਤਾ ਤੇ ਇਕਸੁਰਤਾ ਪੈਦਾ ਕੀਤੀ ਜਾਵੇ ਕਿਉਂਕਿ ਗ਼ਦਰ ਪਾਰਟੀ ਦੇ ਮੈਂਬਰਾਂ ਵਿਚ ਰਾਮ ਚੰਦਰ ਦੀ ਲੀਡਰੀ ਵਿਚ ਬਹੁਤ ਮਤਭੇਦ ਪੈਦਾ ਹੋ ਗਿਆ ਸੀ। ਚੱਕਰਵਰਤੀ ਇਸ ਕੰਮ ਵਿਚ ਸਫਲ ਨਹੀਂ ਹੋ ਸਕਿਆ।

ਇਨ੍ਹਾਂ ਮਤਭੇਦਾਂ ਦੇ ਕਾਰਣ ਗਦਰ ਪਾਰਟੀ ਨਾ ਹੀ ਸਮਾਪਤ ਹੋਈ ਸੀ ਤੇ ਨਾ ਹੀ ਕ੍ਰਿਆਹੀਣ ਹੋਈ ਸੀ। ਉਸ ਦੀ ਸਹਾਇਤਾ ਲਈ ਇਹ ਤਜਵੀਜ ਕੀਤਾ ਗਿਆ ਕਿ ਭਾਰਤੀ ਪਰਵਾਸੀ ਭਾਰਤ ਮੁੜ ਜਾਣ; ਪਰਵਾਸੀ ਲੋਕਾਂ ਨੂੰ ਪਸੰਦ ਆਈ। ਭਾਰਤ ਦੀ ਅੰਗਰੇਜ਼ੀ ਸਰਕਾਰ ਨੂੰ ਇਸ ਗੱਲ ਦੀ ਖਬਰ ਮਿਲ ਗਈ ਕਿ ਪਰਵਾਸੀ ਭਾਰਤ ਮੁੜ ਰਹੇ ਹਨ ਤਾਂ ਵੀ 3 ਤੋਂ 5 ਹਜ਼ਾਰ ਗ਼ਦਰ ਪਾਰਟੀ ਦੇ ਮੈਂਬਰ ਵੱਖ ਵੱਖ ਗਰੁੱਪਾਂ ਤੇ ਵੱਖ ਵੱਖ ਸਮੇਂ ਵਿਚ ਭਾਰਤ ਪਹੁੰਚ ਗਏ। ਇਸ ਸੰਖਿਆ ਵਿਚ 400 ਗ਼ਦਰ ਪਾਰਟੀ ਦੇ ਮੈਂਬਰ ਸ਼ਾਮਲ ਨਹੀਂ ਸੀ ਜਿਨ੍ਹਾਂ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਤੇ ਹੋਰ 2500 ਲੋਕ ਜਿਨ੍ਹਾਂ ਦੀ ਹਿਲਜੁਲ ਸਰਕਾਰ ਨੇ ਉਨ੍ਹਾਂ ਦੇ ਪਿੰਡਾਂ ਤਕ ਸੀਮਿਤ ਕਰ ਦਿੱਤੀ। ਇਨ੍ਹਾਂ ਵਿਚ ਸੋਹਣ ਸਿੰਘ ਭਕਨਾ ਤੇ ਉਪ-ਪ੍ਰਧਾਨ ਕੇਸਰ ਸਿੰਘ ਤੇ ਜਵਾਹਰ ਸਿੰਘ ਸਨ। ਜਿਨ੍ਹਾਂ ਬਹਾਦਰਾਂ ਨੇ ਕਾਮਾ ਗਾਟਾ ਮਾਰੂ ਘਟਨਾ ਦੇ ਬਾਅਦ ਵਿਚ ਵੀ ਭਾਰਤ ਪਹੁੰਚਣ ਤੇ ਆਪਣੇ ਦੇਸ਼ ਲਈ ਕੰਮ ਕਰਨ ਵਿਚ ਸਫਲਤਾ ਪ੍ਰਾਪਤ ਕਰ ਲਈ ਜੇਕਰ ਭਾਰਤੀ ਸਰਕਾਰ ਨੂੰ ਗ਼ਦਰ ਪਾਰਟੀ ਦੇ ਬਾਰੇ ਵਿਚ ਬਹੁਤ ਸੰਦੇਹ ਹੋ ਗਿਆ ਸੀ।

## 2.4 ਭਾਰਤ ਵਿਚ ਯੋਜਨਾ

ਭਾਰਤ ਵਿਚ ਪਰਵਾਸੀਆਂ ਦੇ ਵਾਪਸ ਮੁੜਨ ਦੀ ਯੋਜਨਾ ਇਹ ਸੀ ਕਿ ਸਾਰੇ ਦੇਸ਼ ਵਿਚ ਅਰਾਜਕਤਾ ਫੈਲਾਈ ਜਾਵੇ। ਇਹ ਕੰਮ ਉਸ ਸਮੇਂ ਕੀਤਾ ਜਾਵੇ ਜਦੋਂ ਭਾਰਤ ਵਿਚ ਜਰਮਨ ਹਥਿਆਰ ਪਹੁੰਚਾ ਦਿੱਤੇ ਜਾਣ। ਇਸ ਦੌਰਾਨ ਬਾਲ ਸ਼ਾਸਤਰੀ ਪਾਸ ਦੀ ਯੋਜਨਾ ਦੇ ਅਨੁਸਾਰ ਪੈਸਾ ਇਕੱਠਾ ਕਰਨ ਲਈ 20 ਦੇਵੀਆਂ ਪਾਈਆਂ ਗਈਆਂ। ਬਰਤਾਨੀਆਂ ਦੇ ਵਿਰੁੱਧ ਪ੍ਰੋਪੇਗੰਡਾ ਖਾਸ ਤੌਰ ਤੇ ਸਿਪਾਹੀਆਂ ਵਿਚ ਕੀਤਾ ਗਿਆ।

ਪੁਲਿਸ ਨੇ ਰਾਸ ਬਿਹਾਰੀ ਬੋਸ ਦੀ ਪਾਰਟੀ ਵਿਚ ਇਕ ਜਾਸੂਸ ਦਾਖਲ ਕਰ ਦਿੱਤਾ ਸੀ। ਇਸ ਲਈ ਪੁਲਿਸ ਨੂੰ ਸਮੇਂ ਤੋਂ ਪਹਿਲਾਂ ਹੀ ਸਾਰੀਆਂ ਗੱਲਾਂ ਦਾ ਪਤਾ ਲੱਗ ਗਿਆ ਸੀ। ਬੋਸ ਅਤੇ ਪਿੰਗਲਾ ਇਕ ਹੋਰ ਮੁੱਖ ਕ੍ਰਾਂਤੀਕਾਰੀ ਕਿਸੇ ਤਰ੍ਹਾਂ ਬਚ ਨਿਕਲੇ। ਕਈ ਹੋਰ ਕ੍ਰਾਂਤੀਕਾਰੀ ਗ੍ਰਿਫਤਾਰ ਕਰ ਲਏ ਗਏ ਤੇ ਤਿੰਨ ਮੁਕੱਦਮਿਆਂ ਦੀਆਂ ਲੜੀਆਂ ਵਿਚ ਉਨ੍ਹਾਂ ਤੇ ਮੁਕੱਦਮਾ ਚਲਾਇਆ ਗਿਆ ਇਹ ਮੁਕੱਦਮਾ ਲਾਹੌਰ ਕਾਂਸਪੇਰਿਸੀ ਕੇਸ ਅਤੇ ਲਾਹੌਰ ਸਪਲੀਮੈਂਟਰੀ ਕੇਸਾਂ ਦੇ ਨਾਂ ਤੇ ਪ੍ਰਸਿੱਧ ਹਨ। ਜਿਸ ਵਿਸ਼ੇਸ਼ ਅਦਾਲਤ ਨੇ ਇਨ੍ਹਾਂ ਦਾ ਮੁਕੱਦਮਾ ਕੀਤਾ ਉਨ੍ਹਾਂ ਨੇ ਬਹੁਤ ਸਖਤੀ ਨਾਲ ਫੈਸਲਾ ਕੀਤਾ। ਵਾਇਸਰਾਇ ਵੀ ਇਨ੍ਹਾਂ ਮਾਮਲਿਆਂ ਤੋਂ ਪ੍ਰੇਸ਼ਾਨ ਸੀ ਤੇ ਉਸ ਨੇ ਆਪਣੇ ਆਪ ਲਿਖਿਆ, ''ਮੈਂ ਉਨ੍ਹਾਂ ਲੋਕਾਂ ਤੇ ਕਤਲ ਡਕੈਤੀ ਘੱਲੂਘਾਰੇ ਲਈ ਆਗਿਆ ਨਹੀਂ ਗਈ ਕਿਉਂਕਿ ਉਸ ਮਾਮਲੇ ਵਿਚ ਕੇਵਲ 6 ਲੋਕਾਂ ਦੇ ਕਤਲ ਡਕੈਤੀ ਦੇ ਦੋਸ਼ ਸਾਬਤ ਹੋਏ ਸਨ ਤੇ ਮੈਨੂੰ 24 ਲੋਕਾਂ ਨੂੰ ਦਿੱਤੀ ਗਈ ਮੌਤ ਦੀ ਸਜ਼ਾ ਵਿਚ 10 ਲੋਕਾਂ ਦੀ ਸਜ਼ਾ ਮਾਫ ਕਰਨ ਦੀ ਜ਼ਿੰਮੇਵਾਰੀ ਲੈਣੀ ਪਈ।''

## 3. ਅਸਫਲ ਹੋਣ ਦੇ ਕਾਰਨ ਅਤੇ ਮੁਲਾਂਕਣ

ਇਕ ਸੰਗਠਨ ਤਿਆਰ ਕਰਨ ਲਈ ਜਿਸ ਵਿਚ ਬਹੁਤ ਮਨੁੱਖੀ ਸ਼ਕਤੀ, ਜੋਸ਼, ਧਨ ਅਤੇ ਆਦਰਸ਼ਵਾਦ ਦੀ ਵਰਤੋਂ ਹੋਈ ਸੀ ਬਿਨਾਂ ਕਿਸੇ ਸਫਲਤਾ ਦੇ ਸਮਾਪਤ ਹੋ ਗਿਆ। ਕੀ ਇਸ ਬਹੁਤ ਭਾਰੀ ਤੇ ਵੀਰਤਾਪੂਰਨ ਜਤਨ ਨੂੰ ਪੂਰੀ ਤਰ੍ਹਾਂ ਅਸਫਲ ਮੰਨਿਆ ਜਾ ਸਕਦਾ ਹੈ? 1914 ਦੀ ਅਸਫਲਤਾ ਦੇ ਬਾਅਦ ਸਰਕਾਰ ਦੀ ਜਵਾਬੀ ਕਾਰਵਾਈ ਦੇ ਬਾਵਜੂਦ ਗ਼ਦਰ ਪਾਰਟੀ ਜੀਵਿਤ ਰਹੀ। 1919 ਦੇ ਬਾਅਦ ਇਹ ਪਾਰਟੀ ਲਗਭਗ ਤੋੜ ਹੀ ਦਿੱਤੀ ਗਈ ਪਰ 1920 ਵਿਚ ਇਹ ਪਾਰਟੀ ਮੁੜ ਪ੍ਰਗਟ ਹੋਈ। ਇਸ ਵਾਰੀ ਇਹ ਪਾਰਟੀ ਕਮਿਊਨਿਸਟਾਂ ਦੇ ਪ੍ਰਭਾਵ ਵਿਚ ਸੀ ਤੇ ਇਸ ਦਾ ਕੰਮ ਪੰਜਾਬ ਦੇ ਕਿਸਾਨਾਂ ਦੇ ਅੰਦੋਲਨ ਵਿਚ ਹੀ ਸੀਮਿਤ ਸੀ।

ਫੌਰਨ ਤੇ ਠੋਸ ਸਫਲਤਾ ਨਾ ਹੋਣ ਤੇ ਵੀ ਗ਼ਦਰ ਲਹਿਰ ਨੂੰ ਆਜ਼ਾਦੀ ਦੇ ਭਾਰਤੀ ਸੰਘਰਸ਼ ਦੇ ਇਤਿਹਾਸ ਵਿਚ ਇਸ ਦੇ ਪ੍ਰਭਾਵ ਨੂੰ ਅਸਫਲ ਨਹੀਂ ਸੀ ਮੰਨਿਆ ਜਾ ਸਕਦਾ ਕਿਉਂਕਿ ਜਿਹੜੀ ਪ੍ਰੇਰਣਾ ਇਸ ਨੇ ਭਾਰਤੀ ਅੰਦੋਲਨ ਨੂੰ ਅੰਤ ਸਮੇਂ ਤਕ ਦਿੱਤੀ ਉਨ੍ਹਾਂ ਦੀ ਅਣਦੇਖੀ ਤੇ ਉਸ ਤੇ ਕੋਈ ਵਿਵਾਦ ਨਹੀਂ ਕੀਤਾ ਜਾ ਸਕਦਾ। ਅੰਤਰ-ਰਾਸ਼ਟਰੀ ਬੰਧ, ਫੌਜੀਆਂ ਵਿਚ ਪ੍ਰੋਪੇਗੰਡਾ ਤੇ ਕ੍ਰਾਂਤੀਕਾਰੀ ਸੰਗਠਨ ਦਾ ਇਕ ਪੈਟਰਨ ਜਿਹੜਾ ਗ਼ਦਰ ਪਾਰਟੀ ਨੇ ਪੇਸ਼ ਕੀਤਾ, ਉਸ ਨੇ ਦੂਜੇ ਵਿਸ਼ਵ ਮਹਾਂਯੁੱਧ ਦੇ ਆਰੰਭ ਹੋਣ ਤੇ ਸੁਧਾਰ ਤੇ ਅਪਣਾਇਆ ਜਾ ਸਕਦਾ ਸੀ। ਇਹ ਸੁਭਾਸ਼ ਚੰਦਰ ਬੋਸ ਦੀ ਇੰਡੀਅਨ ਨੈਸ਼ਨਲ ਫੌਜ ਦੇ ਇਤਿਹਾਸ ਤੋਂ ਸਪੱਸ਼ਟ ਹੈ।

ਭਾਰਤੀ ਰਾਸ਼ਟਰੀ ਲਹਿਰ ਬਾਰੇ ਕੁਝ ਵੀ ਕਿਹਾ ਜਾਵੇ ਪਰ ਇਸ ਦੀ ਸੂਝ ਬੂਝ ਦੀ ਵੀ ਦ੍ਰਿਸ਼ਟੀ ਤੋਂ ਗਦਰ ਲਹਿਰ ਨੂੰ ਅਸਫਲ ਮੰਨਿਆ ਜਾਵੇਗਾ। 1914-18 ਦੀਆਂ ਪਰਿਸਥਿਤੀਆਂ ਵਿਚ ਇਹ ਹੋਣਾ ਹੀ ਸੀ। ਇਨ੍ਹਾਂ ਸਾਧਾਰਨ ਲੋਕਾਂ ਦੀ ਮਦਦ ਨਾਲ ਕੋਈ ਵੀ ਕ੍ਰਾਂਤੀਕਾਰੀ ਹੱਲ ਸਫਲ ਨਹੀਂ ਹੋ ਸਕਦਾ। ਜਦੋਂ ਗਦਰ ਪਾਰਟੀ ਦੇ ਲੋਕ ਬਰਤਾਨੀਆਂ ਨੂੰ ਬਾਹਰ ਕੱਢਣ ਲਈ ਭਾਰਤ ਆਏ ਤਾਂ ਉਨ੍ਹਾਂ ਨੇ ਆਪ ਕ੍ਰਾਂਤੀਕਾਰੀ ਅਤੇ ਦੇਸ਼ ਭਗਤੀ ਦੇ ਵਲਵਲੇ ਵਿਚ ਇਸ ਗੱਲ ਦੀ ਅਣਦੇਖੀ ਕਰ ਦਿੱਤੀ ਕਿ ਭਾਰਤ ਦੇ ਇਕ ਖੜੇ ਭਾਗ ਨੂੰ ਅਜਿਹਾ ਕੋਈ ਵਲਵਲਾ ਨਹੀਂ ਸੀ ਇਥੇ ਡਰ ਅਤੇ ਬੇਦਿਲੀ ਦਾ ਰਾਜ ਸੀ।

### ਕਾਰਣ

### 3.1 ਭਾਰਤ ਵਲੋਂ ਭਰਵਾਂ ਹੁੰਗਾਰਾ ਨਾ ਮਿਲਣਾ

ਭਾਰਤ ਵਿਚ ਰਾਜਨੀਤੀ ਨਾਲ ਚੇਤੰਨ ਵੀ ਜਾਂ ਤੇ ਉਨ੍ਹਾਂ ਯਕੀਨ ਜਾਂ ਮਸਲਹਤ ਕਰਕੇ ਇਹ ਗੱਲ ਮਹਿਸੂਸ ਕੀਤੀ ਜਾਂਦੀ ਸੀ ਕਿ ਇਤਿਹਾਦੀ ਯੁੱਗ ਦੇ ਜਤਨਾਂ ਦੀ ਹਮਾਇਤ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਇਤਿਹਾਦੀ ਸ਼ਕਤੀਆਂ ਲੋਕ ਰਾਜ ਦੇ ਪੱਖ ਵਿਚ ਸਨ ਤੇ ਲੜਾਈ ਸਮਾਪਤ ਹੋਣ ਦੇ ਬਾਅਦ ਇਹ ਹਿਮਾਇਤ ਬੇਕਾਰ ਨਹੀਂ ਜਾਵੇਗੀ। ਜਦੋਂ ਇਤਿਹਾਦੀ ਸ਼ਕਤੀਆਂ ਯੁੱਧ ਵਿਚ ਜਿੱਤ ਜਾਣਗੀਆਂ ਬਰਤਾਨਵੀ ਰਾਜ ਵੱਲ ਭਾਰਤੀ ਲੋਕਾਂ ਦੇ ਦ੍ਰਿਸ਼ਟੀਕੋਣ ਵਿਚ ਜਿਹੜਾ ਪਰਿਵਰਤਨ ਰੌਲਟ ਐਕਟ ਤੇ ਜਲ੍ਹਿਆ ਵਾਲੇ ਬਾਗ ਦੇ ਕਤਲ ਦੇ ਬਾਅਦ ਆਇਆ ਉਹ 1918 ਤੋਂ ਪਹਿਲਾਂ ਭਾਰਤੀ ਰਾਜਨੀਤੀ ਤੋਂ ਪਹਿਲਾਂ ਸੋਚਿਆ ਨਹੀਂ ਗਿਆ ਸੀ। ਇਸ ਲਈ ਭਾਰਤੀ ਲੋਕਾਂ ਨੂੰ ਕ੍ਰਾਂਤੀਕਾਰੀ ਬਗਾਵਤ ਲਈ ਤਿਆਰ ਕਰਨਾ ਬਹੁਤ ਕਠਿਨ ਸੀ।

### 3.2 ਕਮਜ਼ੋਰ ਸੰਗਠਨ

ਜਦੋਂ ਭਾਰਤ ਸਮਾਜ ਉਸ ਸਮੇਂ ਗ਼ਦਰ ਲਹਿਰ ਦੀ ਸਹਾਇਤਾ ਕਰਨ ਦੇ ਯੋਗ ਨਹੀਂ ਸੀ, ਇਹ ਲਹਿਰ ਅਪ੍ਰਿਯ ਸਿੱਧ ਹੋਈ। ਇਸ ਦਾ ਸੰਗਠਨ ਇੰਨਾ ਕਮਜ਼ੋਰ ਤੇ ਚੰਗੀ ਤਰ੍ਹਾਂ ਸੰਗਠਿਤ ਨਹੀਂ ਸੀ ਕਿ ਇਹ ਬਰਤਾਨੀਆ ਵਰਗੇ ਸ਼ਕਤੀਸ਼ਾਲੀ ਸਾਮਰਾਜੀ ਗ਼ਦਰ ਦਾ ਮੁਕਾਬਲਾ ਕਰ ਸਕੇ। ਅਸੀਂ ਇਹ ਵੇਖ ਚੁੱਕੇ ਹਾਂ ਕਿ ਹਰਦਿਆਲ ਦੇ ਜੈਨੇਵਾ ਜਾਣ ਦੇ ਬਾਅਦ ਅਮਰੀਕਾ ਵਿਚ ਗ਼ਦਰ ਪਾਰਟੀ ਦੀ ਕੀ ਹਾਲਤ ਹੋਈ ਸੀ। ਹਰਦਿਆਲ ਦੀ ਯੂ.ਐਸ.ਏ. ਵਿਚ ਮੌਜੂਦਗੀ ਦੇ ਸਮੇਂ ਵੀ ਗਦਰ ਪਾਰਟੀ ਕੋਈ ਆਦਰਸ਼ ਸੰਗਠਨ ਨਹੀਂ ਸੀ। ਜਿਵੇਂ ਕਿ ਅਸੀਂ ਵੇਖ ਚੁੱਕੇ ਹਾਂ ਕਿ ਹਰਦਿਆਲ ਨੂੰ ਹੀ ਇਸ ਗੱਲ ਦਾ ਪਤਾ ਨਹੀਂ ਸੀ ਕਿ ਉਸ ਸਥਿਤੀ ਵਿਚ ਕੀ, ਕਦੋਂ ਤੇ ਕਿਸ ਤਰ੍ਹਾਂ ਕਰਨਾ

ਚਾਹੀਦਾ ਹੈ। ਸੋਹਣੇ ਬੋਲਾਂ ਤੇ ਜੋਸ਼ੀਲੇ ਆਦਰਸ਼ਵਾਦ ਨਾਲ ਕੁਝ ਲੋਕਾਂ ਨੂੰ ਮਾਤਰ-ਭੂਮੀ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ, ਪਰ ਸੁਰੱਖਿਅਤ ਬਰਤਾਨਵੀ ਸਾਮਰਾਜ ਦਾ ਮੁਕਾਬਲਾ ਬਿਨਾਂ ਲੋੜੀਂਦੀ ਤਿਆਰੀ ਤੇ ਸਫਲਤਾ ਦੀ ਆਸ ਕਰਨਾ ਗਲਤੀ ਹੈ। ਬਰਤਾਨਵੀ ਲੋਕ ਜਿਸ ਤਰ੍ਹਾਂ ਕ੍ਰਾਂਤੀਕਾਰੀਆਂ ਦੇ ਸੰਗਠਨ ਵਿਚ ਪ੍ਰਵੇਸ਼ ਕਰ ਗਏ ਤੇ ਉਨ੍ਹਾਂ ਦੀਆਂ ਯੋਜਨਾਵਾਂ ਨੂੰ ਜਾਣ ਕੇ ਉਨ੍ਹਾਂ ਨੂੰ ਫੇਲ ਕਰ ਦਿੱਤਾ ਇਸ ਗੱਲ ਦਾ ਚੰਗਾ ਉਦਾਹਰਣ ਹੈ ਇਹ ਬਹੁਤ ਛੇਤੀ ਸਪੱਸ਼ਟ ਹੋ ਗਿਆ ਕਿ ਕਿਸੇ ਨੂੰ ਵੀ ਨਹੀਂ ਪਤਾ ਸੀ ਕਿ ਕੋਈ ਹੋਰ ਦੂਜਾ ਕੀ, ਕਦੋਂ ਤੇ ਕਿਉਂ ਕਰ ਰਿਹਾ ਸੀ। ਇਨ੍ਹਾਂ ਸਾਰੀਆਂ ਗੱਲਾਂ ਦਾ ਬਰਤਾਨਵੀ ਜਾਸੂਸਾਂ ਤੇ ਖਬਰਚੀਆਂ ਨੂੰ ਪਤਾ ਸੀ ਜਿਹੜੇ ਸਾਰੀ ਦੁਨੀਆਂ ਵਿਚ ਕ੍ਰਿਆਸ਼ੀਲ ਸਨ।

## 3.3 ਲਾਲਾ ਹਰਦਿਆਲ ਦੇ ਨਿੱਜੀ ਦੋਸ਼

ਗ਼ਦਰ ਲਹਿਰ ਦੀ ਅਸਫਲਤਾ ਦੇ ਕਾਰਣਾਂ ਦਾ ਵਿਸ਼ਲੇਸ਼ਣ ਪੂਰਾ ਨਹੀਂ ਹੋ ਸਕਦਾ ਜਦੋਂ ਤਕ ਹਰਦਿਆਲ ਦੇ ਰੋਲ ਦਾ ਵਿਸ਼ਲੇਸ਼ਣ ਨਾ ਕੀਤਾ ਜਾਵੇ ਇਹ ਗੱਲ ਨਹੀਂ ਕਿ ਉਹ ਇਕ ਬੜਾ ਦੇਸ਼ ਭਗਤ ਸੀ ਪਰ ਉਹ ਇਕ ਵੱਡਾ ਕ੍ਰਾਂਤੀਕਾਰੀ ਨਹੀਂ ਸੀ ਕਿਉਂਕਿ ਇਕ ਕ੍ਰਾਂਤੀਕਾਰੀ ਵੀ ਬੜਾ ਪੱਕਾ ਜੁਗਤ ਵਾਲਾ, ਕਲਾ ਵਿਚ ਬਹੁਤ ਚਤੁਰ ਹੋਣਾ ਚਾਹੀਦਾ ਹੈ। ਹਰਦਿਆਲ ਇਨ੍ਹਾਂ ਵਿਚੋਂ ਇਕ ਵੀ ਨਹੀਂ ਸੀ। ਉਹ ਵਿਚਾਰਾਂ ਦੀ ਦੁਨੀਆਂ ਵਿਚ ਰਹਿੰਦਾ ਸੀ। ਸਰਗਰਮੀਆਂ ਉਸ ਤੇ ਲੱਦ ਦਿੱਤੀਆਂ ਗਈਆਂ ਸੀ ਕਿਉਂਕਿ ਉਸ ਨੇ ਰਾਜਨੀਤੀ ਵਿਚ ਪ੍ਰਵੇਸ਼ ਕਰਨਾ ਪਸੰਦ ਕੀਤਾ ਸੀ। ਪਰ ਸੁਭਾਅ ਦੇ ਅਨੁਸਾਰ ਕਿਸੇ ਕਾਰਜ ਨੂੰ ਅਧਿਕ ਸਮੇਂ ਤਕ ਨਹੀਂ ਚਲਾ ਸਕਦਾ ਸੀ, ਉਸ ਦੇ ਲਈ ਇਹ ਵੀ ਸੰਭਵ ਨਹੀਂ ਸੀ ਕਿ ਵਾਸਤਵਿਕ ਦੁਨੀਆਂ ਨੂੰ ਉਨੇ ਧਿਆਨ ਨਾਲ ਵੇਖ ਸਕੇ ਜਿਸ ਨਾਲ ਇਕ ਰਾਜਨੀਤਿਕ ਵੇਖਦਾ ਹੈ ਤੇ ਵਾਸਤਵਿਕ ਸਥਿਤੀ ਦੇ ਪਰਿਵਰਤਨ ਦੇ ਅਨੁਸਾਰ ਉਹ ਆਪਣੀ ਜੁਗਤ ਨਾਲ ਬਦਲ ਲੈਂਦਾ ਸੀ ਤੇ ਸਹੀ ਸੁਝਾਓ ਦਿੰਦਾ ਸੀ।

ਹਰਦਿਆਲ ਦੇ ਨਾਲ ਅਨਿਆਂ ਨਾ ਕਰਦੇ ਹੋਏ ਕਿਹਾ ਜਾ ਸਕਦਾ ਹੈ ਕਿ ਉਸ ਨੇ ਉਸ ਅੰਦੋਲਨ ਦੀ ਸਫਲਤਾ ਤੇ ਅਸਫਲਤਾ ਦੇ ਬਾਰੇ ਢੰਗ ਨਾਲ ਸੋਚਿਆ ਹੀ ਨਹੀਂ ਜਿਸ ਦਾ ਉਹ ਪ੍ਰੇਰਣਾ ਸ੍ਰੋਤ ਸੀ। ਇਕ ਗੱਲ ਹੋਰ ਚੰਗੀ ਨਹੀਂ ਸੀ ਕਿ ਉਸ ਨੇ ਆਪਣੇ ਆਪ ਨੂੰ ਕਦੇ ਨੈਤਿਕ ਦ੍ਰਿਸ਼ਟੀ ਨਾਲ ਉਨ੍ਹਾਂ ਨਤੀਜਿਆਂ ਲਈ ਆਪਣੇ ਆਪ ਨੂੰ ਜ਼ਿੰਮੇਵਾਰ ਨਹੀਂ ਸਮਝਿਆ ਜਿਹੜੇ ਉਸ ਦੀ ਯੋਜਨਾ ਤੇ ਸਮਝਾਉਣ ਨਾਲ ਨਿਕਲੇ ਸਨ। ਜਦੋਂ ਉਸ ਦੇ ਸੋਹਣੇ ਬੋਲਾਂ ਨਾਲ ਪ੍ਰੇਰਿਤ ਹੋਏ ਹਜ਼ਾਰਾਂ ਗ਼ਦਰ ਕਰਨ ਲਈ ਬਿਨਾਂ ਜਾਣੇ ਕਿ ਉਨ੍ਹਾਂ ਨੂੰ ਕਿਤਨੇ ਖਤਰਿਆਂ ਦਾ ਸਾਹਮਣਾ ਕਰਨਾ ਪਵੇਗਾ। ਲੋਕ ਭਾਰਤ ਮੁੜ ਰਹੇ ਸਨ ਜਿਸ ਨਾਲ ਉਹ ਬਰਤਾਨੀਆਂ ਨੂੰ ਭਾਰਤ ਤੋਂ ਕੱਢ ਸਕਣ, ਇਸ ਸਮੇਂ ਹਰਦਿਆਲ ਫਿਲਾਸਫੀ ਤੇ ਇਕ ਪੁਸਤਕ ਲਿਖਣ ਦੀ ਸੋਚ ਰਿਹਾ ਸੀ।

ਗ਼ਦਰ ਪਾਰਟੀ ਦੇ ਕ੍ਰਾਂਤੀਕਾਰੀ ਕਠਿਨ ਹਾਲਤਾਂ ਨੂੰ ਵੀ ਸਹਿ ਸਕਦੇ ਸਨ ਜੇਕਰ ਉਨ੍ਹਾਂ ਦੇ ਲੀਡਰ ਕਲਪਨਾਸ਼ੀਲ ਤੇ ਸਮਰਪਿਤ ਹੁੰਦੇ। ਉਸ ਸਮੇਂ ਦੀ ਹਾਲਤ ਵਿਚ ਚੰਗੇ ਲੀਡਰਾਂ ਦੀ ਘਾਟ ਦੇ ਕਾਰਣ ਸਥਿਤੀ ਸੰਭਲ ਨਹੀਂ ਸਕੀ।

**3. ਮੁਲਾਂਕਣ :** ਵੱਖ ਵੱਖ ਕ੍ਰਾਂਤੀਕਾਰੀ ਲਹਿਰ ਦੇ ਇਤਿਹਾਸ ਦਾ ਵੇਰਵਾ ਜਾਂ ਤਾਂ ਵੱਖ ਵੱਖ ਲੇਖਕਾਂ ਜਾਂ ਵਿਦਵਾਨਾਂ ਦੇ ਵਿਵਾਦ ਤੇ ਵਿਚਾਰ ਦੀ ਵਿਸ਼ੇ-ਵਸਤੂ ਜਾਂ ਉਹ ਅਧਿਕਤਰ ਅਗਿਆਤ ਹੈ। ਗ਼ਦਰ ਲਹਿਰ ਸੰਬੰਧੀ ਸਥਿਤੀ ਇਸ ਤਰ੍ਹਾਂ ਦੀ ਹੈ ਕਿ ਅਧਿਕਤਰ ਵੇਰਵਾ ਉਪਲਬੱਧ ਹੈ ਪਰ ਉਹ ਇਕ ਘਟਨਾ ਜਾਂ ਤੱਥ ਬਾਰੇ ਵੱਖ ਵੱਖ ਕਥਨ ਹਨ। ਇਸ ਪਾਠ ਵਿਚ ਉਨ੍ਹਾਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਇਸ ਨਾਲ ਵਰਣਨ ਦੇ ਕਹਿਣ ਵਿਚ ਰੁਕਾਵਟ ਪੈ ਜਾਂਦੀ ਹੈ ਇਹ ਗੱਲ ਉਨ੍ਹਾਂ ਵਿਦਿਆਰਥੀਆਂ ਲਈ ਲਿਖੀ ਜਾ ਰਹੀ ਹੈ ਜਿਹੜੇ ਗੱਲਾਂ ਵੱਲ ਧਿਆਨ ਦਿੰਦੇ ਹਨ। ਇਸ ਪਰਚੇ ਵਿਚ ਮੈਂ ਤੱਥਾਂ ਲਈ ਐਮ.ਟੀ.ਸੀ. ਬ੍ਰਾਊਨ ਦੀ ਸਮੱਗਰੀ ਨੂੰ ਇਕੱਤ੍ਰਿਤ ਕਰਨ ਲਈ ਬਹੁਤ ਮਿਹਨਤ ਨਾਲ ਸੋਧ ਕੀਤੀ। ਇਹ ਗੱਲ ਹੋਰ ਲਿਖਾਰੀਆਂ ਬਾਰੇ ਨਹੀਂ ਕਹੀ ਜਾ ਸਕਦੀ ਜਿਨ੍ਹਾਂ ਨੇ ਆਪਣੇ ਆਪ ਸਮੱਗਰੀ ਪ੍ਰਾਪਤ ਕੀਤੀ ਹੈ।

ਗਦਰ ਲਹਿਰ ਦੇ ਛੋਟੇ ਛੋਟੇ ਵੇਰਵੇ ਦੇ ਸੰਬੰਧ ਵਿਚ ਕ੍ਰਾਂਤੀਆਂ ਦੇ ਹੁੰਦੇ ਹੋਏ ਵੀ ਇਸ ਲਹਿਰ ਦਾ ਆਮ ਝੁਕਾਉ ਅਜਿਹਾ ਹੈ ਕਿ ਉਸ ਵਿਚ ਅਸਹਿਮਤੀ ਲਈ ਕੋਈ ਗੁੰਜਾਇਸ਼ ਨਹੀਂ ਹੈ ਉਦਾਹਰਣ ਵਜੋਂ ਗਦਰ ਨਾਂ ਦੇ ਅਖਬਾਰ ਚਲਾਉਣ ਦਾ

ਫੈਸਲਾ ਕਿਸ ਸਮੇਂ ਲਿਆ ਸੀ, ਨਿਸ਼ਚਿਤ ਨਹੀਂ ਹੋ ਸਕਿਆ। ਇਸ ਵਿਚ ਕੋਈ ਸ਼ੱਕ ਨਹੀ ਹੈ ਕਿ ਅਜਿਹੀਆਂ ਗੱਲਾਂ ਤੇ ਗ਼ਦਰ ਲਹਿਰ ਦਾ ਮੁਲਾਂਕਣ ਨਿਰਭਰ ਨਹੀਂ ਹੈ ਜਿਹੜੇ ਅਜਿਹੇ ਛੋਟੇ ਵੇਰਵੇ ਵਿਚ ਦਿਲਚਸਪੀ ਲੈਂਦੇ ਹਨ ਉਨ੍ਹਾਂ ਨੂੰ ਬ੍ਰਾਊਨ ਦੀ 'ਹਰਦਿਆਲ' ਪੁਸਤਕ ਪੜ੍ਹਨੀ ਚਾਹੀਦੀ ਹੈ ਕਿਉਂਕਿ ਆਪਣਾ ਮੱਤ ਪ੍ਰਗਟ ਕਰਨ ਤੋਂ ਪਹਿਲਾਂ ਇਨ੍ਹਾਂ ਵੇਰਵਿਆਂ ਦਾ ਜ਼ਿਕਰ ਕਰਦਾ ਹੈ। ਪਰ ਇਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਨਿਸ਼ਚਿਤ ਯੋਜਨਾ ਪ੍ਰੋਗਰਾਮ ਤੇ ਸਿਧਾਂਤਾਂ ਦੀ ਘਾਟ ਨੇ ਇਸ ਲਹਿਰ ਨੂੰ ਅਸਫਲ ਕੀਤਾ। ਇਸ ਲਹਿਰ ਨੂੰ ਅੰਤਰ-ਰਾਸ਼ਟਰੀ ਰੂਪ ਦੇਣ ਲਈ ਇਹਨਾਂ ਸਭ ਦਾ ਨਿਸ਼ਚਿਤ ਹੋਣਾ ਜ਼ਰੂਰੀ ਸੀ।

## ਵਿਦਿਆਰਥੀ ਦੇ ਅਭਿਆਸ ਲਈ ਛੋਟੇ ਪ੍ਰਸ਼ਨ :

1. ਗਦਰ ਪਾਰਟੀ ਦੀ ਸਥਾਪਨਾ ਦਾ ਮੁੱਖ ਕਾਰਨ ਕੀ ਸੀ?
2. ਗਦਰ ਪਾਰਟੀ ਦਾ ਮੁੱਖ ਉਦੇਸ਼ ਕੀ ਸੀ?
3. ਗਦਰ ਪਾਰਟੀ ਦੇ ਮੁੱਖ ਲੀਡਰਾਂ ਦੇ ਨਾਮ ਲਿਖੋ?
4. 'ਗਦਰ' ਪੱਤਰਿਕਾ ਉਤੇ ਨੋਟ ਲਿਖੋ?
5. ਗਦਰ ਪਾਰਟੀ ਦੀ ਅਸਫਲਤਾ ਦੇ ਕੀ ਕਾਰਨ ਸਨ?

## ਪਾਠ ਦੇ ਮੁੱਖ ਵਿਅਕਤੀ ਅਤੇ ਸ਼ਬਦ:

ਗਦਰ, ਲਾਲਾ ਹਰਦਿਆਲ, ਸੋਹਣ ਸਿੰਘ ਭਕਨਾ, ਇਸ਼ਤਿਹਾਰ, ਲਾਰਡ ਹਾਰਡਿੰਗ, ਜੋਸ਼ੀਲਾ ਆਦਰਸ਼ਵਾਦ

**ਪਾਠ ਨੰਬਰ : 2.5**

# ਜਲ੍ਹਿਆਂ ਵਾਲੇ ਬਾਗ ਦੀ ਘਟਨਾ ਤੇ ਇਸ ਦੇ ਪ੍ਰਭਾਵ

## ਪਾਠ ਦੀ ਬਣਤਰ –

1. **ਭੂਮਿਕਾ**
   - **1.1 ਇਸ ਘਟਨਾ ਲਈ ਜ਼ਿੰਮੇਵਾਰ ਪ੍ਰਸਥਿਤੀਆਂ**
   - **1.2 ਡਾਇਰ ਦਾ ਰਾਜ**
   - **1.3 ਅੰਮ੍ਰਿਤਸਰ ਵਿੱਚ ਸਥਿਤੀ**
   - **1.4 ਕਤਲੇਆਮ**
   - **1.5 ਡਾਇਰ ਦੇ ਵਿਵਹਾਰ ਪ੍ਰਤੀ ਕੁਝ ਵਿਚਾਰ**
   - **1.6 ਪ੍ਰਭਾਵ**

## ਪਾਠ ਦਾ ਉਦੇਸ਼ –

1) ਅੰਗਰੇਜ਼ਾਂ ਦੀ ਦਮਨਕਾਰੀ ਨੀਤੀ ਸੰਬੰਧੀ
2) ਪੰਜਾਬ ਵਿਚ ਅੰਗਰੇਜ਼ਾਂ ਦੇ ਰਾਜ ਅਤੇ ਜ਼ੁਲਮਾਂ ਦੀ ਕਰੂਰਤਾ ਨਾਲ ਜਾਣ ਪਛਾਣ
3) ਰੋਲਟ ਐਕਟ ਪਾਸ ਹੋਣ ਨਾਲ ਜਨਤਾ ਵਿੱਚ ਫੈਲੇ ਅਸੰਤੋਸ਼ ਬਾਰੇ ਚਾਨਣਾ ਪਾਉਣਾ।
4) ਜਲ੍ਹਿਆਂ ਵਾਲੇ ਬਾਗ ਦੀ ਘਟਨਾ
5) ਜਨਰਲ ਡਾਇਰ ਦਾ ਘਟਨਾ ਦੇ ਜਿੰਮੇਵਾਰ ਵਜੋਂ ਬਚ ਕੇ ਨਿਕਲਣਾ
6) ਘਟਨਾ ਦੇ ਪ੍ਰਭਾਵਾਂ ਸੰਬੰਧੀ ਜਾਣਕਾਰੀ ਦੇਣਾ

## 1. ਭੂਮਿਕਾ

ਅੰਗਰੇਜ਼ੀ ਸਰਕਾਰ ਨੇ ਪਹਿਲੀ ਜੰਗ ਸਮੇਂ ਪ੍ਰਬੰਧ ਨੂੰ ਸੀਮਤ ਅਧਿਕਾਰ ਦੇ ਦਿੱਤੇ ਸਨ। ਸਰਕਾਰ ਜਿਸ ਨੂੰ ਚਾਹੇ ਸਜ਼ਾ ਦੇ ਸਕਦੀ ਸੀ ਤੇ ਇਸਦੇ ਵਿਰੁੱਧ ਕਿਧਰੇ ਕੋਈ ਅਪੀਲ ਨਹੀਂ ਹੋ ਸਕਦੀ। ਭਾਰਤੀ ਇਸ ਆਸ ਵਿਚ ਸਨ ਕਿ ਲੜਾਈ ਦੇ ਖਤਮ ਹੋਣ ਤੇ ਉਨ੍ਹਾਂ ਨੂੰ ਕੁਝ ਰਾਹਤ ਮਿਲੇਗੀ ਪਰ ਸਰਕਾਰ ਨੇ ਇਹ ਕਾਨੂੰਨ ਵਾਪਸ ਨਾ ਲਏ। ਲੋਕਾਂ ਨੇ ਇਨ੍ਹਾਂ ਕਾਨੂੰਨਾਂ ਨੂੰ ਕਾਲੇ ਕਾਨੂੰਨ ਕਿਹਾ, ਇਹਨਾਂ ਵਿਰੁੱਧ ਹੜਤਾਲਾਂ ਕੀਤੀਆਂ। ਪੰਜਾਬ ਵਿਚ ਹਿੰਦੂਆਂ ਸਿੱਖਾਂ ਤੇ ਮੁਸਲਮਾਨਾਂ ਨੇ ਡਾ. ਕਿਚਲੂ ਤੇ ਸਤਪਾਲ ਦੀ ਅਗਵਾਈ ਵਿਚ ਮੁਜਾਹਰੇ ਕੀਤੇ। ਸਰਕਾਰ ਨੇ ਇਹਨਾਂ ਨੇਤਾਵਾਂ ਨੂੰ ਪਕੜ ਲਿਆ। ਅੰਮ੍ਰਿਤਸਰ ਵਿਚ ਲੋਕਾਂ ਨੇ ਇਸ ਗ੍ਰਿਫਤਾਰੀ ਵਿਰੁੱਧ ਜਲੂਸ ਕੱਢੇ। ਸਰਕਾਰ ਨੇ ਸ਼ਹਿਰ ਫੌਜ ਦੇ ਹਵਾਲੇ ਕਰ ਦਿੱਤਾ। 1919 ਨੂੰ ਵਿਸਾਖੀ ਵਾਲੇ ਦਿਨ ਲੋਕ ਜਲ੍ਹਿਆਂ ਵਾਲੇ ਬਾਗ ਵਿਚ ਇਕੱਠੇ ਹੋ ਕੇ ਇਕ ਮੀਟਿੰਗ ਕਰ ਰਹੇ ਸਨ ਜਦ ਜਨਰਲ ਡਾਇਰ ਨੇ ਬਿਨਾਂ ਚਿਤਾਵਨੀ ਦੇ ਗੋਲੀ ਚਲਾਕੇ ਸੈਂਕੜੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਨਿਰਦੋਸ਼ ਲੋਕਾਂ ਦੇ ਇਸ ਕਤਲੇਆਮ ਨੂੰ ਜਲ੍ਹਿਆਂ ਵਾਲੇ ਬਾਗ ਦਾ 'ਖੂਨੀ ਸਾਕੇ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।

13 ਅਪਰੈਲ, 1919 ਨੂੰ ਅਸਮਾਨ ਬੱਦਲਾਂ ਨਾਲ ਘਿਰਿਆ ਹੋਇਆ ਸੀ। ਭੀੜ ਜਿਹੜੀ ਧੂੜ ਉਡਾ ਰਹੀ ਸੀ ਉਸਨੇ ਹਨੇਰੇ ਵਿਚ ਹੋਰ ਵਾਧਾ ਕਰ ਦਿੱਤਾ। ਸ਼ਾਮ ਦੇ 5.10 ਵਜੇ ਸਨ। ਡਾਇਰ ਨੇ ਇਕ ਥੜੇ ਤੇ ਖੜਕੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਪਹਿਲੀ ਵਾਰੀ ਭੀੜ ਨੇ ਸ਼ੋਰ ਮਚਾਇਆ। ਫੌਕੀਆਂ (ਖ਼ਾਲੀ ਕਾਰਤੂਸ) ਕਿਉਂਕਿ ਉਨ੍ਹਾਂ ਨੇ ਇਹ ਸੋਚਿਆ ਕਿ ਇਹ ਗੋਲੀਆਂ ਖਾਲੀ ਕਾਰਤੂਸ ਸਨ ਜਿਸ ਨਾਲ ਭੀੜ ਨੂੰ ਡਰਾਇਆ ਜਾ ਸਕੇ। ਬਹੁਤ ਛੇਤੀ ਉਨ੍ਹਾਂ ਦਾ ਇਹ ਭਰਮ ਟੁੱਟ ਗਿਆ ਕਿਉਂਕਿ ਲੋਕ ਡਿੱਗਣ ਲਗ ਪਏ। ਡਾਇਰ ਨੇ ਭੀੜ ਦੇ ਸੰਘਣੇ ਭਾਗ ਵਿਚ ਗੋਲੀਆਂ ਚਲਾਉਣ ਦਾ ਹੁਕਮ ਦਿੱਤਾ। ਦਸ ਮਿੰਟ ਵਿਚ ਬੰਦੂਕਾਂ ਤੋਂ 1650 ਗੋਲੀਆਂ ਚਲਾਈਆਂ ਗਈਆਂ। ਇਸ ਦੌਰਾਨ ਇਕ ਮਿੰਟ ਲਈ ਦੋ ਵਾਰੀ ਗੋਲੀਆਂ ਰੋਕੀਆਂ ਗਈਆਂ, ਜਿਸ ਨਾਲ ਡਾਇਰ ਨੇ ਆਪਣੇ ਸਾਹਮਣੇ ਦੇ ਦ੍ਰਿਸ਼ ਦਾ ਸਰਵੇ ਕੀਤਾ। ਅਸਲਾ ਲਗਭਗ ਸਮਾਪਤ ਹੋ ਗਿਆ ਸੀ। ਬਾਗ ਇਕ ਲੜਾਈ ਦਾ ਮੈਦਾਨ ਬਣ ਗਿਆ ਸੀ, ਜਿਸ ਵਿਚ ਲਾਸ਼ਾਂ ਦੇ ਢੇਰ ਬਿਖਰੇ ਪਏ ਸਨ ਅਤੇ ਜ਼ਖਮੀ ਸਹਾਇਤਾ ਲਈ ਚੀਖ ਰਹੇ ਸਨ। ਡਾਇਰ ਆਪਣੇ ਸਿਪਾਹੀਆਂ ਨਾਲ ਜਿਸ ਮਾਰਗ ਤੋਂ ਆਇਆ ਸੀ ਉਸੇ ਮਾਰਗ ਤੋਂ ਮੁੜ ਗਿਆ।

ਪ੍ਰਸ਼ਨ ਇਹ ਉਠਦਾ ਹੈ ਕਿ ਡਾਇਰ ਨੇ ਇਹ ਕਤਲੇਆਮ ਕਿਉਂ ਕੀਤਾ? ਭੀੜ ਉੱਤੇ ਬਿਨਾਂ ਕਿਸੇ ਸੂਚਨਾ ਕਿਉਂ ਗੋਲੀ ਚਲਾਈ, ਜੇਕਰ ਉਹ ਉਸ ਸਥਾਨ ਨੂੰ ਤੁਰੰਤ ਖਾਲੀ ਨਹੀਂ ਕਰ ਦੇਣਗੇ, ਗੋਲੀਬਾਰੀ ਉਸ ਸਮੇਂ ਵੀ ਹੁੰਦੀ ਰਹੀ ਜਦੋਂ ਉਹ ਆਪਣੀਆਂ ਜਾਨਾਂ ਬਚਾਉਣ ਲਈ ਭਜ ਰਹੇ ਸਨ। ਕੀ ਡਾਇਰ ਨੂੰ ਭੜਕਾਉਣ ਲਈ ਕੋਈ ਅਜਿਹੀ ਗੱਲ ਹੋਈ ਸੀ ਜਿਸ ਕਾਰਣ ਉਸ ਨੇ ਇਹ ਵਹਿਸ਼ੀ ਕਦਮ ਚੁਕਿਆ? ਕੀ ਸਥਿਤੀ ਦੀ ਲੋੜ ਇਸ ਤਰ੍ਹਾਂ ਦੀ ਸੀ? ਵਿਸਟਨ ਚਰਚਿਲ ਜਿਸ ਨੇ ਸਾਰੇ ਦੋਸ਼ ਦਾ ਬੜੀ ਡੂੰਘਾਈ ਨਾਲ ਅਧਿਐਨ ਕੀਤਾ ਸੀ, ਆਪਣੀ ਕੈਬਨਿਟ ਨੂੰ ਦਸਿਆ ਕਿ ਬਾਗ ਵਿਚ ਰਲੇ-ਮਿਲੇ ਲੋਕਾਂ ਨਾਲ ਬਣੀ ਭੀੜ ਜਿਸ ਵਿਚ ਬੱਚੇ ਅਤੇ ਇਕ ਦੋ ਔਰਤਾਂ ਵੀ ਸਨ, ਬਿਨਾਂ ਹਥਿਆਰ ਸੀ। ਇਸ ਕਾਰਣ ਡਾਇਰ ਦਾ ਇਹ ਡਰ ਕਿ ਇਹ ਸਭਾ ਹਮਲਾ ਕਰ ਸਕਦੀ ਸੀ, ਕੇਵਲ ਕਲਪਨਾ ਹੈ। ਡਾਇਰ ਇਕ ਬਹੁਤ ਤਜਰਬੇਕਾਰ ਫੌਜੀ ਅਫਸਰ ਸੀ ਜਿਹੜਾ ਪੰਜਾਬ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਹ ਉਰਦੂ, ਪਰਸ਼ੀਅਨ (Persian) ਅਤੇ ਪੰਜਾਬੀ ਭਾਸ਼ਾ ਵਿਚ ਨਿਪੁੰਨ ਸੀ ਅਤੇ ਭਾਰਤੀ ਸਿਪਾਹੀਆਂ ਵਿਚ ਵੀ ਮਾਨਸਿਕ ਸੰਤੁਲਨ ਕਾਇਮ ਰਖਿਆ ਸੀ, ਇਹ ਨਹੀਂ ਕਿਹਾ ਜਾ ਸਕਦਾ ਕਿ ਉਸ ਦੀ ਇਹ ਕਾਰਵਾਈ ਕਿਸੇ ਵਹਿਸ਼ੀ ਚੰਚਲ ਉਬਾਲੇ ਦੇ ਦੌਰੇ ਦਾ ਨਤੀਜਾ ਸੀ ਜਿਹੜਾ ਅਧਿਕਤਰ ਕਿਸੇ ਹਿਸਟਿਰੀਆਂ ਜਾਂ ਮਾਨਸਿਕ ਰੋਗ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ।

## 1.1 ਇਸ ਘਟਨਾ ਲਈ ਜ਼ੁੰਮੇਵਾਰ ਪ੍ਰਸਥਿਤੀਆਂ

ਡਾਇਰ ਦੀ ਕਾਰਵਾਈ ਵਹਿਸ਼ੀ ਉਬਾਲੇ ਨਾਲ ਪ੍ਰਭਾਵਿਤ, ਕੋਈ ਵਿਅਕਤੀਗਤ ਕ੍ਰਿਆ ਨਹੀਂ ਸੀ। ਇਹ ਪੰਜਾਬ ਅਤੇ ਖਾਸ ਤੌਰ ਤੇ ਅੰਮ੍ਰਿਤਸਰ ਵਿਚ ਅਪਰੈਲ 1919 ਦੇ ਆਰੰਭ ਤੋਂ ਵਿਕਸਿਤ ਹੋਣ ਵਾਲੀ ਉਸ ਗੰਭੀਰ ਰਾਜਨੀਤਿਕ ਪ੍ਰਸਥਿਤੀਆਂ ਦਾ ਅੰਤਿਮ ਸਿਖਰ ਸੀ, ਜਿਹੜੇ ਇਤਿਹਾਸ ਦਾ ਅਧਿਐਨ ਕਰਦੇ ਹਨ ਉਹ ਸਮਝ ਸਕਦੇ ਹਨ ਕਿ ਇਕ ਇਤਿਹਾਸਕ ਕ੍ਰਿਆ ਹੁੰਦੀ ਹੈ ਜਿਹੜੀ ਕਿਸੇ ਛਿਣ ਕੰਮ ਕਰਦੀ ਹੋਈ ਲੋਕਾਂ ਨੂੰ ਬੰਨ੍ਹ ਲੈਂਦੀ ਹੈ ਅਤੇ ਪ੍ਰਭਾਵਿਤ ਕਰਦੀ ਹੈ, ਜਿਸ ਨਾਲ ਲੋਕ ਬਹੁਤ ਸਮੇਂ ਤਕ ਪ੍ਰਭਾਵਿਤ ਹੁੰਦੇ ਰਹਿੰਦੇ ਹਨ।

ਪਹਿਲਾ ਮਹਾਂਯੁੱਧ ਸਮਾਪਤ ਹੋ ਚੁਕਿਆ ਸੀ। ਲੜਾਈ ਦੇ ਦੌਰਾਨ ਭਾਰਤ ਨੇ ਮਨੁੱਖ ਧਨ ਅਤੇ ਮਾਲ ਰਾਹੀਂ ਇਤਨੀ ਸਹਾਇਤਾ ਕੀਤੀ ਸੀ ਕਿ ਭਾਰਤ ਬਹੁਤ ਨਿਰਬਲ ਹੋ ਗਿਆ ਸੀ। ਲੋਕ ਵੱਡੇ ਰਾਜਨੀਤਿਕ ਪਰਿਵਰਤਨਾਂ ਦੀ ਆਸ ਕਰਦੇ ਸਨ। ਭਾਰਤ ਦੇ ਸੈਕਰੇਟਰੀ ਆਫ ਸਟੇਟ ਮਾਨਟੇਗੂ ਨੇ ਅਗਸਤ 1917 ਵਿਚ ਵਾਅਦਾ ਕੀਤਾ ਸੀ ਕਿ ਭਾਰਤ ਦੇ ਲੋਕਾਂ ਦਾ ਪ੍ਰਸ਼ਾਸਨ ਦੀ ਹੋਰ ਸ਼ਾਖਾ ਵਿਚ ਸਹਿਯੋਗ ਵਧਾਇਆ ਜਾਵੇ ਅਤੇ ਸਵੈ ਸ਼ਾਸਨ ਸੰਸਥਾਵਾਂ ਦਾ ਵਿਕਾਸ ਕੀਤਾ ਜਾਵੇ। 1918 ਦੇ ਅੰਤ ਵਿਚ ਲੋਕ ਬੜੀ ਮੁਸ਼ਕਲਾਂ ਵਿਚੋਂ ਗੁਜਰ ਰਹੇ ਸਨ। ਜ਼ਰੂਰੀ ਵਸਤਾਂ ਦੀਆਂ ਵਧੀਆਂ ਹੋਈਆਂ ਕੀਮਤਾਂ ਨੇ ਆਰਥਿਕ ਭਾਰ ਵਿਚ ਵਾਧਾ ਕਰ ਦਿੱਤਾ ਸੀ। ਅਕਾਲ ਅਤੇ ਬਲਵੇ ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਹੋਣ ਲਗ ਪਏ ਸਨ। ਮਦਰਾਸ ਅਤੇ ਪੰਜਾਬ ਵਿਚ ਇਨ੍ਹਾਂ ਦਾ ਅਧਿਕ ਜ਼ੋਰ ਸੀ। 1918 ਵਿਚ ਮਾਨਸੂਨ ਫੇਲ ਹੋ ਗਈ ਅਤੇ 1919 ਵਿਚ ਭਾਰਤ ਵਿਚ ਫ਼ਸਲਾਂ ਵਿਆਪਕ ਰੂਪ ਵਿਚ ਨਸ਼ਟ ਹੋ ਗਈਆਂ ਸਨ। ਮੱਧ ਵਰਗ ਜਿਹੜਾ ਯੁੱਧ ਤੋਂ ਪਹਿਲਾ ਆਸ਼ਾਵਾਨ ਸੀ, ਹੁਣ ਕੌੜਾ, ਬੇਚੈਨ ਅਤੇ ਚਿੜਚਿੜਾ ਹੋ ਗਿਆ ਸੀ। ਅਜਿਹੇ ਤਣੇ ਹੋਏ ਵਾਤਾਵਰਣ ਵਿਚ ਜਿਸ ਵਿਚ ਕਦੇ ਵੀ ਭੜਕ ਜਾਗ ਸਕਦੀ ਸੀ, ਭਾਰਤ ਸਰਕਾਰ ਦੇ ਕਰੜੇ ਵਾਇਸਰਾਇ ਚੈਮਸਫੋਰਡ ਨੇ ਰੋਲਟ ਬਿਲਾਂ

(Rowlatt Bills) ਨੂੰ ਜ਼ਾਰੀ ਕਰਨ ਦਾ ਫੈਸਲਾ ਕਰ ਦਿੱਤਾ। ਇਨ੍ਹਾਂ ਬਿਲਾਂ ਵਿਚੋਂ ਇਕ ਨੂੰ ਤੁਰੰਤ ਵਾਪਿਸ ਲੈ ਲਿਆ ਗਿਆ ਪਰ ਦੂਜੇ ਬਿਲ ਦੇ ਨਾਲ ਲੋਕਾਂ ਦੀ ਆਜ਼ਾਦੀ ਵਿਚ ਦਖਲ ਦੇਣ ਦੀ ਸਾਧਾਰਣ ਸ਼ਕਤੀ ਸਰਕਾਰ ਨੂੰ ਪ੍ਰਾਪਤ ਹੋ ਗਈ। ਇਨ੍ਹਾਂ ਬਿਲਾਂ ਦੀ ਸਾਰੇ ਦੇਸ਼ ਵਿਚ ਨਿਖੇਧੀ ਹੋਈ ਕਿਉਂਕਿ ਇਹ ਦੇਸ਼ ਦੀ ਬੇਇੱਜ਼ਤੀ ਦਾ ਕਾਰਣ ਸਨ। ਗਾਂਧੀ ਜੀ ਨੇ ਉਨ੍ਹਾਂ ਨੂੰ ਕਾਲੇ ਐਕਟ ਕਿਹਾ।

ਇਨ੍ਹਾਂ ਬਿਲਾਂ ਨੇ ਲੋਕਾਂ ਨੂੰ ਭੜਕਾ ਦਿੱਤਾ। ਇਨ੍ਹਾਂ ਬਿਲਾਂ ਨੇ ਭਾਰਤੀ ਲੋਕਾਂ ਨੂੰ ਸਹੀ ਅਵਸਰ ਦੇ ਦਿੱਤਾ ਜਿਸ ਨਾਲ ਸਰਕਾਰ ਦੇ ਕੀਤੇ ਗਏ ਅਨਿਆਂ ਦੇ ਵਿਰੁੱਧ ਆਪਣਾ ਗੁੱਸਾ ਪ੍ਰਗਟ ਕਰ ਸਕਣ। ਕੀ ਭਾਰਤ ਦੇ ਲੋਕਾਂ ਨੂੰ ਲੜਾਈ ਵਿਚ ਕੀਤੀਆਂ ਸੇਵਾਵਾਂ ਦਾ ਇਹ ਇਨਾਮ ਸੀ? ਭਾਰਤੀ ਲੋਕਾਂ ਨੇ ਕਿਤਨੇ ਸਹਿਯੋਗ ਨਾਲ ਇਸ ਦੌਰਾਨ ਕੰਮ ਕੀਤਾ ਸੀ। ਅਜਿਹੀ ਪ੍ਰਸਥਿਤੀਆਂ ਵਿਚ ਦੋਹਾਂ ਦੇ ਵਿਚਕਾਰ ਵਿਵਾਦ ਹੋਣਾ ਨਿਸ਼ਚਿਤ ਹੀ ਸੀ। ਗਾਂਧੀ ਨੇ 1 ਮਾਰਚ 1919 ਦੇ ਦਿਨ ਸਤਿਆਗ੍ਰਹਿ ਆਰੰਭ ਕੀਤਾ ਅਤੇ ਸਰਕਾਰ ਨੂੰ ਤਾੜਨਾ ਦਿੱਤੀ ਕਿ ਰੋਲਟ ਬਿਲਾਂ ਦੇ ਵਿਰੁੱਧ ਜਿਹੜੀ ਲੜਾਈ ਹੋਵੇਗੀ ਉਹ ਸ਼ਾਇਦ ਭਾਰਤ ਦੇ ਇਤਿਹਾਸ ਦੀ ਸਭ ਤੋਂ ਮਹੱਤਵਪੂਰਣ ਹੋਵੇਗੀ।

## 1.2 ਡਾਇਰ ਦਾ ਰਾਜ

ਭਾਰਤ ਵਿਚ ਇਹ ਅੰਦੋਲਨ ਏਨਾ ਤੀਬਰ ਕਿਤੇ ਵੀ ਨਹੀਂ ਸੀ, ਜਿੰਨਾ ਪੰਜਾਬ ਵਿਚ ਸੀ। ਜਿਸ ਨੇ ਯੁੱਧ ਲਈ 3,50,000 ਲੋਕ ਲੜਾਈ ਲਈ ਭੇਜੇ ਸਨ। ਇਹ ਕਹਿਣਾ ਗਲਤ ਹੋਵੇਗਾ ਕਿ ਪੰਜਾਬ ਰਾਜਨੀਤਿਕ ਦ੍ਰਿਸ਼ਟੀ ਤੋਂ ਸ਼ਾਂਤ ਸੀ। ਖੁਸ਼ਵੰਤ ਸਿੰਘ ਨੇ ਆਪਣੀ ਪੁਸਤਕ ਗ਼ਦਰ ਵਿਚ ਇਹ ਦਸਿਆ ਹੈ ਕਿ ਗ਼ਦਰ ਵਾਲਿਆਂ ਨੇ ਪੰਜਾਬ ਨੂੰ ਆਪਣੀ ਕਾਰਵਾਈ ਦਾ ਅਖਾੜਾ ਬਣਾਇਆ ਸੀ। ਪੰਜਾਬ ਦੇ ਸਰ ਮਾਈਕਲ ਓ ਡਾਇਰ ਦਾ ਕਰੜਾ ਰਾਜ ਸੀ। ਡਾਇਰ ਲੈਫਟੀਨੈਂਟ ਗਵਰਨਰ ਸੀ ਅਤੇ ਪੜ੍ਹੇ ਲਿਖੇ ਲੋਕਾਂ ਦੇ ਵਿਰੁੱਧ ਸੀ। ਉਹ ਇਨ੍ਹਾਂ ਲੋਕਾਂ ਨੂੰ ਪੂਰੀ ਤਰ੍ਹਾਂ ਗੈਰ-ਭਰੋਸੇਯੋਗ ਸਮਝਦਾ ਸੀ ਕਿਉਂਕਿ ਇਹ ਲੋਕ ਕੇਵਲ ਪ੍ਰਭਾਵਸ਼ਾਲੀ ਢੰਗ ਨਾਲ ਬੋਲ ਸਕਦੇ ਸਨ ਅਤੇ ਕਾਲਪਨਿਕ ਨਤੀਜੇ ਕੱਢਣ ਵਿਚ ਹੁਸ਼ਿਆਰ ਸਨ। ਉਹ ਇੰਗਲੈਂਡ ਦਾ ਮਿਸ਼ਨ ਸਮਝਦਾ ਸੀ ਕਿ ਉਹ ਭਾਰਤ ਦੇ ਲੋਕਾਂ ਨੂੰ ਸਬਕ ਸਿਖਾਵੇ ਅਤੇ ਭਾਰਤ ਦੇ ਪ੍ਰਾਚੀਨ ਅਨੁਭਵਾਂ ਤੋਂ ਕੁਝ ਨਾ ਸਿਖੇ ਉਹ ਦ੍ਰਿੜ੍ਹ, ਕਾਹਲਾ, ਨਿਧੜਕ, ਕਰੜੇ ਢੰਗ ਨਾਲ ਕੰਮ ਲੈਣ ਵਾਲਾ ਅਤੇ ਸਮਝੌਤੇ ਦੇ ਬਿਲਕੁਲ ਵਿਰੁੱਧ ਸੀ। ਉਹ ਹਮੇਸ਼ਾਂ ਗੁੱਸੇ ਭਰੀ ਛੇਤੀ ਵਿਚ ਰਹਿੰਦਾ ਸੀ। ਉਹ ਸਮਝਦਾ ਸੀ ਕਿ ਸਰਕਾਰ ਦਾ ਕੰਮ ਹੁਕਮ ਦੇਣ ਦਾ ਅਤੇ ਲੋਕਾਂ ਦਾ ਹੁਕਮ ਮੰਨਣਾ ਸੀ। ਉਹ ਆਪਣੇ ਕੰਮ ਨੂੰ ਦ੍ਰਿੜ੍ਹਤਾ ਨਾਲ ਕਰਦਾ ਸੀ ਅਤੇ ਆਪਣੀ ਕਾਰਵਾਈ ਦੇ ਨਤੀਜੇ ਦੀ ਕਦੇ ਪਰਵਾਹ ਨਹੀਂ ਕਰਦਾ ਸੀ। ਉਹ ਨਿਸ਼ਚਿਤ ਵਿਚਾਰਾਂ ਅਤੇ ਭਾਵਨਾ ਪ੍ਰਧਾਨ ਦ੍ਰਿਸ਼ਟੀਕੋਣ ਨਾਲ ਕੰਮ ਕਰਦਾ ਸੀ, ਜਿਸ ਵਿਚ ਸੋਚ ਵਿਚਾਰ ਲਈ ਕੋਈ ਥਾਂ ਨਹੀਂ ਸੀ। ਉਸ ਨੇ ਕਦੇ ਵੀ ਰਾਸ਼ਟਰਵਾਦ ਦੀ ਲਹਿਰ ਨੂੰ ਸਮਝਣ ਦਾ ਯਤਨ ਨਹੀਂ ਕੀਤਾ।

## 1.3 ਅੰਮ੍ਰਿਤਸਰ ਵਿਚ ਸਥਿਤੀ

ਅੰਮ੍ਰਿਤਸਰ ਵਿਚ ਹੀ ਗੜਬੜੀ ਆਪਣੇ ਸਿਖਰ ਤੇ ਪਹੁੰਚੀ ਸੀ। ਫਰਵਰੀ 1919 ਵਿਚ ਅੰਮ੍ਰਿਤਸਰ ਰਾਜਨੀਤਿਕ ਕਾਰਵਾਈ ਦਾ ਕੇਂਦਰ ਬਣ ਗਿਆ ਸੀ। ਡਾਕਟਰ ਸੈਫੂਦੀਨ ਕਿਚਲੂ ਅਤੇ ਡਾਕਟਰ ਸਤਿਆਪਾਲ ਨੇ ਜਿਹੜਾ ਡਾਕਟਰੀ ਪ੍ਰੈਕਟਿਸ ਕਰਦਾ ਸੀ ਆਪਣੇ ਸੁੰਦਰ ਬੋਲ, ਸਚਾਈ ਅਤੇ ਰੋਲਟ ਐਕਟ ਦੇ ਵਿਰੁੱਧ ਤੀਬਰ ਰਾਜਨੀਤਿਕ ਅੰਦੋਲਨ ਕਰਨ ਦੇ ਕਾਰਣ ਅੰਮ੍ਰਿਤਸਰ ਵਿਚ ਬਹਤ ਲੋਕਪ੍ਰਿਯ ਹੋ ਗਏ ਸਨ। ਆਮ ਬੰਦੇ ਜਿਵੇਂ ਦੁਕਾਨਦਾਰ, ਸਕੂਲ ਦੇ ਮਾਸਟਰ ਅਤੇ ਮਜ਼ਦੂਰ ਉਨ੍ਹਾਂ ਨੂੰ ਹਿੰਦੂ-ਮੁਸਲਿਮ ਏਕਤਾ ਦੇ ਹੀਰੋ ਅਤੇ ਚਿੰਨ੍ਹ ਸਮਝਦੇ ਸਨ। ਮਾਇਲਸ ਇਰਵਿੰਗ ਜਿਹੜਾ ਡਿਪਟੀ ਕਮਿਸ਼ਨਰ ਸੀ ਘਬਰਾਹਟ ਨਾਲ ਪਾਗਲ ਹੋ ਗਿਆ ਸੀ। ਉਹ ਡਾਇਰ ਦੇ ਹੱਥ ਦੀ ਕਠਪੁਤਲੀ ਸੀ। ਉਹ ਇਹ ਸਮਝਦਾ ਸੀ ਕਿ ਕਿਚਲੂ ਅਤੇ ਸਤਿਆਪਾਲ ਖਤਰਨਾਕ ਲੋਕ ਸਨ। 1914 ਦੇ ਮਾਰਚ ਦੇ ਅੰਤ ਤੋਂ ਰੋਲਟ ਐਕਟ ਦੇ ਵਿਰੁੱਧ ਰਾਜਨੀਤਿਕ ਅੰਦੋਲਨ ਸ਼ਕਤੀ ਪ੍ਰਾਪਤ ਕਰਦਾ ਜਾ ਰਿਹਾ ਸੀ। ਮੀਟਿੰਗ, ਭਾਸ਼ਨ ਅਤੇ ਪ੍ਰਦਰਸ਼ਨਾਂ ਆਦਿ ਰੋਜ਼ਾਨਾ ਦੇ ਕੰਮ ਹੋ ਗਏ ਸਨ। ਰੋਜ਼ਾਨਾ ਅੰਮ੍ਰਿਤਸਰ ਖਬਰਾਂ ਪਹੁੰਚ ਰਹੀਆਂ ਸਨ ਕਿ ਦਿੱਲੀ ਅਤੇ ਬੰਬਈ ਵਿਚ ਹੜਤਾਲਾਂ ਵਿਚ ਬੜੀਆਂ ਸਫਲਤਾਵਾਂ ਪ੍ਰਾਪਤ ਹੋ ਰਹੀਆਂ ਸਨ। ਕਿਚਲੂ ਅਤੇ ਸਤਿਆਪਾਲ ਨੇ 6 ਅਪ੍ਰੈਲ ਨੂੰ ਹੜਤਾਲ ਦਾ ਸੱਦਾ ਦਿੱਤਾ ਜਿਹੜਾ ਬੜਾ ਸਫਲ ਸਿੱਧ ਹੋਇਆ। ਸਰਕਾਰ ਨੇ ਇਸ ਨੂੰ ਰੋਕਣ ਲਈ ਕਈ ਤਰੀਕਿਆਂ ਦੀ ਵਰਤੋਂ ਕੀਤੀ ਪਰ ਕੋਈ ਸਫਲਤਾ ਨਹੀਂ ਪ੍ਰਾਪਤ ਹੋਈ। ਅੰਮ੍ਰਿਤਸਰ ਦੇ ਲੋਕ ਹਰ ਸੰਭਵ ਤਰੀਕਾ ਖੋਜਦੇ ਸਨ ਜਿਸ ਨਾਲ ਸਰਕਾਰ ਦੇ ਵਿਰੁੱਧ ਰੋਸ ਪ੍ਰਦਰਸ਼ਿਤ ਕੀਤਾ ਜਾ ਸਕੇ। ਪ੍ਰਸ਼ਨ ਉਠਦਾ ਹੈ ਕਿ ਅਜਿਹਾ ਕਿਉਂ

ਹੋ ਰਿਹਾ ਸੀ? ਪਹਿਲੀ ਗੱਲ ਤਾਂ ਇਹ ਹੈ ਕਿ ਕਿਚਲੂ ਅਤੇ ਸਤਿਆਪਾਲ ਦੇ ਕਾਰਣ ਹੋਇਆ ਜੋ ਅਸੰਤੁਸ਼ਟ ਲੋਕਾਂ ਨੂੰ ਇਕ ਕਰਨ ਵਿਚ ਬੜੀ ਸੰਗਠਿਤ ਯੋਜਨਾ ਦਾ ਪ੍ਰਮਾਣ ਦੇ ਰਹੇ ਸਨ। ਦੂਜੀ ਗੱਲ ਇਹ ਸੀ ਕਿ ਵਪਾਰਿਕ ਸਮਾਜ ਨੂੰ ਯੁੱਧ ਦੇ ਦਿਨਾਂ ਵਿਚ ਜਿਹੜੀਆਂ ਰੋਕਥਾਮਾਂ ਲਗਾਈਆਂ ਗਈਆਂ ਸਨ, ਉਹਨਾਂ ਨੂੰ ਬਹੁਤ ਹਾਨੀ ਹੋਈ ਸੀ। ਨਵੇਂ ਇਨਕਮ ਟੈਕਸ ਦੇ ਲਗਣ ਨਾਲ ਉਹਨਾਂ ਦਾ ਸਾਹ ਘੁਟ ਰਿਹਾ ਸੀ। ਲੋਕ ਲੋੜ ਦੀਆਂ ਵਸਤੂਆਂ ਦੀ ਘਾਟ ਅਤੇ ਵਧਦੀ ਹੋਈ ਕੀਮਤ ਦੇ ਕਾਰਣ ਦੁੱਖੀ ਸਨ। ਪੜ੍ਹੀ ਲਿਖੀ ਜਮਾਤ, ਖਾਸ ਤੌਰ ਤੇ ਵਕੀਲ ਲੋਕ ਸਰਕਾਰ ਨਾਲ ਬਹੁਤ ਨਾਰਾਜ਼ ਸਨ ਕਿਉਂਕਿ ਡਾਇਰ ਉਹਨਾਂ ਦੀ ਬੇਇੱਜ਼ਤੀ ਕਰ ਦਿੰਦਾ ਸੀ। ਇਸ ਪ੍ਰਕਾਰ ਵਪਾਰੀ ਵਰਗ, ਪੇਸ਼ਾਵਰ ਜਾਤੀ, ਆਮ ਲੋਕ ਜਿਹਨਾਂ ਨੂੰ ਆਪਣੀ ਰੋਟੀ-ਰੋਜ਼ੀ ਦੀ ਚਿੰਤਾ ਸੀ ਉਹਨਾਂ ਨੇ ਗਾਂਧੀ ਦੀ ਰੋਲਟ ਐਕਟ ਦੇ ਵਿਰੁੱਧ ਅੰਦੋਲਨ ਨੂੰ ਪਰਮਾਤਮਾ ਦਾ ਭੇਜਿਆ ਅਵਸਰ ਸਮਝਿਆ, ਜਿਸ ਨਾਲ ਉਹ ਆਪਣੀਆਂ ਰੰਜ਼ਿਸ਼ਾਂ ਦਾ ਪ੍ਰਦਰਸ਼ਨ ਕਰ ਸਕਦੇ ਸਨ। ਇਸ ਕਾਰਨ ਪੂਰੀ ਤਰ੍ਹਾਂ ਨਹੀਂ ਦਸ ਸਕਦੇ ਕਿ ਇੰਨੇ ਵੱਡੇ ਪੈਮਾਨੇ ਤੇ ਰਾਜਨੀਤਕ ਅੰਦੋਲਨ ਕਿਉਂ ਹੋਇਆ। ਸਰਕਾਰ ਅੰਮ੍ਰਿਤਸਰ ਵਿਚ ਹੋਣ ਵਾਲੀਆਂ ਰਾਜਨੀਤਿਕ ਕਾਰਵਾਈਆਂ ਤੇ ਬੜੀ ਚੌਕਸੀ ਨਾਲ ਨਜ਼ਰ ਰਖ ਰਹੀ ਸੀ। ਸੀ.ਆਈ.ਡੀ. ਵਿਭਾਗ ਨੇ ਜਿਹੜਾ ਢੋਲਨ ਦਾਸ ਅਤੇ ਸੁੱਖਾ ਸਿੰਘ ਦੇ ਹੇਠ ਕੰਮ ਕਰਦਾ ਸੀ ਆਪਣੇ ਕੁਚਜੇ ਅਤੇ ਭੈੜੇ ਢੰਗਾਂ ਨਾਲ ਲੋਕਾਂ ਨੂੰ ਅੰਦੋਲਨ ਲਈ ਉਤੇਜਿਤ ਕਰ ਦਿੱਤਾ। ਸਰਕਾਰ ਨੂੰ ਇਹ ਵੀ ਡਰ ਸੀ ਕਿ ਖਤਰਨਾਕ ਸਿੱਖ ਧੜੇ ਜਿਹੜੇ ਅੰਮ੍ਰਿਤਸਰ ਦੇ ਆਲੇ ਦੁਆਲੇ ਰਹਿੰਦੇ ਸਨ, ਕਿਤੇ ਆਪਣਾ ਉੱਲੂ ਸਿਧਾ ਨਾ ਕਰਨ ਲਗ ਪੈਣ, ਇਹ ਜ਼ਿਕਰ ਦੀ ਲੋੜ ਹੈ ਕਿ ਅੰਮ੍ਰਿਤਸਰ ਦੇ ਲੋਕ ਠੋਸ, ਭਾਵਨਾ, ਪ੍ਰਧਾਨ, ਘਮੰਡੀ ਅਤੇ ਦਲੇਰ ਸਨ, ਜਿਹੜੇ ਅੰਧਾ-ਧੁੰਦ ਹਿੰਮਤ ਨਾਲ ਅਗੇ ਹੋ ਜਾਂਦੇ ਸਨ ਤੇ ਗੱਲ ਨੂੰ ਸਹੀ ਸਮਝ ਲੈਂਦੇ ਸਨ।

ਅੰਮ੍ਰਿਤਸਰ ਵਿਚ ਅੰਦੋਲਨ 9 ਅਪ੍ਰੈਲ ਨੂੰ ਆਪਣੇ ਸਿਖਰ ਤੇ ਪਹੁੰਚ ਗਿਆ। ਇਸ ਦਿਨ ਰਾਮਨੌਮੀ ਸੀ। ਜੋ ਹਿੰਦੂਆਂ ਦਾ ਧਾਰਮਿਕ ਤਿਉਹਾਰ ਹੈ। ਇਸ ਤਿਉਹਾਰ ਦੀ ਪੰਜਾਬ ਵਿਚ ਜਿੰਨੀ ਮਹੱਤਤਾ ਹੁੰਦੀ ਹੈ ਇਸ ਸੰਦਰਭ ਵਿਚ ਉਸ ਤੋਂ ਅਧਿਕ ਮਹੱਤਤਾ ਪ੍ਰਾਪਤ ਕਰ ਲਈ। ਆਲੇ ਦੁਆਲੇ ਪੇਂਡੂ ਖੇਤਰਾਂ ਤੋਂ ਲੋਕ ਸ਼ਹਿਰ ਵਿਚ ਆ ਗਏ ਸਨ ਅਤੇ ਆਪਣੇ ਰਿਸ਼ਤੇਦਾਰਾਂ ਨਾਲ ਮਿਲ ਰਹੇ ਸਨ। ਅੰਮ੍ਰਿਤਸਰ ਵਿਚ ਅਪ੍ਰੈਲ ਦੇ ਆਰੰਭਿਕ ਦਿਨਾਂ ਵਿਚ ਇਕ ਅਚਨਚੇਤੀ ਉਥਲ ਪੁਥਲ ਨਜ਼ਰ ਆ ਰਹੀ ਸੀ। ਹਿੰਦੂ ਮੁਸਲਮਾਨ ਏਕਤਾ ਦੇ ਵਧਦੇ ਹੋਏ ਅੰਦੋਲਨ ਦੇ ਸਾਹਮਣੇ ਸਥਾਨਿਕ ਸਰਕਾਰ ਮਜ਼ਬੂਰ ਸੀ। ਸਰਕਾਰ ਆਪਣੀ ਪ੍ਰਤਿਭਾ ਕਾਇਮ ਕਰਨੀ ਚਾਹੁੰਦੀ ਸੀ। ਇਸ ਲਈ ਉਸਨੇ ਕਾਰਵਾਈ ਕਰਨ ਦਾ ਫੈਸਲਾ ਕਰ ਲਿਆ ਸੀ। ਜਦੋਂ ਇਰਵਿੰਗ (Irwing) ਡੀ.ਸੀ. ਨੇ ਵੇਖਿਆ ਕਿ ਇਲਾਹਾਬਾਦ ਬੈਂਕ ਦੇ ਵਰਾਂਡੇ ਤੋਂ ਡਾਕਟਰ ਹਫੀਜ ਮੁਹੰਮਦ ਬਸ਼ੀਰ ਦੀ ਪ੍ਰਧਾਨਗੀ ਵਿਚ ਇਕ ਵੱਡਾ ਜਲੂਸ ਨਿਕਲ ਰਿਹਾ ਸੀ ਤਾਂ ਉਹ ਬਿਲਕੁਲ ਹੀ ਘਬਰਾ ਗਿਆ ਅਤੇ ਘਬਰਾਹਟ ਵਿਚ ਉਸ ਦੇ ਹੱਥ ਕੰਬਣ ਲਗ ਪਏ। ਉਸ ਨੂੰ ਵੱਡਾ ਧੱਕਾ ਪਹੁੰਚਿਆ ਜਦੋਂ ਉਸ ਨੇ ਤੁਰਕ ਫੌਜ ਦੀ ਤਰ੍ਹਾਂ ਮੁਸਲਮਾਨ ਵਲੰਟਰੀਆਂ ਨੂੰ ਤੁਰਕੀ ਪਹਿਰਾਵੇ ਵਿਚ ਵੇਖਿਆ। ਉਸ ਨੂੰ ਇਹ ਗੱਲ ਬਰਤਾਨੀਆਂ ਸਰਕਾਰ ਦੀ ਸਿੱਧੀ ਬੇਇਜ਼ਤੀ ਦੇ ਰੂਪ ਵਿਚ ਮਹਿਸੂਸ ਹੋਈ। ਡਾਕਟਰ ਕਿਚਲੂ ਨੇ ਇਕ ਲੇਖਕ ਨੂੰ ਦੱਸਿਆ ਕਿ ਜਲੂਸ ਵਿਚ ਕੋਈ ਗੜਬੜ ਨਹੀਂ ਸੀ ਅਤੇ ਅਧਿਕਾਰੀਆਂ ਲਈ ਕੋਈ ਪਰੇਸ਼ਾਨੀ ਦਾ ਕਾਰਣ ਨਹੀਂ ਸੀ। ਉਸ ਨੇ ਡਿਪਟੀ ਕਮਿਸ਼ਨਰ ਦੇ ਸਾਹਮਣੇ ਝੁਕ ਕੇ ਬਰਤਾਨਵੀ ਬਾਦਸ਼ਾਹ ਲਈ ਪਰਮਾਤਮਾ ਤੋਂ ਪ੍ਰਾਰਥਨਾ ਕੀਤੀ ਸੀ। ਲੇਖਕ ਦਾ ਵਿਚਾਰ ਹੈ ਕਿ ਜਿਸ ਸਮੇਂ ''ਗਾਂਧੀ ਦੀ ਜੈ'' ਅਤੇ ''ਸਤਪਾਲ ਕਿਚਲੂ ਜਿੰਦਾਬਾਦ'' ਦੇ ਨਾਅਰੇ ਲਗਾਏ ਜਾ ਰਹੇ ਸਨ, ਬਾਦਸ਼ਾਹ ਦੇ ਪੱਖ ਵਿਚ ਇਸ ਤਰ੍ਹਾਂ ਦੀ ਗੱਲ ਅਧਿਕਾਰੀਆਂ ਲਈ ਪਰੇਸ਼ਾਨੀ ਦਾ ਕਾਰਣ ਹੋ ਸਕਦੀ ਸੀ। ਭਾਵੇਂ ਇਸ ਦੇ ਪਿੱਛੇ ਅਜਿਹੀ ਕੋਈ ਭਾਵਨਾ ਨਾ ਵੀ ਹੋਵੇ, ਅਗਲੇ ਦਿਨ ਕਿਚਲੂ ਅਤੇ ਸਤਿਆਪਾਲ ਨੂੰ 8 ਵਜੇ ਸਵੇਰ ਨੂੰ ਡਿਪਟੀ ਕਮਿਸ਼ਨਰ ਦੀ ਕੋਠੀ ਤੇ ਬੁਲਾਇਆ ਗਿਆ ਅਤੇ ਉਹਨਾਂ ਨੂੰ ਚੁਪਚਾਪ ਮੋਟਰ ਕਾਰਾਂ ਵਿਚ ਧਰਮਸ਼ਾਲਾ ਲਈ ਭੇਜ ਦਿੱਤਾ। ਇਸ ਦਾ ਨਤੀਜਾ ਇਹ ਹੋਇਆ ਕਿ ਸ਼ਹਿਰ ਵਿਚ ਦੁਕਾਨਾਂ ਬੰਦ ਹੋ ਗਈਆਂ ਅਤੇ ਹਜ਼ਾਰਾਂ ਲੋਕ ਇਕੱਠੇ ਹੋ ਗਏ ਅਤੇ ਡੀ.ਸੀ. ਦੀ ਕੋਠੀ ਵੱਲ ਤੁਰ ਪਏ, ਜਿਸ ਨਾਲ ਉਹ ਆਪਣੇ ਲੀਡਰਾਂ ਦੇ ਛੁਟਕਾਰੇ ਲਈ ਪ੍ਰਾਰਥਨਾ ਕਰ ਸਕਣ। ਜਦੋਂ ਜਲੂਸ ਕੈਰਿਜ ਬ੍ਰਿਜ ਤੇ ਪਹੁੰਚਿਆ, ਜਿਹੜੀ ਆਖਰੀ ਥਾਂ ਸੀ, ਜਿਥੇ ਜਲੂਸ ਨੂੰ ਸਿਵਲ ਲਾਇੰਸ ਵਿਚ ਪ੍ਰਵੇਸ਼ ਕਰਨ ਤੋਂ ਰੋਕਿਆ ਜਾ ਸਕਦਾ ਸੀ ਕਿਉਂਕਿ ਉਥੇ ਡੀ.ਸੀ. ਅਤੇ ਹੋਰ ਬਰਤਾਨਵੀ ਅਫਸਰ ਰਹਿੰਦੇ ਸਨ ਤਾਂ ਘੋੜ ਸਵਾਰ ਪੁਲਿਸ ਅਤੇ ਲੋਕਾਂ ਵਿਚ ਸਿੱਧੀ ਟੱਕਰ ਹੋ ਗਈ।

ਜਲੂਸ ਨੇ ਅੱਗੇ ਵਧਣ ਦਾ ਯਤਨ ਕੀਤਾ ਪਰ ਫੌਜ ਉਨ੍ਹਾਂ ਨੂੰ ਰੋਕਣ ਲਈ ਤਿਆਰ ਸੀ। ਇਸ ਲਈ ਫੌਜ ਵਲੋਂ ਬ੍ਰਿਜ ਦੇ ਨੇੜੇ ਗੋਲੀਆਂ ਚਲਾਈਆਂ ਗਈਆਂ। ਅਜਿਹਾ ਅੰਦਾਜ਼ਾ ਹੈ ਕਿ ਇਸ ਵਿਚ 12 ਬੰਦੇ ਮਰੇ ਅਤੇ 20 ਫੱਟੜ ਹੋਏ। ਭੀੜ ਮਰੇ ਹੋਏ ਲੋਕਾਂ ਨੂੰ ਲੈ ਕੇ ਵਾਪਿਸ ਸ਼ਹਿਰ ਵੱਲ ਚਲੀ ਅਤੇ ਹਿੰਸਾ ਤੇ ਉਤਾਰੂ ਹੋ ਗਈ। ਉਸ ਨੇ 5 ਅੰਗਰੇਜ਼ਾਂ ਨੂੰ ਮਾਰ ਦਿੱਤਾ ਅਤੇ ਇਕ ਅੰਗਰੇਜ਼ ਔਰਤ ਤੇ ਹਮਲਾ ਕੀਤਾ। ਕਤਲ, ਅੱਗ ਅਤੇ ਤੋੜ-ਫੋੜ ਹੋਣ ਲਗ ਪਈ। 11 ਅਤੇ 12 ਅਪ੍ਰੈਲ ਦੇ ਦਿਨ ਸ਼ਹਿਰ ਵਿਚ ਪੂਰਣ ਸ਼ਾਂਤੀ ਸੀ। ਸਰਕਾਰੀ ਅਧਿਕਾਰੀਆਂ ਦੀ ਚਲਣੀ ਬੰਦ ਹੋ ਗਈ। ਸ਼ਹਿਰ ਵਿਚ ਇਹ ਗੱਲ ਆਮ ਹੋ ਗਈ ਕਿ ਅੱਜ ਸਾਡਾ ਰਾਜ ਰਹੇਗਾ।

## 1.4 ਕਤਲੇਆਮ

10 ਅਪ੍ਰੈਲ ਦੀ ਘਟਨਾ ਦੇ ਕਾਰਨ ਇਰਵਿੰਗ ਨੇ ਓ. ਡਾਇਰ ਤੋਂ ਫੌਜੀ ਸਹਾਇਤਾ ਦੀ ਅਪੀਲ ਕੀਤੀ। ਸਥਿਤੀ ਤੋਂ ਨਜਿੱਠਣ ਲਈ ਬ੍ਰਿਗੇਡੀਅਰ ਜਨਰਲ ਓ. ਡਾਇਰ ਅੰਮ੍ਰਿਤਸਰ 11 ਤਾਰੀਖ ਨੂੰ 4 ਵਜੇ (ਸਵੇਰੇ) ਜਲੰਧਰ ਤੋਂ ਪਹੁੰਚ ਗਿਆ ਅਤੇ ਡਿਪਟੀ ਕਮਿਸ਼ਨਰ ਅਤੇ ਪੁਲਿਸ ਸੁਪਰਡੈਂਟ ਨਾਲ ਸ਼ਹਿਰ ਦੇ ਰੇਲਵੇ ਸਟੇਸ਼ਨ ਤੇ ਰੇਲ ਦੇ ਡੱਬੇ ਵਿਚ ਇਕ ਛੋਟੀ ਮੀਟਿੰਗ ਕੀਤੀ। ਇਸ ਦੇ ਬਾਅਦ ਡਾਇਰ ਕੋਤਵਾਲੀ ਪੁਲਿਸ ਸਟੇਸ਼ਨ ਗਿਆ ਅਤੇ ਸਿਟੀ ਇੰਸਪੈਕਟਰ ਮੁਹੰਮਦ ਅਸ਼ਰਫ ਖਾਂ ਨੂੰ ਨਾਲ ਲੈ ਆਇਆ ਅਤੇ ਉਸ ਨਾਲ ਇਕ ਲੰਬੀ ਮੀਟਿੰਗ ਕੀਤੀ। 12 ਅਪ੍ਰੈਲ ਨੂੰ ਉਸ ਨੇ ਸ਼ਹਿਰ ਦਾ ਇਕ ਹਵਾਈ ਜਹਾਜ਼ ਵਿਚ ਬੈਠ ਕੇ ਸਰਵੇ ਕੀਤਾ। 13 ਤਾਰੀਖ ਨੂੰ ਵੈਸਾਖੀ ਸੀ, ਇਹ ਇਕ ਮੁੱਖ ਉਤਸਵ ਸੀ ਜਦੋਂ ਆਲੇ ਦੁਆਲੇ ਦੇ ਖੇਤਰਾਂ ਤੋਂ ਹਰਿਮੰਦਰ ਸਾਹਿਬ ਵਿਚ ਡੁਬਕੀ ਲਗਾਉਣ ਲਈ ਲੋਕ ਆਉਂਦੇ ਸਨ। ਡਾਇਰ ਨੇ 13 ਅਪੈਲ ਦੇ ਦਿਨ ਐਲਾਨ ਕੀਤਾ ਜਿਸ ਨਾਲ ਸ਼ਹਿਰ ਵਿਚ ਲੋਕਾਂ ਦਾ ਇਕੱਠਾ ਹੋਣਾ ਗੈਰ ਕਾਨੂੰਨੀ ਕਰ ਦਿੱਤਾ। ਐਲਾਨ ਦੇ ਬਾਅਦ ਭੀੜ ਨੇ ਸਰਕਾਰ ਦੇ ਵਿਰੁੱਧ ਇਕ ਐਲਾਨ ਕੀਤਾ ਕਿ ਉਹ ਲੋਕ ਜਲ੍ਹਿਆਂ ਵਾਲੇ ਬਾਗ ਵਿਚ 4.30 ਵਜੇ ਸ਼ਾਮ ਨੂੰ ਇਕੱਠੇ ਹੋਣ। 4.30 ਵਜੇ ਡਾਇਰ ਨੂੰ ਪੱਕੀ ਖਬਰ ਮਿਲੀ ਕਿ ਜਲ੍ਹਿਆਂ ਵਾਲੇ ਬਾਗ ਵਿਚ ਭੀੜ ਇਕੱਠੀ ਹੋ ਗਈ। ਕੈਪਟਨ ਐਫ.ਸੀ. ਬ੍ਰਿਗਸ ਨਾਲ ਉਹ 5 ਅਤੇ 5.15 ਦੇ ਵਿਚਕਾਰ ਤੰਗ ਪ੍ਰਵੇਸ਼ ਦੁਆਰ ਤੇ ਪਹੁੰਚਿਆ ਤੇ ਬਿਨਾਂ ਕਿਸੇ ਖਬਰ ਦੇ ਗੋਲੀ ਚਲਵਾ ਦਿੱਤੀ, ਜਿਸ ਨਾਲ ਲੋਕ ਪੱਤਿਆਂ ਵਾਂਗ ਡਿੱਗਣ ਲਗ ਪਏ। ਇਸ ਕਾਰਵਾਈ ਕਰਕੇ ਉਹ ਆਪਣੇ ਹੈਡ ਕੁਆਟਰ ਤੇ ਵਾਪਸ ਮੁੜ ਆਇਆ।

## 1.5 ਡਾਇਰ ਦੇ ਵਿਵਹਾਰ ਪ੍ਰਤੀ ਕੁਝ ਵਿਚਾਰ

ਡਾਇਰ ਨੇ ਅਜਿਹਾ ਕਿਉਂ ਕੀਤਾ? ਉਸ ਨੇ ਗੋਲੀ ਕਿਉਂ ਚਲਾਈ ਅਤੇ ਕਿਉਂ ਚਲਾਉਂਦਾ ਰਿਹਾ। ਉਸ ਨੂੰ ਅਜਿਹਾ ਕਰਨ ਲਈ ਕਿਸ ਗੱਲ ਨੇ ਉਕਸਾਇਆ? ਸਭ ਤੋਂ ਉਪਰ ਇਹ ਪ੍ਰਸ਼ਨ ਹੈ ਕਿ ਉਸ ਨੇ ਭੀੜ ਦੇ ਇਕੱਠ ਨੂੰ ਬਿਨਾਂ ਪਹਿਲਾਂ ਸੂਚਨਾ ਦੇ ਕਿਉਂ ਗੋਲੀ ਚਲਵਾਈ? ਇਹ ਗੱਲ ਸਹੀ ਹੈ ਕਿ ਭੀੜ ਦੇ ਕੋਲ ਹਥਿਆਰ ਨਹੀਂ ਸਨ ਅਤੇ ਭੀੜ ਸ਼ਾਂਤ ਵੀ ਸੀ। ਵਿਸਟਨ ਚਰਚਿਲ ਤਕ ਨੇ ਇਹ ਕਿਹਾ ਕਿ ਭੀੜ ਦੇ ਕੋਲ ਮਾਰੂ ਅਸਲਾ ਨਹੀਂ ਸੀ, ਡਾਇਰ ਨੇ ਗੋਲੀ ਚਲਾਉਣ ਦਾ ਇਕ ਵੱਖ ਕਾਰਣ ਦਿੱਤਾ ਹੈ। ਇਸ ਘਟਨਾ ਦੇ ਤੁਰੰਤ ਬਾਅਦ ਉਸ ਨੇ ਜਨਰਲ ਸਟਾਫ ਡਿਵੀਜ਼ਨ ਨੂੰ ਲਿਖਿਆ ਕਿ ਉਸ ਦੇ ਕੋਲ ਫੌਜ ਥੋੜ੍ਹੀ ਸੀ। ਜੇਕਰ ਉਹ ਡੋਲਦਾ ਤਾਂ ਭੀੜ ਉਸ ਤੇ ਹਮਲਾ ਕਰ ਦਿੰਦੀ। ਉਸ ਦਾ ਯਕੀਨ ਸੀ ਕਿ ਬਾਗ ਵਿਚ ਜਿਹੜੇ ਨੇਤਾ ਭਾਸ਼ਣ ਦੇ ਰਹੇ ਸਨ ਉਹ ਦੇਸ਼ ਧਰੋਹ ਲਈ ਲੋਕਾਂ ਨੂੰ ਭੜਕਾ ਰਹੇ ਸਨ। ਉਸ ਨੂੰ ਇਹ ਮਹਿਸੂਸ ਹੋਇਆ ਕਿ ਭੀੜ ਉਸ ਨੂੰ ਘੇਰ ਕੇ ਹਮਲਾ ਕਰਨਾ ਚਾਹੁੰਦੀ ਸੀ। ਉਸ ਦੇ ਕੋਲ ਫੌਜ ਥੋੜ੍ਹੀ ਸੀ। ਇਨ੍ਹਾਂ ਪਰਿਸਥਿਤੀਆਂ ਵਿਚ ਸਥਿਤੀ ਨੂੰ ਹੋਰ ਵਿਗੜਨ ਤੋਂ ਰੋਕਣ ਲਈ ਹਮਲਾ ਕਰਨਾ ਜ਼ਰੂਰੀ ਸੀ। ਉਸ ਸਮੇਂ ਡਾਇਰ ਦਾ ਮੁਲਾਂਕਣ ਇਹ ਸੀ ਪਰ ਕੁਝ ਮਹੀਨਿਆਂ ਬਾਅਦ 19 ਅਗਸਤ ਨੂੰ ਜਦੋਂ ਉਹ ਹੰਟਰ ਕਮੇਟੀ ਦੇ ਸਾਹਮਣੇ ਪੇਸ਼ ਹੋਇਆ ਅਤੇ ਬਿਆਨ ਦਿੱਤੇ ਤਾਂ ਆਪਣੇ ਬਚਾਓ ਦਾ ਆਧਾਰ ਬਿਲਕੁਲ ਬਦਲ ਦਿੱਤਾ ਅਤੇ ਐਂਗਲੋ ਇੰਡੀਅਨ ਪ੍ਰੈਸ ਦੇ ਪ੍ਰਚਾਰ ਨਾਲ ਹੀਰੋ ਦੇ ਰੂਪ ਵਿਚ ਗੱਲ ਕੀਤੀ। ਹੰਟਰ ਕਮੇਟੀ ਦੇ ਭਾਰਤੀ ਮੈਂਬਰਾਂ ਦੇ ਨਾਲ ਜਵਾਬ ਸਵਾਲ ਵਿਚ ਉਸ ਨੇ ਰੁਖੇ, ਅੱਖੜ-ਪੁਣੇ ਅਤੇ ਘਿਰਣਾ ਨਾਲ ਗੱਲ ਕੀਤੀ। ਉਸ ਨੇ ਕਿਹਾ- ਭੀੜ ਨੂੰ ਖਿਡਾਉਣ ਦਾ ਪ੍ਰਸ਼ਨ ਨਹੀਂ ਸੀ। ਇਹ ਤਾਂ ਫੌਜੀ ਦ੍ਰਿਸ਼ਟੀ ਤੋਂ ਕੇਵਲ ਉਨ੍ਹਾਂ ਲੋਕਾਂ ਤੇ ਜਿਹੜੇ ਉਥੇ ਬੈਠੇ ਸਨ ਨੈਤਿਕ ਅਸਰ ਪਾਉਣਾ ਨਹੀਂ ਸੀ ਸਗੋਂ ਸਾਰੇ ਪੰਜਾਬ ਤੇ ਇਹ ਪ੍ਰਭਾਵ ਪਾਉਣਾ ਸੀ। ਉਸ ਤੇ ਆਪਣੇ ਆਪ ਨੂੰ ਜਿਹੜੀ ਗੱਲ ਉਥੇ ਚਲ ਰਹੀ ਸੀ ਉਸ ਵਿਚ ਸੀਮਿਤ ਨਹੀਂ ਸਗੋਂ ਉਸ ਨੇ ਦੂਰ ਕਰਨ ਦੀ ਗੱਲ ਕੀਤੀ।

ਉਸਨੇ ਆਪਣੇ ਬਿਆਨ ਨੂੰ ਸਹੀ ਪ੍ਰਗਟ ਕਰਨ ਦਾ ਯਤਨ ਕੀਤਾ ਸੀ। ਪਰ ਇਸ ਨਾਲ ਉਸ ਦੇ ਦੇਸ਼ ਵਾਸੀਆਂ ਵਿਚ ਉਸ ਲਈ ਹਮਦਰਦੀ ਜਾਗ੍ਰਿਤ ਹੋਈ। ਇਸ ਨਾਲ ਡਾਇਰ ਦੀ ਕਹਾਣੀ ਕੁਝ ਬਰਤਾਨਵੀ ਅਦਾਰਿਆਂ ਵਿਚ ਹੁਣ ਵੀ ਜੀਵਤ ਹੈ। ਉਸ ਨੇ ਗੋਲੀ ਚਲਾਉਣ ਨੂੰ ਵਿਅਕਤੀਗਤ ਸੁਰੱਖਿਆ ਅਤੇ ਪਾਲਿਸੀ ਦੇ ਆਧਾਰ ਤੇ ਉਚਿਤ ਠਹਿਰਾਇਆ। ਉਸ ਨੇ ਅਫਗਾਨੀ ਹਮਲੇ ਅਤੇ ਬਲੋਸ਼ੇਵਿਕ ਸਾਜ਼ਿਸ਼ਾਂ ਵੱਲ ਵੀ ਸੰਕੇਤ ਕੀਤਾ ਜਿਨ੍ਹਾਂ ਨੂੰ ਉਹ ਭਾਰਤ ਵਿਚ ਬਰਤਾਨਵੀ ਸੁਰਖਿਆ ਲਈ ਇਕ ਧਮਕੀ ਸਮਝਦਾ ਸੀ।

ਡਾਇਰ ਨੇ ਇਹ ਤਰੀਕਾ ਕਿਉਂ ਪਸੰਦ ਕੀਤਾ? ਇਥੇ ਰਾਬਰਟ ਕਲਾਇਵ ਦੇ ਢੰਗ ਦੀ ਬਦਬੂ ਆਉਂਦੀ ਹੈ। 11 ਦੀ ਸ਼ਾਮ ਨੂੰ ਜਦੋਂ ਡਾਇਰ ਅੰਮ੍ਰਿਤਸਰ ਪਹੁੰਚਿਆ ਤਾਂ ਉਸ ਨੂੰ ਇਸ ਗੱਲ ਦਾ ਬਹੁਤ ਧੱਕਾ ਲਗਿਆ ਅਤੇ ਦੁੱਖ ਪਹੁੰਚਿਆ ਕਿ ਉਸ ਦੇ ਪੰਜ ਦੇਸ਼ ਵਾਸੀ ਕਤਲ ਕਰ ਦਿੱਤੇ ਗਏ ਸਨ ਅਤੇ ਇਕ ਅੰਗਰੇਜ਼ ਔਰਤ ਦਾ ਪਿੱਛਾ ਕੀਤਾ ਗਿਆ ਅਤੇ ਉਸ ਤੇ ਹਮਲਾ ਕੀਤਾ ਗਿਆ ਸੀ। ਇਸ ਨਾਲ ਉਸ ਨੂੰ ਬਹੁਤ ਧੱਕਾ ਪਹੁੰਚਿਆ ਅਤੇ ਉਸ ਨੇ ਬਦਲਾ ਲੈਣ ਦਾ ਪੱਕਾ ਫੈਸਲਾ ਕਰ ਲਿਆ ਸੀ। ਉਹ ਆਪਣੇ ਨਾਲ ਦੋ ਮਸ਼ੀਨ ਗੰਨ ਲਗੀਆਂ ਹੋਈਆਂ ਆਰਮਰਡ ਕਾਰ ਲੈ ਗਿਆ। ਕੁੱਚਾ ਕੌੜੀਆਂ ਜਿਥੇ ਮਿਸ ਸ਼ੇਰਵਡ ਨੂੰ ਜਾ ਕੇ ਛੁਪਣਾ ਪਿਆ ਸੀ, ਉਥੇ ਡਾਇਰ ਨੇ ਲੋਕਾਂ ਨੂੰ ਸਜ਼ਾ ਦੇਣ ਦੀ ਥਾਂ ਚੁਣੀ ਸੀ। ਜਿਹੜੇ ਲੋਕ ਉਸ ਥਾਂ ਤੋਂ ਗੁਜਰੇ ਉਨ੍ਹਾਂ ਨੂੰ ਘੁਟਨਿਆਂ ਤੇ ਸਰਕਾਇਆ ਗਿਆ। ਜਿਥੇ ਵੀ ਅੰਗਰੇਜ਼ਾਂ ਨੂੰ ਇਹ ਜਾਪਦਾ ਕਿ ਹਿੰਦੁਸਤਾਨੀਆਂ ਨੇ ਰਾਜ ਕਰਨ ਵਾਲਿਆਂ, ਉਨ੍ਹਾਂ ਦੀ ਸੰਮਤੀ ਅਤੇ ਸਭ ਤੋਂ ਖਰਾਬ ਗੱਲ ਕਿ ਉਹਨਾਂ ਦੀਆਂ ਔਰਤਾਂ ਤੇ ਹਮਲਾ ਕੀਤਾ ਤਾਂ ਬਹੁਤ ਸਾਰੇ ਲੋਕ ਮਾਰੇ ਗਏ। ਜਦੋਂ ਬਰਤਾਨਵੀ ਫੌਜਾਂ ਨੇ ਲੋਕਾਂ ਨੂੰ ਕਤਲ ਕੀਤਾ ਅਤੇ ਪਿੰਡਾਂ ਨੂੰ ਸਾੜ ਦਿੱਤਾ, ਜਦੋਂ ਅੰਗਰੇਜ਼ਾਂ ਨੇ ਆਪਣੇ ਪਰਿਵਾਰਾਂ ਅਤੇ ਦੇਸ਼ ਵਾਸੀਆਂ ਤੇ ਹੋਏ ਹਮਲਿਆਂ ਦੇ ਬਦਲੇ ਕਾਰਵਾਈ ਕੀਤੀ ਸੀ। ਆਤਮ ਕਥਾ ਵਿਚ ਬਰਟਰੈਂਡ ਰਸਲ ਨੇ ਇਸੇ ਵਿਸ਼ੇ ਤੇ ਲਿਖਿਆ,

''ਕਿਸੇ ਵਿਦੇਸ਼ੀ ਨਸਲ ਦੇ ਹੱਥੋਂ ਆਪਣੇ ਪਰਿਵਾਰ ਨੂੰ ਸੱਟ ਤੋਂ ਬਚਾਉਣ ਦੀ ਇੱਛਾ ਸ਼ਾਇਦ ਸਭ ਤੋਂ ਅਧਿਕ ਵਹਿਸ਼ੀ ਅਤੇ ਜ਼ੋਰਦਾਰ ਹੁੰਦੀ ਹੈ ਜਿੰਨੀ ਕਿ ਇਕ ਮਨੁੱਖ ਕਰ ਸਕਦਾ ਹੈ।''

ਆਰਮੀ ਕੌਂਸਲ ਨੂੰ ਦਿੱਤੀ ਗਈ ਇਕ ਰਿਪੋਰਟ ਵਿਚ ਡਾਇਰ ਨੇ ਇਹ ਗੱਲ ਉਜਾਗਰ ਕੀਤੀ ਕਿ ਉਸ ਦੇ ਦੇਸ਼ਵਾਸੀਆਂ ਦੇ ਕਤਲ ਨੇ ਉਸ ਨੂੰ ਉਹ ਕਰਨ ਲਈ ਮਜ਼ਬੂਰ ਕੀਤਾ ਜਿਹੜਾ ਉਸ ਨੂੰ ਕਰਨਾ ਪਿਆ ਸੀ ਅਤੇ ਅਜਿਹੀ ਕਾਰਵਾਈ ਬਹੁਤ ਜ਼ਰੂਰੀ ਸੀ ਜਿਸ ਨਾਲ ਯੂਰਪੀਅਨ ਅਤੇ ਕਾਨੂੰਨ ਪਸੰਦ ਹਿੰਦੁਸਤਾਨੀਆਂ ਦੇ ਜੀਵਨ ਅਤੇ ਮਾਨ ਦੀ ਸੁਰੱਖਿਆ ਕੀਤੀ ਜਾ ਸਕੇ ਅਤੇ ਅਮਨ ਅਮਾਨ ਕੀਤਾ ਜਾ ਸਕੇ। ਉਸਨੇ ਲਿਖਿਆ ਕਿ ਇਹ ਇਹੋ ਹੀ ਉਦੇਸ਼ ਸੀ ਜਿਸ ਨੇ ਉਸ ਨੂੰ ਆਪਣੀ ਡਿਊਟੀ ਪੂਰਣ ਕਰਨ ਲਈ ਸ਼ਕਤੀ ਦਿੱਤੀ। ਆਪਣੀ ਕਾਰਵਾਈ ਨਾਲ ਡਾਇਰ ਨੇ ਪੰਜਾਬ ਬਚਾ ਲਿਆ ਪਰ ਭਾਰਤ ਗੁਆ ਦਿੱਤਾ।

## 1.6 ਪ੍ਰਭਾਵ

ਐਡਵਰਡ ਥਾਮਸਨ ਨੇ ਜਿਹੜਾ ਇਕ ਪ੍ਰਸਿੱਧ ਇਤਿਹਾਸਕਾਰ ਸੀ ਅਤੇ ਜਵਾਹਰ ਲਾਲ ਨਹਿਰੂ ਦਾ ਗੂਹੜਾ ਮਿੱਤਰ ਸੀ, ਇਹ ਗੱਲ ਕਹੀ ਸੀ ਕਿ ਐਸ.ਕੇ. ਦੱਤਾ ਨਾਮੀ ਆਦਮੀ ਨੇ ਜਲ੍ਹਿਆ ਵਾਲਾ ਬਾਗ ਦੇ ਬਾਰੇ ਸੋਚਦੇ ਹੋਏ ਰੋਂਦੇ ਹੋਏ ਕਹਿਣ ਲਗ ਪਿਆ ਇਸ ਨਾਲ ਭਾਰਤੀਆਂ ਨਾਲ ਬਰਤਾਨਵੀ ਸੰਬੰਧ ਸਮਾਪਤ ਹੋ ਜਾਂਦਾ ਹੈ। ਭਾਰਤ ਹੁਣ ਪਹਿਲਾਂ ਵਰਗਾ ਕਦੇ ਵੀ ਨਹੀਂ ਹੋ ਸਕੇਗਾ। ਜਿਹੜਾ ਹੋਣਾ ਸੀ ਹੋ ਚੁਕਿਆ, ਸੂਰਜ ਨੇ ਬਰਤਾਨੀਆਂ ਦੇ ਉਸ ਸਾਮਰਾਜ ਵਿਚ ਡੁਬਣਾ ਆਰੰਭ ਕਰ ਦਿੱਤਾ ਹੈ, ਜਿਸ ਦੀ ਕਵੀਆਂ ਨੇ ਸ਼ਾਨ ਅਤੇ ਨੈਤਿਕਤਾ ਦੀ ਵਿਆਖਿਆ ਕੀਤੀ ਸੀ। 'ਜਲ੍ਹਿਆਂ ਵਾਲੇ ਬਾਗ ਦੀ ਘਟਨਾ ਭਾਰਤ ਦੀ ਰਾਜਨੀਤਿਕ ਕਿਸਮਤ ਵਿਚ ਇਕ ਮੋੜ ਹੈ। ਵਾਸਤਵ ਵਿਚ ਇਸ ਘਟਨਾ ਦੇ ਬਾਅਦ ਆਜ਼ਾਦੀ ਦੇ ਸੰਘਰਸ਼ ਨੇ ਇਕ ਰਾਸ਼ਟਰੀ ਚਰਿੱਤਰ ਪ੍ਰਾਪਤ ਕਰ ਲਿਆ। ਗਾਂਧੀ ਇਕ ਰਾਸ਼ਟਰੀ ਨੇਤਾ ਦੇ ਰੂਪ ਵਿਚ ਪ੍ਰਗਟ ਹੋਇਆ। ਜਲ੍ਹਿਆਂ ਵਾਲੇ ਬਾਗ ਦੀ ਘਟਨਾ ਦੇ ਕੁਝ ਹੀ ਮਹੀਨੇ ਬਾਅਦ ਇੰਡੀਅਨ ਨੈਸ਼ਨਲ ਕਾਂਗਰਸ ਨੇ ਦਸੰਬਰ 1919 ਵਿਚ ਆਪਣਾ ਸਾਲਾਨਾ ਜਲਸਾ ਅੰਮ੍ਰਿਤਸਰ ਵਿਚ ਕੀਤਾ। ਨਰਮ ਖਿਆਲੀ ਲੋਕ ਪਿਛੇ ਹੱਟ ਰਹੇ ਸਨ ਅਤੇ ਅਤਿਵਾਦੀ ਬਣਦੇ ਜਾ ਰਹੇ ਸਨ। 1915 ਵਿਚ ਗੋਖਲੇ ਦੀ ਅਤੇ 1917 ਵਿਚ ਦਾਦਾ ਭਾਈ ਨਾਰੋਜੀ ਦੀ

ਮ੍ਰਿਤੂ ਹੋ ਗਈ। ਏਨੀ ਬੇਸੈਂਟ ਪਿਛੋਂ ਹਟ ਗਈ। 1918 ਦੇ ਅੰਤ ਵਿਚ ਤਿਲਕ ਇੰਗਲੈਂਡ ਵਿਚ ਸਰ ਵੇਲੈਟਾਇਨ ਚਿਰੋਲ ਦੇ ਵਿਰੁੱਧ ਅਪਮਾਨ ਲੇਖ ਦੀ ਕਾਰਵਾਈ ਲਈ ਗਿਆ, ਗਾਂਧੀ ਜੀ ਮੁਸਲਮਾਨਾਂ ਲਈ 'ਵਲੀ' ਅਤੇ ਹਿੰਦੂਆਂ ਲਈ 'ਮਹਾਤਮਾ' ਬਣ ਗਏ। ਨਵੇਂ ਮੁਹਾਵਰੇ ਵਾਲੀ ਰਾਜਨੀਤੀ ਦਾ ਜਨਮ ਹੋਇਆ। ਇਕ ਵਿਚਾਰ ਨਾਲ ਭਾਰਤ ਨੇ ਆਪਣੇ ਆਪ ਨੂੰ ਸਮਝ ਲਿਆ ਸੀ।

ਜਲ੍ਹਿਆਂ ਵਾਲੇ ਬਾਗ ਦੇ ਬਦਕਿਸਮਤ ਲੋਕਾਂ ਦੇ ਉਪਰ ਕੀਤੀ ਸਖਤੀ ਨਾਲ ਵਿਚਲਿਤ ਹੋ ਕੇ ਰਾਵਿੰਦਰ ਨਾਥ ਟੈਗੋਰ ਨੇ ਆਪਣੇ 'ਨਾਈਟ' ਦੇ ਪਦ ਤੋਂ ਅਸਤੀਫਾ ਦੇ ਦਿੱਤਾ ਅਤੇ ਵਾਇਸਰਾਇ ਨੂੰ ਲਿਖਿਆ : ਹੁਣ ਸਮਾਂ ਆ ਗਿਆ ਹੈ ਜਦੋਂ ਇੱਜਤ ਦੇ ਬੈਜ ਸਾਡੀ ਸ਼ਰਮਿੰਦਗੀ ਨੂੰ ਅਪਮਾਨ ਦੇ ਸੰਦਰਭ ਵਿਚ ਅਧਿਕ ਵਧਾ ਦਿੰਦੀ ਹੈ। ਮੈਂ ਆਪਣੇ ਲਈ ਸਾਰੇ ਵਿਸ਼ੇਸ਼ ਸਨਮਾਨ ਤੋਂ ਬੇਦਖਲ ਹੋ ਜਾਣਾ ਚਾਹੁੰਦਾ ਹਾਂ, ਜਿਸ ਨਾਲ ਆਪਣੇ ਦੇਸ਼ ਵਾਸੀਆਂ ਦੇ ਨਾਲ ਖੜੇ ਹੋ ਸਕਾਂ, ਜਿਨ੍ਹਾਂ ਨੂੰ ਆਪਣੀ ਕਥਿਤ ਤੁਛਤਾ ਦੇ ਕਾਰਣ ਅਧਿਕ ਹੇਠੀ ਸਹਿਣੀ ਪਵੇਗੀ ਜਿਹੜੀ ਮਨੁੱਖ ਲਈ ਯੋਗ ਨਹੀਂ ਹੈ।

ਗਾਂਧੀ ਜਿਸ ਨੇ ਇੰਗਲੈਂਡ ਦੀ ਮੁਸ਼ਕਲ ਦੇ ਸਮੇਂ ਫੌਜ ਦੀ ਭਰਤੀ ਵਿਚ ਸਹਾਇਤਾ ਕੀਤੀ ਸੀ, ਸਰਕਾਰ ਦਾ 'ਕੇਸਰ-ਏ-ਹਿੰਦ' ਗੋਲਡ ਮੈਡਲ ਅਤੇ ਜ਼ੁਲੂ ਯੁੱਧ ਦਾ ਮੈਡਲ ਵਾਪਸ ਕਰ ਦਿੱਤਾ ਸੀ। ਸੀ.ਐਫ. ਐਨਡਰੂਸ ਇਸ ਦੁਖਦਾਈ ਘਟਨਾ ਦੇ ਇਸ ਮੋੜ ਤੇ ਬਹੁਤ ਬੇਪਤ ਹੋਇਆ ਅਤੇ ਆਪਣੇ ਦੁੱਖ ਨੂੰ ਨਿਰੰਕੁਸ਼ ਸਰਕਾਰ ਦੇ ਜ਼ੁਲਮ ਦੇ ਬਾਰੇ ਪ੍ਰਗਟ ਕੀਤਾ। ਉਸ ਨੇ ਸਰਕਾਰ ਨੂੰ ਲਿਖਿਆ :

ਮੈਂ ਇਹ ਮਹਿਸੂਸ ਨਹੀਂ ਕਰ ਸਕਦਾ ਕਿ ਪੜ੍ਹੇ ਲਿਖੇ ਵਰਗ ਨੂੰ ਪਰੇਸ਼ਾਨ ਕਰਕੇ ਅਤੇ ਉਨ੍ਹਾਂ ਦੇ ਸਵੈਮਾਨ ਤੇ ਸੱਟ ਮਾਰ ਕੇ ਕੇਵਲ ਬੁਰਾਈ ਦੇ ਇਲਾਵਾ ਹੋਰ ਕੋਈ ਨਤੀਜਾ ਨਹੀਂ ਨਿਕਲੇਗਾ। ਨਰਮ ਖਿਆਲੀਆਂ ਨੂੰ ਆਪਣੇ ਵਿਚਾਰਾਂ ਨਾਲ ਖੜਨ ਵਿਚ ਬਹੁਤ ਮੁਸ਼ਕਲ ਹੋ ਰਹੀ ਹੈ।

ਜਲ੍ਹਿਆਂ ਵਾਲੇ ਬਾਗ ਦੇ ਕਤਲੇਆਮ ਨੇ ਰਾਸ਼ਟਰੀ ਲਹਿਰ ਦੇ ਅਗਲੇ ਦੌਰ ਤੇ ਡੂੰਘਾ ਪ੍ਰਭਾਵ ਪਾਇਆ। ਉਹ ਹਿੰਦੂ-ਮੁਸਲਿਮ ਏਕਤਾ ਦੀ ਸ਼ਾਨ ਦੇ ਦਿਨ ਸਨ। ਉਨ੍ਹਾਂ ਵਿਚ ਗਾਂਧੀ ਨੇ ਕਿਹਾ ਸੀ ਕਿ ਮੁਹੰਮਦ ਅਲੀ ਅਤੇ ਸ਼ੌਕਤ ਅਲੀ ਉਸ ਦੇ ਹੱਥ ਵਿਚ ਸਨ। ਇਸ ਘਟਨਾ ਨੇ ਪੰਜਾਬ ਦੀ ਬਰਤਾਨੀਆਂ ਵੱਲ ਵਫਾਦਾਰੀ ਦੀ ਕਲਪਨਾ ਨੂੰ ਨਸ਼ਟ ਕਰ ਦਿੱਤਾ ਅਤੇ ਆਜ਼ਾਦੀ ਦੀ ਲੜਾਈ ਲਈ ਨਵੇਂ ਰਾਜਨੀਤਿਕ ਤਰੀਕਿਆਂ ਨੂੰ ਜਨਮ ਦਿੱਤਾ।

## ਵਿਦਿਆਰਥੀ ਦੇ ਅਭਿਆਸ ਲਈ ਛੋਟੇ ਪ੍ਰਸ਼ਨ :

1. ਜਲ੍ਹਿਆਂਵਾਲੇ ਬਾਗ ਦੀ ਘਟਨਾ ਕੀ ਸੀ?
2. ਜਲ੍ਹਿਆਂਵਾਲੇ ਬਾਗ ਦੀ ਘਟਨਾ ਲਈ ਜ਼ਿੰਮੇਵਾਰ ਹਾਲਤਾਂ ਬਾਰੇ ਲਿਖੋ?
3. ਹੰਟਰ ਕਮੇਟੀ ਉਤੇ ਨੋਟ ਲਿਖੋ?
4. ਰੋਲਟ ਬਿੱਲ ਤੋਂ ਕੀ ਭਾਵ ਹੈ?
5. ਜਲ੍ਹਿਆਂਵਾਲੇ ਬਾਗ ਦੇ ਸਾਕੇ ਦੇ ਰਾਸ਼ਟਰੀ ਅੰਦੋਲਨ ਉਤੇ ਕੀ ਪ੍ਰਭਾਵ ਪਏ?

## ਪਾਠ ਦੇ ਮੁੱਖ ਵਿਅਕਤੀ ਅਤੇ ਸ਼ਬਦ:

ਹੰਟਰ ਕਮੇਟੀ, ਰੋਲਟ ਬਿੱਲ, ਜਨਰਲ ਡਾਇਰ, ਇਰਵਿੰਗ, ਕਿਚਲੂ, ਸੱਤਿਆਪਾਲ, ਜਲ੍ਹਿਆਂਵਾਲਾ ਬਾਗ, ਅੰਮ੍ਰਿਤਸਰ

**ਪਾਠ ਨੰਬਰ : 2.6**

# ਅਸਹਿਯੋਗ ਅੰਦੋਲਨ

**ਪਾਠ ਦੀ ਬਣਤਰ –**

**1. ਗਾਂਧੀ ਜੀ ਦੇ ਅਸਹਿਯੋਗ ਵੱਲ ਝੁਕਾਅ ਦੇ ਕਾਰਣ**
  **1.1 ਰੌਲਟ ਐਕਟ**
  **1.2 ਜਲ੍ਹਿਆਂ ਵਾਲੇ ਬਾਗ ਦੀ ਘਟਨਾ**
  **1.3 ਹੰਟਰ ਕਮਿਸ਼ਨ ਤੇ ਇਸਦੀ ਰਿਪੋਰਟ**
**2. ਕਾਂਗਰਸ ਵੱਲੋਂ ਅਸਹਿਯੋਗ ਲਈ ਪ੍ਰਵਾਨਗੀ**
**3. ਨਾਗਪੁਰ ਕਾਂਗਰਸ : ਅਸਹਿਯੋਗ ਦੀ ਪੁਸ਼ਟੀ**
**4. ਅਸਹਿਯੋਗ ਅੰਦੋਲਨਾਂ ਦਾ ਪ੍ਰੋਗਰਾਮ**
  **4.1 ਨਿਖੇਧਆਤਮਕ ਪੱਖ**
  **4.2 ਰਚਨਾਤਮਕ ਪੱਖ**
**5. ਅੰਦੋਲਨ ਦੀ ਪ੍ਰਗਤੀ**
**6. ਹਿੰਦੂ ਮੁਸਲਮਾਨ ਏਕਤਾ**
**7. ਡਿਊਕ ਆਫ ਕਨਾਟ ਦੇ ਆਉਣ ਦਾ ਬਾਈਕਾਟ**
**8. ਸਰਕਾਰ ਦੀ ਦਮਨ ਦੀ ਪਾਲਿਸੀ**
**9. ਪ੍ਰਿੰਸ ਆਫ ਵੇਲਜ਼ ਦਾ ਬਾਈਕਾਟ**
**10. ਚੌਰਾ-ਚੌਰੀ ਦੀ ਘਟਨਾ (5 ਜਨਵਰੀ 1922) ਅਤੇ ਅੰਦੋਲਨ ਦੀ ਮੁਅੱਤਲੀ**
**11. ਮੁਅੱਤਲ ਵੱਲ ਹੋਈ ਪ੍ਰਤਿਕ੍ਰਿਆ**
**12. ਗਾਂਧੀ ਜੀ ਦੀ ਗ੍ਰਿਫਤਾਰੀ (10 ਮਾਰਚ)**
**13. ਅੰਦੋਲਨ ਸਫਲਤਾਵਾਂ ਅਤੇ ਅਸਫਲਤਾਵਾਂ ਦਾ ਮੁਲਾਂਕਣ**

**ਪਾਠ ਦਾ ਉਦੇਸ਼ –**

1) ਗਾਂਧੀ ਜੀ ਦੁਆਰਾ ਅਹਿੰਸਕ ਅੰਦੋਲਨ ਸ਼ੁਰੂ ਕਰਨ ਪਿੱਛੇ ਕਾਰਨਾਂ ਦਾ ਵੇਰਵਾ।
2) ਰੋਲਟ ਐਕਟ ਦਾ ਰਾਸ਼ਟਰੀ ਅੰਦੋਲਨ ਉਤੇ ਪ੍ਰਭਾਵ ਅਤੇ ਜਲ੍ਹਿਆਂਵਾਲਾ ਬਾਗ।
3) ਅਸਿਹਯੋਗ ਅੰਦੋਲਨ ਦਾ ਵਿਕਾਸ ਅਤੇ ਸਫਲਤਾਵਾਂ।
4) ਚੌਰਾ ਚੌਰੀ ਦੀ ਘਟਨਾ ਦਾ ਅੰਦੋਲਨ ਉਤੇ ਪ੍ਰਭਾਵ।
5) ਅੰਦੋਲਨ ਦਾ ਮੁਲਾਂਕਣ।

1920 ਦੇ ਸਾਲ ਨੇ ਇਕ ਨਵੇਂ ਯੁਗ ਦਾ ਆਰੰਭ ਕੀਤਾ। ਜਿਸ ਨੂੰ ਸਾਡੇ ਆਜ਼ਾਦੀ ਦੇ ਸੰਘਰਸ਼ ਦੇ ਇਤਿਹਾਸ ਵਿਚ "ਗਾਂਧੀ ਯੁੱਗ" ਕਹਿੰਦੇ ਹਨ। ਅਗਸਤ 1920 ਦਾ ਮਹਾਤਮਾ ਗਾਂਧੀ ਦਾ ਅਹਿੰਸਕ ਅਸਹਿਯੋਗ ਅੰਦੋਲਨ (ਸਵੈ-ਸ਼ਾਸ਼ਨ) ਲਈ ਇਕ ਵਿਸ਼ੇਸ਼ ਘਟਨਾ ਸੀ ਅਤੇ ਕਾਂਗਰਸ ਦੇ ਇਤਿਹਾਸ ਵਿਚ ਇਕ ਮੋੜ ਵੀ ਸੀ।

## 1. ਗਾਂਧੀ ਜੀ ਦੇ ਅਸਹਿਯੋਗ ਵੱਲ ਝੁਕਾਅ ਦੇ ਕਾਰਣ

**1.1 ਰੋਲਟ ਐਕਟ :-** ਇਸ ਅੰਦੋਲਨ ਦਾ ਪਿਛੋਕੜ ਓਨਾ ਹੀ ਘਟਨਾਪੂਰਨ ਹੈ ਜਿਤਨਾ ਇਹ ਅੰਦੋਲਨ ਹੈ। ਗਾਂਧੀ ਜੀ ਬਰਤਾਨਵੀ ਸਰਕਾਰ ਨਾਲ 1920 ਤਕ ਸਹਿਯੋਗ ਕਰਦੇ ਰਹੇ ਸਨ। ਮਹਾਤਮਾ ਗਾਂਧੀ ਦੇ ਦ੍ਰਿਸ਼ਟੀਕੋਣ ਵਿਚ ਮੌਲਿਕ ਤਬਦੀਲੀ ਕੁਝ ਮਹੱਤਵਪੂਰਣ ਘਟਨਾਵਾਂ ਨਾਲ ਹੋਈ ਸੀ, ਜਿਸ ਨੇ ਉਨ੍ਹਾਂ ਦੇ ਮਨ ਵਿਚ ਬਣੀ ਹੋਈ ਬਰਤਾਨਵੀ ਉਚਿਤਤਾ ਅਤੇ ਨਿਆ ਦੇ ਅਹਿਸਾਸ ਨੂੰ ਘਟਾ ਦਿੱਤਾ। ਉਨ੍ਹਾਂ ਦੇ ਹੀ ਸ਼ਬਦਾਂ ਵਿਚ ਪਹਿਲਾ ਧੱਕਾ ਰੋਲਟ ਐਕਟ ਦੇ ਰੂਪ ਵਿਚ ਆਇਆ। ਇਸ ਦੇ ਬਾਅਦ ਪੰਜਾਬ ਦੀਆਂ ਭਿਆਨਕ ਘਟਨਾਵਾਂ ਜਿਹੜੀਆਂ ਜਲ੍ਹਿਆਂ ਵਾਲਾ ਬਾਗ ਦੇ ਕਤਲੇਆਮ ਤੋਂ ਆਰੰਭ ਹੋ ਕੇ ਘੁਟਨਿਆਂ ਤੇ ਸਰਕਾਉਣਾ, ਸਭ ਦੇ ਸਾਹਮਣੇ ਕੋੜੇ ਮਾਰਨੇ ਅਤੇ ਗੈਰ ਵਰਨਣ ਕਰਨ ਯੋਗ ਬੇ-ਇੱਜਤੀਆਂ ਸਨ। ਮੁਸਲਮਾਨਾਂ ਨੂੰ ਤੁਰਕੀ ਦੀ ਏਕਤਾ ਅਤੇ ਇਸਲਾਮ ਦੇ ਪਵਿਤਰ ਸਥਾਨਾਂ ਸਬੰਧੀ ਵਾਅਦੇ, ਪੂਰਨ ਹੋਣ ਦੀ ਕੋਈ ਆਸ ਨਹੀਂ ਸੀ।

**1.2. ਜਲ੍ਹਿਆਂ ਵਾਲੇ ਬਾਗ ਦੀ ਘਟਨਾ :-** ਜਲ੍ਹਿਆਂ ਵਾਲੇ ਬਾਗ ਦੇ ਕਤਲੇਆਮ ਅਤੇ ਹੋਰ ਕਾਲੀਆਂ ਘਟਨਾਵਾਂ ਦੇ ਹੁੰਦੇ ਹੀ ਕਾਂਗਰਸ ਜਿਸ ਦਾ ਸੈਸ਼ਨ ਦਸੰਬਰ, 1919 ਵਿਚ ਅੰਮ੍ਰਿਤਸਰ ਵਿਚ ਹੋਇਆ, ਇਸ ਗੱਲ ਲਈ ਰਾਜ਼ੀ ਸੀ ਕਿ ਮਾਨਟੇਗੂ-ਚੇਮਸ਼ਫੋਰਡ ਸੁਧਾਰਾਂ ਨੂੰ ਇਕ ਉਚਿਤ ਅਵਸਰ ਮਿਲਣਾ ਚਾਹੀਦਾ ਹੈ ਭਾਵੇਂ ਉਹ 'ਨਾਕਾਫੀ' ਅਸੰਤੋਸ਼ਜਨਕ ਅਤੇ ਨਿਰਾਸ਼ਾਜਨਕ ਸਨ। ਗਾਂਧੀ ਦੇ ਕਹਿਣ ਤੇ ਕਾਂਗਰਸ ਨੇ ਮਾਨਟੇਗੂ ਲਈ ਧੰਨਵਾਦ ਦਾ ਪ੍ਰਸਤਾਵ ਵੀ ਪਾਸ ਕਰ ਦਿੱਤਾ। ਇਸ ਤੋਂ ਸਪਸ਼ਟ ਹੈ ਕਿ ਗਾਂਧੀ ਅਤੇ ਉਸ ਦੇ ਕਾਂਗਰਸੀ ਸਾਥੀ ਬਰਤਾਨੀਆਂ ਨਾਲ ਇਸ ਵਿਅਰਥ ਆਸ ਨਾਲ ਸਹਿਯੋਗ ਕਰਨ ਲਈ ਰਾਜ਼ੀ ਸਨ ਕਿ ਪੰਜਾਬ ਵਿਚ ਹੋਏ ਜ਼ੁਲਮ ਦਾ ਨਿਵਾਰਣ ਕੀਤਾ ਜਾਵੇਗਾ ਅਤੇ ਖਿਲਾਫਤ ਪ੍ਰਸ਼ਨ ਨੂੰ ਸੰਤੋਸ਼ਜਨਕ ਢੰਗ ਨਾਲ ਹੱਲ ਕਰ ਲਿਆ ਜਾਵੇਗਾ। ਪਰ ਇਸ ਬਰਤਾਨਵੀ ਸਰਕਾਰ ਨੇ ਆਉਣ ਵਾਲਿਆਂ ਮਹੀਨਿਆਂ ਵਿਚ ਜਿਹੜੀ ਪਾਲਿਸੀ ਵਰਤੀ, ਉਸ ਨਾਲ ਸਾਰੀਆਂ ਉਮੀਦਾਂ ਤੇ ਪਾਣੀ ਪੈ ਗਿਆ। ਇਸ ਦਾ ਨਤੀਜਾ ਇਹ ਹੋਇਆ ਕਿ ਗਾਂਧੀ ਅਤੇ ਉਸ ਦੇ ਸਮਰਥਕ ਅਸਹਿਯੋਗ ਦਾ ਸਹਾਰਾ ਲੈਣ ਲਈ ਮਜ਼ਬੂਰ ਹੋ ਗਏ।

ਬਰਤਾਨੀਆ ਸਰਕਾਰ ਦੇ ਖਿਲਾਫ਼ਤ ਪ੍ਰਸ਼ਨ ਬਾਰੇ ਨਿਰਾਸ਼ਾਪੂਰਣ ਦ੍ਰਿਸ਼ਟੀਕੋਣ ਦੇ ਕਾਰਣ ਗਾਂਧੀ ਨੂੰ 10 ਮਾਰਚ ਦੇ ਦਿਨ ਇਕ ਬਿਆਨ ਦੇਣਾ ਪਿਆ 'ਸਾਡੇ ਕੋਲ ਕੇਵਲ-ਅਸਹਿਯੋਗ' ਹੀ ਇਕ ਦਵਾ ਰਹਿ ਗਈ। 14 ਮਈ, 1920 ਦੀ ਸਰਵਜ ਦੀ ਸੰਧੀ ਦੀਆਂ ਸ਼ਰਤਾਂ ਦਾ ਪ੍ਰਕਾਸ਼ਤ ਹੋਣਾ ਜਿਸ ਵਿਚ ਔਟੋਮਨ ਸਾਮਰਾਜ ਦੇ ਟੋਟੇ ਕਰ ਦਿੱਤੇ ਗਏ ਅਤੇ ਖਿਲਾਫ਼ਤ ਨੂੰ ਸੰਸਾਰਕ ਸੰਸਥਾ ਦੇ ਰੂਪ ਵਿਚ ਨਸ਼ਟ ਕਰਨਾ, ਉਸ ਵਾਅਦੇ ਦੀ ਇਕ ਖੁਲੀ ਖਿਲਾਫ਼ ਵਰਜੀ ਸੀ। ਜਿਹੜਾ ਬਰਤਾਨਵੀ ਪ੍ਰਧਾਨ ਮੰਤਰੀ ਨੇ ਦਿੱਤੀ ਸੀ। ਇਸ ਨਾਲ ਮੁਸਲਮਾਨ ਗੁੱਸੇ ਨਾਲ ਭਰ ਗਏ। ਗਾਂਧੀ ਨੇ ਖਿਲਾਫ਼ਤ ਦੇ ਪੱਖ ਵਿਚ ਅਹਿੰਸਕ ਅਸਹਿਯੋਗ ਅੰਦੋਲਨ ਆਰੰਭ ਕਰਨ ਦਾ ਫੈਸਲਾ ਕਰ ਲਿਆ।

**1.3 ਹੰਟਰ ਕਮਿਸ਼ਨ ਤੇ ਇਸ ਦੀ ਰਿਪੋਰਟ :** ਹੰਟਰ ਕਮਿਸ਼ਨ ਦੀ ਰਿਪੋਰਟ ਜਿਹੜੀ ਮਈ 28 ਨੂੰ ਪ੍ਰਕਾਸ਼ਿਤ ਹੋਈ ਨਿਰਾਸ਼ਾਜਨਕ ਸਿੱਧ ਹੋਈ ਕਿਉਂਕਿ ਉਸ ਨੇ ਵੀ ਡਾਇਰ ਦੇ ਜੁਰਮ ਨੂੰ ਨਿਰਣੇ ਦੀ ਤਰੁੱਟੀ ਕਹਿਕੇ ਉਸ ਦੇ ਜੁਰਮ ਨੂੰ ਘਟਾਉਣ ਦਾ ਜਤਨ ਕੀਤਾ ਅਤੇ ਇਹ ਕਹਿ ਦਿੱਤਾ ਕਿ ਉਸ ਦਾ ਨਿਰਣਾ ਡਿਉਟੀ ਦੀ ਈਮਾਨਦਾਰੀ ਪਰ ਗਲਤ ਕਲਪਨਾ ਤੇ ਨਿਰਭਰ ਸੀ। ਰਿਪੋਰਟ ਅਤੇ ਪੰਜਾਬ ਵਿਚ ਕੀਤੇ ਗਏ ਜੁਰਮਾਂ ਤੇ ਜਾਣ ਬੁਝ ਕੇ ਵਿਖਾਈ ਗਈ ਨਰਮੀ ਤੋਂ ਨਿਆ ਦੀ ਬਰਤਾਨਵੀ ਸਮਝ ਤੋਂ ਗਾਂਧੀ ਜੀ ਦਾ ਵਿਸ਼ਵਾਸ ਹਟ ਗਿਆ। ਜੁਲਾਈ 28 ਨੂੰ ਉਸ ਨੇ ਐਲਾਨ ਕਰ ਦਿੱਤਾ ਕਿ ਪੰਜਾਬ ਅਤੇ ਖਿਲਾਫ਼ਤ ਸੰਬੰਧੀ ਅਨਿਆਂ ਦੇ ਨਿਵਾਰਣ ਲਈ ਇਕ ਅਗਸਤ 1920 ਦੇ ਦਿਨ ਇਕ ਅਸਹਿਯੋਗ ਅੰਦੋਲਨ ਆਰੰਭ ਕੀਤਾ ਜਾਵੇਗਾ। 1 ਅਗਸਤ ਦੇ ਦਿਨ ਅਸਹਿਯੋਗ ਦੇ ਆਰੰਭ ਹੋਣ ਦੇ ਬਾਅਦ ਗਾਂਧੀ ਅਤੇ ਅਲੀ ਭਰਾਵਾਂ ਨੇ ਸਾਰੇ ਦੇਸ਼ ਦਾ ਦੌਰਾ ਕੀਤਾ ਅਤੇ ਲੋਕਾਂ ਨੂੰ ਅੰਦੋਲਨ ਦਾ ਅਰਥ ਦਸਿਆ ਅਤੇ ਜਨ ਵਿਚਾਰਾਂ ਨੂੰ ਅਸਹਿਯੋਗ ਦੇ ਪੱਖ ਵਿਚ ਕਰਨ ਦਾ ਯਤਨ ਕੀਤਾ।

## 2. ਕਾਂਗਰਸ ਵਲੋਂ ਅਸਹਿਯੋਗ ਲਈ ਪ੍ਰਵਾਨਗੀ

9 ਸਤੰਬਰ 1920 ਵਿਚ ਕਾਂਗਰਸ ਦਾ ਇਕ ਸੈਸ਼ਨ ਕਲਕੱਤੇ ਵਿਚ ਕੀਤਾ ਗਿਆ। ਇਸ ਦੇ ਪ੍ਰਧਾਨ ਲਾਲਾ ਲਾਜਪਤ ਰਾਇ ਸਨ। ਇਸ ਸ਼ੈਸ਼ਨ ਵਿਚ ਮਹਾਤਮਾ ਗਾਂਧੀ ਨੇ ਅਸਹਿਯੋਗ ਦਾ ਮਹੱਤਵਪੂਰਨ ਮਤਾ ਪੇਸ਼ ਕੀਤਾ। ਉਸ ਨੇ ਕਾਂਗਰਸ ਨੂੰ ਜ਼ੋਰ ਨਾਲ ਕਿਹਾ ਕਿ 'ਉਹ ਉਸ ਮਤੇ ਨੂੰ ਪਾਸ ਕਰਨ ਅਤੇ ਜਦੋਂ ਤੱਕ ਅਨਿਆਂ ਦਾ ਨਿਵਾਰਣ ਨਾ ਹੋ ਜਾਵੇ ਅਤੇ ਸਵਰਾਜ ਸਥਾਪਿਤ ਨਾ ਹੋ ਜਾਵੇ ਤਦੋਂ ਤਕ ਅਸਹਿਯੋਗ ਅਤੇ ਅਹਿੰਸਾ ਦੀ ਪਾਲਿਸੀ ਤੇ ਚਲਿਆ ਜਾਵੇ।' ਸੀ.ਆਰ.ਦਾਸ., ਬੀ.ਸੀ.ਪਾਲ., ਮਾਲਵੀਆ, ਮਿਸਜ ਏਨੀ ਬੈਸੈਟ, ਇਨ੍ਹਾਂ ਆਦਿ ਦੇ ਹੁੰਦੇ ਵੀ ਮਤਾ 1886 ਪੱਖ ਅਤੇ 1886 ਦੇ ਵਿਰੋਧ ਨਾਲ ਪ੍ਰਵਾਨ ਹੋ ਗਿਆ। ਕਲਕੱਤਾ ਦੇ ਕਾਂਗਰਸੀ ਸੈਸ਼ਨ ਦੇ ਬਾਅਦ ਗਾਂਧੀ ਜੀ ਨੇ ਇਕ ਤੂਫ਼ਾਨੀ ਦੌਰਾ ਕੀਤਾ, ਜਿਸ ਨਾਲ ਉਨ੍ਹਾਂ ਦੇ ਅਸਹਿਯੋਗ ਅੰਦੋਲਨ ਨੂੰ ਜਨਤਾ ਵਿਚ ਲੋਕਪ੍ਰਿਯ ਬਨਾਉਣ ਦਾ ਯਤਨ ਕੀਤਾ। ਉਸ ਨੇ ਲੋਕਾਂ ਨੂੰ ਸੰਘਰਸ਼ ਦੀ ਇਸ ਨਵੀਂ ਤਕਨੀਕ ਬਾਰੇ ਸਿਖਿਆ ਦਿਤੀ ਅਤੇ ਸਾਰੇ ਹਿੰਦੂ ਅਤੇ ਮੁਸਲਮਾਨਾਂ ਨੂੰ ਬਰਤਾਨਵੀਆਂ ਦੇ ਵਿਰੁੱਧ ਇਕ ਸੰਯੁਕਤ ਫਰੰਟ ਪੇਸ਼ ਕਰਨ ਦੀ ਅਪੀਲ ਕੀਤੀ।

## 3. ਨਾਗਪੁਰ ਕਾਂਗਰਸ : ਅਸਹਿਯੋਗ ਦੀ ਪੁਸ਼ਟੀ

ਨਾਗਪੁਰ ਵਿਚ ਦਸੰਬਰ 1920 ਦੇ ਦਿਨ ਵਿਜੇ ਰਾਘਵਚਾਰੀਆ ਦੀ ਪ੍ਰਧਾਨਗੀ ਵਿਚ ਕਾਂਗਰਸ ਦਾ ਇਕ ਸੈਸ਼ਨ ਹੋਇਆ। ਉਥੇ ਲੋਕਾਂ ਵਿਚ ਅਪੂਰਬ ਜੋਸ਼ ਸੀ ਅਤੇ 100 ਲੋਕਾਂ ਨੇ ਇਸ ਸੈਸ਼ਨ ਵਿਚ ਹਿੱਸਾ ਲਿਆ। ਅਸਹਿਯੋਗ ਦੇ ਮਤੇ ਦੀ ਪੁਸ਼ਟੀ ਕਰ ਦਿਤੀ ਗਈ। ਸੀ.ਆਰ.ਦਾਸ ਅਤੇ ਲਾਜਪਤ ਰਾਇ ਅਤੇ ਹੋਰਾਂ ਜਿਹਨਾਂ ਨੇ ਕਲਕੱਤਾ ਵਿਚ ਇਸ ਦਾ ਵਿਰੋਧ ਕੀਤਾ ਸੀ, ਹੁਣ ਇਸ ਨੂੰ ਮੰਨਜ਼ੂਰ ਕਰ ਲਿਆ। ਨਾਗਪੁਰ ਵਿਚ ਗਾਂਧੀ ਜੀ ਨੇ ਨਵੇਂ ਸੰਵਿਧਾਨ ਦੀ ਮੰਨਜ਼ੂਰੀ ਪ੍ਰਾਪਤ ਕਰ ਲਈ। ਇਸ ਨਾਲ ਕਾਂਗਰਸ ਦੀ ਵਿਸ਼ੇਸ਼ਤਾ ਅਤੇ ਸੰਗਠਨਾਂ ਵਿਚ ਮਹੱਤਵਪੂਰਣ ਪਰਿਵਰਤਨ ਹੋਏ। ਕਾਂਗਰਸ ਦਾ ਟੀਚਾ ਹੁਣ ਸਵਰਾਜ ਸੀ, ਜਿਹੜਾ ਜੇਕਰ ਸੰਭਵ ਹੋਵੇ ਤਾਂ ਬਰਤਾਨਵੀ ਸਾਮਰਾਜ ਵਿਚ ਅਤੇ ਜ਼ਰੂਰੀ ਸਮਝਿਆ ਜਾਵੇ ਤਾਂ ਇਸ ਦੇ ਬਾਹਰ ਪ੍ਰਾਪਤ ਕੀਤਾ ਜਾਵੇ। ਸਵਰਾਜ ਪ੍ਰਾਪਤ ਕਰਨ ਦੇ ਤਰੀਕਿਆਂ ਵਿਚ 'ਸੰਵਿਧਾਨ' ਨੂੰ ਬਦਲ ਕੇ ਉਸ ਸਾਰੇ ਸ਼ਾਂਤੀਪੂਰਣ ਅਤੇ ਜਾਇਜ਼ ਤਰੀਕੇ ਨਾਲ ਕਰ ਦਿਤਾ ਗਿਆ। ਇਸ ਦ੍ਰਿਸ਼ਟੀ ਤੋਂ ਨਾਗਪੁਰ ਸੈਸ਼ਨ ਬਹੁਤ ਮਹੱਤਵਪੂਰਨ ਸੀ। ਇਸ ਨੇ ਕੇਵਲ ਗਾਂਧੀ ਦੇ ਅਸਹਿਯੋਗ ਪ੍ਰੋਗਰਾਮ ਨੂੰ ਹੀ ਨਹੀਂ ਸਗੋਂ ਨਵੇਂ ਸੰਵਿਧਾਨ ਦੀ ਵੀ ਪ੍ਰਵਾਨਗੀ ਦੇ ਦਿੱਤੀ। ਇਸ ਪ੍ਰਕਾਰ ਉਹ ਰਾਜਨੀਤਕ ਆਜ਼ਾਦੀ ਦੀ ਨਵੀਂ ਹਲਚਲ ਦੇ ਮੰਨੇ ਹੋਏ ਲੀਡਰ ਬਣ ਗਏ।

## 4. ਅਸਹਿਯੋਗ ਅੰਦੋਲਨਾਂ ਦਾ ਪ੍ਰੋਗਰਾਮ

ਪਹਿਲੀ ਗੱਲ ਜਿਸ ਤੇ ਗਾਂਧੀ ਨੇ ਨਾਗਪੁਰ ਕਾਂਗਰਸ ਦੇ ਮਤੇ ਤੇ ਜ਼ੋਰ ਦਿੱਤਾ ਉਹ ਇਹ ਸੀ ਕਿ ਅਸਹਿਯੋਗ ਤਹਿਰੀਕ ਦਾ ਅਨਿੱਖੜਵਾਂ ਅੰਗ ਅਹਿੰਸਾ ਸੀ। ਪ੍ਰੋਗਰਾਮ ਦੇ ਦੋ ਪੱਖ ਸਨ : (a) ਨਖੇਧੀਵਾਲਾ ਪੱਖ Negative (b) ਰਚਨਾਤਮਕ Positive ਰਿਣਾਤਮਕ ਜਾਂ ਨਸ਼ਟਕਾਰੀ ਹਿੱਸਾ, ਜਿਸ ਪ੍ਰਕਾਰ ਸਤੰਬਰ 1920 ਦੇ ਦਿਨ ਕਲਕੱਤੇ ਦੇ ਵਿਸ਼ੇਸ਼ ਸੈਸ਼ਨ ਵਿਚ ਪਾਸ ਕੀਤਾ ਗਿਆ ਉਹ ਹੇਠ ਲਿਖਿਆ ਸੀ :

### 4.1 ਨਿਖੇਧ ਆਤਮਕ ਪੱਖ (Negative Aspects)

(a) ਖਿਤਾਬਾਂ ਅਤੇ ਅਵੈਤਨਿਕ ਅਫਸਰੀ ਨੂੰ ਛੱਡਣ ਅਤੇ ਸਥਾਨਿਕ ਸੰਸਥਾਵਾਂ ਦੀ ਨਾਮਜ਼ਦ ਸੀਟਾਂ ਤੋਂ ਅਸਤੀਫਾ।

(b) ਸਰਕਾਰੀ ਉਗਰਾਹੀ, ਦਰਬਾਰ, ਸਰਕਾਰੀ ਜਾਂ ਅਰਧ ਸਰਕਾਰੀ ਸਮਾਰੋਹ (ਜਿਹੜਾ ਸਰਕਾਰ ਕਰੇ ਜਾਂ ਕਿਸੇ ਦੇ ਸਨਮਾਨ ਵਿਚ ਕਰੇ) ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰਨਾ।

(c) ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਜਾਂ ਸਰਕਾਰ ਰਾਹੀਂ ਕੰਟਰੋਲ ਕੀਤੇ ਸਕੂਲਾਂ ਅਤੇ ਕਾਲਜਾਂ ਤੋਂ ਆਪਣੇ ਬਚਿਆਂ ਨੂੰ ਕਢਣਾ ਅਤੇ ਵੱਖ-ਵੱਖ ਪ੍ਰਾਂਤਾਂ ਵਿਚ ਰਾਸ਼ਟਰੀ ਸਕੂਲ ਅਤੇ ਕਾਲਜਾਂ ਦੀ ਸਥਾਪਨਾ ਕਰਨਾ।

(d) ਵਕੀਲਾਂ ਅਤੇ ਮੁਕੱਦਮੇਬਾਜ਼ਾਂ ਦੀ ਬਰਤਾਨਵੀ ਕੋਰਟਾਂ ਤੋਂ ਹੌਲੇ ਹੌਲੇ ਬਾਈਕਾਟ ਅਤੇ ਵਕੀਲਾਂ ਦੀ ਸਹਾਇਤਾ ਨਾਲ ਝਗੜਿਆਂ ਦਾ ਫੈਸਲਾ ਕਰਨ ਲਈ ਪ੍ਰਾਈਵੇਟ ਸਾਲਸੀ ਦੀ ਸਥਾਪਨਾ ਕਰਨਾ।

(e) ਮੈਸੋਪਟੇਮਿਆਂ ਵਿਚ ਭਰਤੀ ਹੋਣ ਲਈ, ਫੌਜੀ ਕਲਰਕ ਅਤੇ ਮਜ਼ਦੂਰ ਵਰਗਾਂ ਰਾਹੀਂ ਇਨਕਾਰੀ।

(f) ਸੁਧਾਰ ਕੀਤੀਆਂ ਗਈਆਂ ਕੇਂਦਰੀ ਵਿਧਾਨ ਸਭਾਵਾਂ ਅਤੇ ਪ੍ਰਾਂਤੀ ਵਿਧਾਨ ਕੌਂਸਿਲਾਂ ਲਈ ਕੀਤੇ ਗਏ ਚੋਣ ਦਾ ਬਾਈਕਾਟ ਕਰਨਾ ਅਤੇ ਵੋਟਰਾਂ ਵੱਲੋਂ ਵੋਟਾਂ ਨਾ ਦੇਣੀਆਂ।

(g) ਬਰਤਾਨਵੀ ਸਮਾਨ ਦਾ ਬਾਈਕਾਟ।

### 4.2 ਰਚਨਾਤਮਕ ਪੱਖ (Positive Aspects)

ਪ੍ਰੋਗਰਾਮ ਦੇ ਰਚਨਾਤਮਕ ਪੱਖ ਵਿਚ ਸੁਦੇਸ਼ੀ, ਖਾਸ ਤੌਰ ਤੇ ਖੱਦਰ ਜਾਂ ਘਰ ਵਿਚ ਬੁਣਿਆ ਜਾਂ ਕੱਤੇ ਹੋਏ ਕਪੜੇ ਦੀ ਵਰਤੋਂ, ਵਿੱਦਿਅਕ ਸੰਸਥਾਵਾਂ ਖੋਲਣੀਆਂ ਹਿੰਦੂਆਂ ਵਿਚ ਛੂਤ ਛਾਤ ਦਾ ਨਿਵਾਰਣ, ਹਿੰਦੂ ਮੁਸਲਿਮ ਏਕਤਾ, ਦਾਰੂ ਦੀ ਵਰਤੋਂ ਤੇ ਰੋਕ ਲਗਾਉਣੀ, ਪੰਚਾਇਤ ਅਤੇ ਸਾਲਸੀ ਕੋਰਟਾਂ ਤੋਂ ਫੈਸਲਾ ਕਰਾਉਣਾ ਸ਼ਾਮਲ ਸਨ। ਇਕ ਕਰੋੜ ਰੁਪਏ ਦਾ ਇਕ ਰਾਸ਼ਟਰੀ ਤਿਲਕ ਯਾਦਗਾਰੀ ਸਵਰਾਜ ਫੰਡ ਤਿਆਰ ਕੀਤਾ ਗਿਆ, ਜਿਸ ਰਾਹੀਂ ਅਸਹਿਯੋਗ ਕਾਰਵਾਈ ਚਾਲੂ ਕੀਤੀ ਜਾਵੇ।

## 5. ਅੰਦੋਲਨ ਦੀ ਪ੍ਰਗਤੀ

ਇਸ ਉਘੀ ਤਹਿਰੀਕ ਨੂੰ ਆਸ ਤੋਂ ਅਧਿਕ ਜੋਸ਼ ਨਾਲ ਲਿਆ। ਸਾਰਾ ਦੇਸ਼ ਵਾਸਤਵ ਵਿਚ ਡੂੰਘਾਈ ਤੱਕ ਹਿਲ ਗਿਆ। ਤਿਆਗ ਅਤੇ ਈਮਾਨਦਾਰੀ ਦੇ ਅਪੂਰਬ ਦ੍ਰਿਸ਼ ਹਰ ਥਾਂ ਵਿਖਾਈ ਦਿੱਤੇ। 1921 ਦੇ ਦੌਰਾਨ ਇਸ ਲਹਿਰ ਦਾ ਜੋਸ਼ ਅਤੇ ਚਾਲ ਵਧਦੀ ਗਈ। ਮੁੱਖ ਵਕੀਲ ਜਿਵੇਂ ਮੋਤੀ ਲਾਲ ਨਹਿਰੂ, ਸੀ.ਆਰ.ਦਾਸ, ਰਾਜਿੰਦਰ ਪ੍ਰਸ਼ਾਦ, ਐਮ.ਐਮ. ਜੇਕਬ, ਵਿਠੱਲ ਭਾਈ ਪਟੇਲ, ਰਾਜਗੁਪਾਲਚਾਰੀਆ ਅਤੇ ਹੋਰਨਾਂ ਨੇ ਆਮਦਨੀ ਵਾਲੀ ਪ੍ਰੈਕਟਿਸ ਛੱਡ ਦਿੱਤੀ ਅਤੇ ਇਸ ਅੰਦੋਲਨ ਵਿਚ ਉਨ੍ਹਾਂ ਨੇ ਛਾਲ ਲਗਾ ਦਿੱਤੀ। ਸੁਭਾਸ਼ ਚੰਦਰ ਨੇ ਆਈ.ਸੀ.ਐਸ. ਤੋਂ ਅਸਤੀਫਾ ਦੇ ਦਿੱਤਾ। ਕੁਝ ਪ੍ਰਸਿੱਧ ਮੁਸਲਮਾਨ ਜਿਵੇਂ ਮੌਲਾਨਾ ਆਜ਼ਾਦ, ਡਾਕਟਰ ਅੰਸਾਰੀ ਅਤੇ ਅਲੀ ਭਰਾਵਾਂ (ਮੌਲਾਨਾ ਮੁੰਹਮਦ ਅਲੀ, ਸ਼ੌਕਤ ਅਲੀ) ਇਸ ਸੰਘਰਸ਼ ਵਿਚ ਸ਼ਾਮਲ ਹੋ ਗਏ। ਸੇਠ ਜਮਨਾ ਲਾਲ ਬਜਾਜ ਨੇ ਆਪਣਾ ਖਿਤਾਬ ਛੱਡ ਦਿੱਤਾ ਅਤੇ ਉਨ੍ਹਾਂ ਵਕੀਲਾਂ ਲਈ ਇਕ ਲੱਖ ਦਾ ਚੰਦਾ ਦਿੱਤਾ ਜਿਨ੍ਹਾਂ ਨੇ ਅਸਹਿਯੋਗ ਕੀਤਾ ਸੀ। ਸੈਂਕੜਿਆਂ ਹੋਰ ਲੋਕਾਂ ਨੇ ਆਪਣੇ ਖਿਤਾਬ ਅਤੇ ਸਨਮਾਨ ਸੂਚਕ ਕੰਮਾਂ ਨੂੰ ਛੱਡ ਦਿੱਤਾ।

ਸਕੂਲਾਂ ਅਤੇ ਕਾਲਜਾਂ ਦਾ ਬਾਈਕਾਟ ਬਹੁਤ ਸਫਲ ਰਿਹਾ। ਸਰਕਾਰੀ ਕਾਲਜਾਂ ਦੇ ਹਜ਼ਾਰਾਂ ਵਿਦਿਆਰਥੀਆਂ ਨੇ ਕਾਲਜ ਛੱਡ ਦਿੱਤਾ। ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਰਾਸ਼ਟਰੀ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਆਰੰਭ ਕਰ ਦਿੱਤੀਆਂ ਗਈਆਂ। ਕੁਝ ਉਘੇ ਉਦਾਹਰਣਾਂ ਵਿਚ ਕਲਕੱਤੇ ਅਤੇ ਪਟਨਾ ਦੇ ਨੈਸ਼ਨਲ ਕਾਲਜ, ਗੁਜਰਾਤ ਵਿਦਿਆਪੀਠ, ਤਿਲਕ ਮਰਾਠਾ ਵਿਦਿਆਪੀਠ ਅਤੇ ਬੰਗਾਲ ਨੈਸ਼ਨਲ ਯੂਨੀਵਰਸਿਟੀ ਲਿਖੇ ਜਾ ਸਕਦੇ ਹਨ। ਅਲੀਗੜ੍ਹ ਯੂਨੀਵਰਸਿਟੀ ਦੇ ਕੁਝ ਵਿਦਿਆਰਥੀਆਂ ਨੇ ਆਪਣੀ ਯੂਨੀਵਰਸਿਟੀ ਛੱਡ ਕੇ ਜਾਮੀਆ ਮਿਲੀਆ ਇਸਲਾਮੀਆਂ ਕਾਇਮ ਕੀਤੀ, ਜਿਸ ਨੂੰ ਬਾਅਦ ਵਿਚ ਦਿੱਲੀ ਵਿਚ ਲਿਜਾਇਆ ਗਿਆ।

ਵਿਦੇਸ਼ੀ ਕਪੜਿਆਂ ਦਾ ਬਾਈਕਾਟ ਬਹੁਤ ਸਫਲ ਰਿਹਾ। ਹਰ ਸ਼ਹਿਰ ਅਤੇ ਕਸਬੇ ਵਿਚ ਵਿਦੇਸ਼ੀ ਕਪੜਿਆਂ ਦੀ ਹੋਲੀ ਜਲਾਈ ਗਈ। ਰਾਸ਼ਟਰੀ ਬਸਤਰ ਖਾਦੀ ਹੋ ਗਿਆ ਅਤੇ ਘਰ-ਘਰ ਵਿਚ ਕੱਤਣ ਨੂੰ ਵਧਾਵਾ ਦਿੱਤਾ ਗਿਆ। ਇਸ ਕੰਮ ਨੂੰ ਬੰਬਈ, ਮਦਰਾਸ ਅਤੇ ਯੂ.ਪੀ. ਵਿਚ ਬਹੁਤ ਸਫਲਤਾ ਪ੍ਰਾਪਤ ਹੋਈ। ਸ਼ਰਾਬ ਦਾ ਬਾਈਕਾਟ ਵੀ ਕਾਫੀ ਸਫਲ ਸੀ, ਜਿਸ ਨਾਲ ਸਰਕਾਰ ਦਾ ਆਬਕਾਰੀ ਟੈਕਸ ਘੱਟ ਹੋ ਗਿਆ। ਚੋਣ ਦੇ ਬਾਈਕਾਟ ਦੇ ਬਾਰੇ ਕੇਵਲ ਨਰਮਖਿਆਲੀਆਂ ਅਤੇ ਉਦਾਰਵਾਦੀਆਂ ਨੇ ਹੀ ਵਿਧਾਨ ਕੌਂਸਿਲਾਂ ਦੀ ਚੋਣ ਵਿਚ ਭਾਗ ਲਿਆ ਪਰ ਸਾਰੇ ਕਾਂਗਰਸੀ ਉਮੀਦਵਾਰਾਂ ਨੇ ਆਪਣਾ ਨਾਂ ਵਾਪਸ ਲੈ ਲਿਆ ਅਤੇ ਕੁਝ ਸਥਾਨਾਂ ਵਿਚ ਬਹੁਗਿਣਤੀ ਦੇ ਵੋਟਰਾਂ ਨੇ ਵੋਟ ਨਹੀਂ ਦਿੱਤਾ। ਇਸ ਨੇ ਇਹ ਗੱਲ ਦੁਨੀਆਂ ਦੇ ਸਾਹਮਣੇ ਸਪਸ਼ਟ ਕਰ ਦਿੱਤੀ ਕਿ ਜਿਹੜੇ ਵਿਧਾਨ ਕੌਂਸਿਲਾਂ ਵਿਚ ਐਕਟ ਦੇ ਅਧੀਨ ਚੁਣੇ ਗਏ ਹਨ ਉਹ ਭਾਰਤ ਦੇ ਲੋਕਾਂ ਦੇ ਪ੍ਰਤੀਨਿਧੀ ਨਹੀਂ ਸਨ।

**6. ਹਿੰਦੂ ਮੁਸਲਮਾਨ ਏਕਤਾ :** ਅੰਦੋਲਨ ਦੇ ਆਰੰਭਿਕ ਦਿਨਾਂ ਵਿਚ ਮਹਾਤਮਾ ਗਾਂਧੀ ਅਤੇ ਅਲੀ ਭਰਾਵਾਂ ਨੇ ਹਿੰਦੂ ਅਤੇ ਮੁਸਲਮਾਨਾਂ ਵਿਚ ਉਦੇਸ਼ ਅਤੇ ਕਾਰਵਾਈ ਵਿਚ ਅਜਿਹੀ ਏਕਤਾ ਪੈਦਾ ਕਰਨ ਵਿਚ ਅਜਿਹੀ ਸਫਲਤਾ ਪ੍ਰਾਪਤ ਕੀਤੀ ਜਿਹੜੀ ਪਹਿਲਾਂ ਨਹੀਂ ਵੇਖੀ ਗਈ ਸੀ। ਇਸ ਆਮ ਉਦੇਸ਼ ਲਈ ਹਿੰਦੂ-ਮੁਸਲਮਾਨਾਂ ਵਿਚ ਅਜਿਹਾ ਅਪੂਰਬ ਸਹਿਯੋਗ ਤਹਿਰੀਕ ਦਾ ਮਹੱਤਵਪੂਰਵ ਪੱਖ ਸੀ, ਇਸ ਨੇ ਬਰਤਾਨਵੀਂ ਅਧਿਕਾਰੀਆਂ ਨੂੰ ਚਿੰਤਾ ਵਿਚ ਪਾ ਦਿੱਤਾ।

**7. ਡਿਊਕ ਆਫ ਕਨਾਟ ਦੇ ਆਉਣ ਦਾ ਬਾਈਕਾਟ :** ਫਰਵਰੀ 1921 ਵਿਚ ਡਿਊਕ ਆਫ ਕਨਾਟ (ਬਾਦਸ਼ਾਹ ਜਾਰਜ V ਦਾ ਚਾਚਾ) ਸੁਧਾਰੀਆਂ ਕੌਂਸਿਲਾਂ ਦਾ ਉਦਘਾਟਨ ਕਰਨ ਲਈ ਭਾਰਤੀ ਭਾਵਨਾਵਾਂ ਨੂੰ ਸਹਿਲਾਉਣ ਲਈ ਭਾਰਤ ਆਇਆ ਤਾਂ ਉਸ ਦਾ ਜਿਥੇ ਵੀ ਗਿਆ ਹੜਤਾਲਾਂ ਨਾਲ ਸੁਆਗਤ ਕੀਤਾ ਗਿਆ। ਕਾਂਗਰਸ ਤਹਿਰੀਕ ਦੀ ਇਹ ਇਕ ਹੋਰ ਸਫਲਤਾ ਸੀ।

**8. ਸਰਕਾਰ ਦੀ ਦਮਨ ਦੀ ਪਾਲਿਸੀ :** ਅਸਹਿਯੋਗ ਅੰਦੋਲਨ ਦੇ ਕਾਰਣ ਦੇਸ਼ ਵਿਚ ਬਹੁਤ ਹਿਲਜੁਲ ਅਤੇ ਗੜਬੜ ਹੋਈ, ਜਿਸ ਨਾਲ ਬਰਤਾਨਵੀ ਸਰਕਾਰ ਦੇ ਅਫਸਰਾਂ ਨੂੰ ਬੜੀ ਚਿੰਤਾ ਹੋਈ। ਲਾਰਡ ਰੀਡਿੰਗ ਦੀ ਸਰਕਾਰ ਨੇ ਇਸ ਅੰਦੋਲਨ ਨੂੰ ਕੁਚਲਣ ਲਈ ਇਕ ਕਰੜੀ ਦਮਨ ਦੀ ਪਾਲਿਸੀ ਅਪਨਾਈ। ਕਾਂਗਰਸ ਅਤੇ ਖਿਲਾਫਤ ਅੰਦੋਲਨ ਗੈਰ ਕਾਨੂੰਨੀ ਐਲਾਨ ਕਰ ਦਿੱਤੇ ਗਏ। ਅੰਦੋਲਨ ਦੇ ਮਹੱਤਵਪੂਰਣ ਕੇਂਦਰਾਂ ਤੇ ਪਬਲਿਕ ਮੀਟਿੰਗ ਅਤੇ ਜਲੂਸਾਂ ਨੂੰ ਰੋਕ ਦਿੱਤਾ ਗਿਆ ਅਤੇ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ। ਜਿਹੜੇ ਲੋਕ ਗ੍ਰਿਫਤਾਰ ਕੀਤੇ ਗਏ ਸਨ ਉਨ੍ਹਾਂ ਦੀ ਥਾਂ ਲੈਣ ਲਈ ਹਜ਼ਾਰਾਂ ਵਲੰਟੀਅਰ ਅੱਗੇ ਆ ਗਏ। ਪੁਲਿਸ ਨੇ ਵਲੰਟੀਅਰਾਂ ਤੇ ਬਿਨਾਂ ਵੇਖੇ ਹਮਲਾ ਕਰ ਦਿੱਤਾ। ਉਨ੍ਹਾਂ ਵਿਚ ਸੈਂਕੜੇ ਫੱਟੜ ਹੋਏ ਅਤੇ ਗੋਲਾਬਾਰੀ ਵਿਚ ਬਹੁਤ ਮਰੇ। ਯੂ.ਪੀ. ਵਿਚ ਦਮਨ ਬਹੁਤ ਤੀਬਰ ਸੀ। ਲੋਕ ਜੇਲਾਂ ਵਿਚ ਗਏ, ਸੱਟਾ ਖਾਧੀਆਂ ਅਤੇ ਅੰਦੋਲਨ ਉਸੇ ਤਰ੍ਹਾਂ ਚਲਦਾ ਗਿਆ।

**9. ਪ੍ਰਿੰਸ ਆਫ ਵੇਲਜ਼ ਦਾ ਬਾਈਕਾਟ :** ਕਾਂਗਰਸ ਵਰਕਿੰਗ ਕਮੇਟੀ ਨੇ ਨਵੰਬਰ 1921 ਵਿਚ ਪ੍ਰਿੰਸ ਆਫ ਵੇਲਜ਼ ਦੇ ਆਉਣ ਦਾ ਬਾਈਕਾਟ ਕਰਨ ਦਾ ਫੈਸਲਾ ਕੀਤਾ। ਜਦੋਂ ਉਹ ਬੰਬਈ ਵਿਚ ਨਵੰਬਰ 17 ਨੂੰ ਉਤਰਿਆ ਤਾਂ ਸਾਰੇ ਸ਼ਹਿਰ ਵਿਚ ਹੜਤਾਲ ਹੋਈ ਅਤੇ ਇਕ ਮੀਟਿੰਗ ਕੀਤੀ ਗਈ, ਪਰ ਬਦਕਿਸਮਤੀ ਨਾਲ ਭੀੜ ਕਾਬੂ ਦੇ ਬਾਹਰ ਹੋ ਗਈ, ਜਿਸ ਦਾ ਨਤੀਜਾ ਇਹ ਹੋਇਆ ਕਿ ਬਲਵਾ, ਟਾਕਰੇ ਅਤੇ ਖੂਨ ਖਰਾਬਾ ਹੋਇਆ। ਜਿਥੇ ਵੀ ਪ੍ਰਿੰਸ ਗਿਆ ਉਥੇ ਕਾਲੇ ਝੰਡੇ ਨਾਲ ਪ੍ਰਦਰਸ਼ਨ ਕੀਤੇ ਗਏ ਅਤੇ ਹੜਤਾਲਾਂ ਕੀਤੀਆਂ। ਕਲਕੱਤੇ ਵਿਚ ਹੜਤਾਲ ਵਿਚ ਖਿਲਾਫਤੀਆਂ ਅਤੇ ਪੁਲਿਸ ਨਾਲ ਟਾਕਰਾ ਹੋ ਗਿਆ।

## 10. ਚੌਰਾ-ਚੌਰੀ ਦੀ ਘਟਨਾ (5 ਜਨਵਰੀ 1922) ਅਤੇ ਅੰਦੋਲਨ ਦੀ ਮੁਅੱਤਲੀ

ਸਾਰੇ ਦੇਸ਼ ਦਾ ਧਿਆਨ ਹੁਣ ਬਾਰਡੋਲੀ ਤੇ ਕੇਂਦਰਿਤ ਹੋ ਗਿਆ ਜਿਥੇ ਗਾਂਧੀ ਜੀ ਆਪਣੇ ਆਪ ਤਹਿਰੀਕ ਦੀ ਅਗਵਾਈ ਕਰਨ ਲਈ ਰਾਜ਼ੀ ਸਨ। 7 ਦਿਨ ਦੇ ਸਮੇਂ ਤੋਂ ਪੂਰਣ ਹੋਣ ਤੋਂ ਪਹਿਲਾਂ ਹੀ ਚੋਰਾ ਚੋਰੀ ਵਿਚ ਭੀੜ ਦਾ ਹਿੰਸਾ ਦਾ ਇਕ ਗੰਭੀਰ ਕੇਸ ਹੋ ਗਿਆ। ਚੌਰਾ-ਚੌਰੀ ਯੂ.ਪੀ. ਗੋਰਖਪੁਰ ਦੇ ਨੇੜੇ ਇਕ ਛੋਟਾ ਕਸਬਾ ਹੈ। ਫਰਵਰੀ 5, 1922 ਦੇ ਦਿਨ ਗੁੱਸੇ ਭਰੀ ਹੋਈ 3000 ਲੋਕਾਂ ਦੇ ਕਰੀਬ ਭੀੜ ਨੇ, ਜਿਸ ਦੀ ਅਗਵਾਈ ਕਾਂਗਰਸੀ ਕਰ ਰਹੇ ਸਨ, ਪੁਲਿਸ ਥਾਣੇ ਨੂੰ ਅੱਗ ਲਗਾ ਦਿੱਤੀ ਅਤੇ 22 ਪੁਲਿਸ ਦੇ ਸਿਪਾਹੀਆਂ ਨੂੰ ਜਿੰਦਾ ਸਾੜ ਦਿੱਤਾ। ਮਹਾਤਮਾ ਗਾਂਧੀ ਲਈ ਇਹ ਧੱਕਾ ਸੀ। ਉਹ ਲੋਕਾਂ ਦੀ ਵਧਦੀ ਹੋਈ ਹਿੰਸਾ ਤੇ ਬਹੁਤ ਭਿਣਾਏ ਹੋਏ ਕਿਉਂਕਿ ਅਜਿਹੇ ਕੇਸਾਂ ਦਾ ਬਰੇਲੀ ਅਤੇ ਮਦਰਾਸ ਤੋਂ ਪਤਾ ਪੈ ਰਿਹਾ ਸੀ। ਮਹਾਤਮਾ ਗਾਂਧੀ ਨੇ ਜਿਹੜੇ ਵਿਚਾਰ ਅਤੇ ਕਰਮ ਨਾਲ ਅਹਿੰਸਾ ਵਿਚ ਵਿਸ਼ਵਾਸ਼ ਕਰਦੇ ਸਨ, ਇਹ ਮਹਿਸੂਸ ਕੀਤਾ ਗਿਆ ਕਿ ਲੋਕਾਂ ਨੇ ਇਸ ਅੰਦੋਲਨ ਦੀ ਵਾਸਤਵਿਕ ਭਾਵਨਾ ਨੂੰ ਨਹੀਂ ਸਮਝਿਆ ਜਿਸ ਦੇ ਆਧਾਰ ਤੇ ਇਹ ਅੰਦੋਲਨ ਚਲਾਇਆ ਜਾ ਰਿਹਾ ਸੀ। ਉਸ ਨੇ ਇਸ ਅੰਦੋਲਨ ਨੂੰ ਮੁਅੱਤਲ ਕਰਨ ਦਾ ਵਿਚਾਰ ਬਣਾਇਆ। ਕਾਂਗਰਸ ਵਰਕਿੰਗ ਕਮੇਟੀ ਨੇ ਜਿਸ ਦੀ 11-12 ਫਰਵਰੀ ਨੂੰ ਬਾਰਡੋਲੀ ਵਿਚ ਮੀਟਿੰਗ ਹੋਈ, ਗਾਂਧੀ ਜੀ ਦੇ ਫੈਸਲੇ ਦੀ ਪੁਸ਼ਟੀ ਕਰ ਦਿੱਤੀ ਅਤੇ ਨਿਸਚੈ ਕੀਤਾ ਕਿ ਰਚਨਾਤਮਕ ਪ੍ਰੋਗਰਾਮਾਂ ਤੇ ਸ਼ਕਤੀ ਲਗਾਈ ਜਾਵੇ।

## 11. ਮੁਅੱਤਲੀ ਵੱਲ ਹੋਈ ਪ੍ਰਤਿਕ੍ਰਿਆ

ਇਸ ਅੰਦੋਲਨ ਨੇ ਦੇਸ਼ ਵਿਚ ਲੋਕਾਂ ਦੇ ਜੋਸ਼ ਨੂੰ ਬਹੁਤ ਉਚਾਈ ਤੇ ਪਹੁੰਚਾ ਦਿੱਤਾ ਸੀ। ਗਾਂਧੀ ਜੀ ਰਾਹੀਂ ਇਸ ਅੰਦੋਲਨ ਨੂੰ ਅਚਾਨਕ ਰੋਕਣ ਦੀ ਗੱਲ ਨਾਲ ਕਈ ਰਾਸ਼ਟਰੀ ਨੇਤਾਵਾਂ ਨੂੰ ਬਹੁਤ ਧੱਕਾ ਲੱਗਾ। ਇਸ ਦਾ ਪ੍ਰਸਤਾਵ ਇਹ ਹੋਇਆ ਕਿ ਵੱਡੇ ਅਤੇ ਛੋਟੇ ਕਾਰਜ ਕਰਤਾਵਾਂ ਦੇ ਦਿਲ ਵਿਚ ਗੁੱਸੇ ਅਤੇ ਰੰਜਿਸ਼ ਦੀ ਲਹਿਰ ਦੋੜ ਗਈ। ਸੀ.ਆਰ.ਦਾਸ, ਜਵਾਹਰ ਲਾਲ ਨਹਿਰੂ, ਲਾਜਪਤ ਰਾਇ, ਅਲੀ ਭਰਾਵਾਂ, ਸੁਭਾਸ਼ ਚੰਦਰ ਬੋਸ ਅਤੇ ਹੋਰਾਂ ਨੇ ਮਹਾਤਮਾ ਗਾਂਧੀ ਜੀ ਦੀ ਇਸ ਕਾਰਵਾਈ ਦੀ ਬੜੀ ਤੀਬਰ ਆਲੋਚਨਾ ਕੀਤੀ। ਸੁਭਾਸ਼ ਚੰਦਰ ਬੋਸ ਨੇ ਇਸ ਨੂੰ ਰਾਸ਼ਟਰੀ ਆਫਤ ਕਿਹਾ। ਜਵਾਹਰ ਲਾਲ ਨਹਿਰੂ ਨੇ ਲਿਖਿਆ ਸਾਨੂੰ ਬਹੁਤ ਗੁੱਸਾ ਆਇਆ। ਸਾਡੀਆਂ ਵਧਦੀਆਂ ਹੋਈਆਂ ਆਸ਼ਾਵਾਂ ਮਿੱਟੀ ਵਿਚ ਮਿਲ ਗਈਆਂ। ਐਮ.ਐਨ. ਰਾਇ ਨੇ ਕਿਹਾ ਕਿ ਇਹ ਜਨਤਾ ਦੀ ਨਿਰਬਲਤਾ ਨਹੀਂ ਸਗੋਂ ਲੀਡਰਾਂ ਦੀ ਨਿਰਬਲਤਾ ਹੈ, ਪਰ ਕੁਝ ਅਜਿਹੇ ਵੀ ਸਨ ਜਿਨ੍ਹਾਂ ਨੇ ਗਾਂਧੀ ਜੀ ਦੀ ਪਾਲਿਸੀ ਦਾ ਪੱਖ ਲਿਆ।

ਗਾਂਧੀ ਜੀ ਨੂੰ ਆਪਣੇ ਸਮਰਥਕਾਂ ਨੂੰ ਸਮਝਾਉਣਾ ਬਹੁਤ ਮੁਸ਼ਕਲ ਹੋ ਗਿਆ। ਕੁਝ ਦਿਨਾਂ ਬਾਅਦ ਦਿੱਲੀ ਵਿਚ ਹੋਈ ਕਾਂਗਰਸ ਦੀ ਮੀਟਿੰਗ ਵਿਚ ਖਾਸ ਤੌਰ ਤੇ ਮਹਾਂਰਾਸ਼ਟਰ ਅਤੇ ਬੰਗਾਲ ਦੇ ਪ੍ਰਤੀਨਿਧੀਆਂ ਨੇ ਗਾਂਧੀ ਜੀ ਦੀ ਲੀਡਰੀ ਤੇ ਤੀਬਰ ਹਮਲਾ ਕੀਤਾ। ਗਾਂਧੀ ਜੀ ਨੇ ਸ਼ਾਂਤੀ ਨਾਲ ਸਾਰੀਆਂ ਆਲੋਚਨਾਵਾਂ ਨੂੰ ਸੁਣਿਆ ਅਤੇ ਆਪਣੇ ਰਚਨਾਤਮਕ ਪ੍ਰੋਗਰਾਮ ਦਾ ਪੱਖ ਲਿਆ। ਉਸ ਨੇ ਲਿਖਿਆ ਸਾਰੇ ਧੱਕੜ ਪ੍ਰੋਗਰਾਮਾਂ ਨੂੰ ਅਚਨਚੇਤ ਉਲਟ ਦੇਣਾ ਰਾਜਨੀਤਿਕ ਦ੍ਰਿਸ਼ਟੀ ਤੋਂ ਗਲਤ ਅਤੇ ਸਿਆਣਪ ਦੇ ਵਿਰੁੱਧ ਹੋ ਸਕਦਾ ਹੈ ਪਰ ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਧਰਮ ਦੀ ਦ੍ਰਿਸ਼ਟੀ ਤੋਂ ਇਹ ਸਹੀ ਸੀ। ਭਾਵੇਂ ਗਾਂਧੀ ਜੀ ਦੀ ਸਖਤ ਆਲੋਚਨਾ ਹੋਈ ਪਰ ਉਹ ਆਪਣੀ ਅਹਿੰਸਾ ਦੀ ਨੀਤੀ ਉਤੇ ਅਟੱਲ ਰਹੇ। ਹੌਲੀ-ਹੌਲੀ ਸਾਰਾ ਦੇਸ਼ ਉਨ੍ਹਾਂ ਦੇ ਸਾਹਮਣੇ ਝੁਕ ਗਿਆ।

## 12. ਗਾਂਧੀ ਜੀ ਦੀ ਗ੍ਰਿਫਤਾਰੀ (10 ਮਾਰਚ)

ਰਾਸ਼ਟਰੀ ਸ਼ਕਤੀ ਦੇ ਵਿਚਕਾਰ ਤੋੜ-ਵਿਛੋੜੇ ਤੋਂ ਲਾਭ ਉਠਾਉਣ ਲਈ ਅਤੇ ਗਾਂਧੀ ਜੀ ਦੀ ਲੋਕ-ਪ੍ਰਿਯਤਾ ਵਿਚ ਘਾਟ ਦੇਖ ਕੇ ਲਾਰਡ ਰੀਡਿੰਗ ਦੀ ਸਰਕਾਰ ਨੇ 10 ਮਾਰਚ ਨੂੰ ਗਾਂਧੀ ਜੀ ਨੂੰ ਗ੍ਰਿਫਤਾਰ ਕਰ ਲਿਆ। ਮਹਾਤਮਾ ਜੀ ਦਾ ਮੁਕੱਦਮਾ ਸਰਕਾਰ ਦੇ ਵਿਰੁੱਧ ਅਸੰਤੋਸ਼ ਪੈਦਾ ਕਰਨ ਤੇ ਜੱਜ ਬਲੂਮਫੀਲਡ ਦੀ ਅਦਾਲਤ ਵਿਚ ਚਲਾਇਆ ਗਿਆ। ਇਹ ਮੁਕੱਦਮਾ ਇਤਿਹਾਸਕ ਹੋ ਗਿਆ ਕਿਉਂਕਿ ਗਾਂਧੀ ਜੀ ਨੇ ਆਪਣੀ ਕਾਰਵਾਈ ਲਈ ਬਹੁਤ ਖੁਲ੍ਹੇ ਦਿਲ ਅਤੇ ਬੜੀ ਪ੍ਰਤਿਸ਼ਠਾ ਨਾਲ ਆਪਣਾ ਉੱਤਰ ਦਿੱਤਾ। ਭਾਵੇਂ ਉਸਨੇ ਆਪਣੇ ਆਪ ਨੂੰ ਦੋਸ਼ੀ ਮਨ ਲਿਆ, ਉਸ ਨੇ ਅਦਾਲਤ ਨੂੰ ਕਿਹਾ ਕਿ ਉਸ ਨੂੰ ਜਿਤਨੀ ਅਧਿਕ ਸਜ਼ਾ ਦਿੱਤੀ ਜਾਵੇ ਕਿਉਂਕਿ ਕਾਨੂੰਨ ਵਿਚ ਜਿਹੜਾ ਸੋਚ ਸਮਝ ਕੇ ਕੀਤਾ ਜੁਰਮ ਹੈ ਉਹ ਮੈਨੂੰ ਇਕ ਨਾਗਰਿਕ ਦੀ ਸਥਿਤੀ ਵਿਚ ਸਭ ਤੋਂ ਉੱਚੀ ਡਿਊਟੀ ਮਹਿਸੂਸ ਹੁੰਦੀ ਹੈ। ਜੱਜ ਨੇ ਉਸ ਨੂੰ ਅਪਰਾਧੀ ਐਲਾਨ ਕਰਦੇ ਹੋਏ 6 ਸਾਲ ਦੀ ਸਜ਼ਾ ਦਿੱਤੀ। ਗਾਂਧੀ ਜੀ ਦੀ ਜੇਲ੍ਹ ਨਾਲ ਅਸਹਿਯੋਗ ਅੰਦੋਲਨ ਸਮਾਪਤ ਹੋ ਗਿਆ। ਇਹਦੇ ਕੁਝ ਦੇਰ ਬਾਅਦ ਖਿਲਾਫਤ ਦਾ ਪ੍ਰਸ਼ਨ ਵੀ ਮਹੱਤਵਪੂਰਣ ਨਹੀਂ ਰਿਹਾ ਕਿਉਂਕਿ ਮੁਸ਼ਤਫਾ ਕਮਾਲ ਪਾਸ਼ਾ ਨੇ ਤੁਰਕੀ ਗਣਰਾਜ ਕਾਇਮ ਹੋਣ ਦਾ ਐਲਾਨ ਕਰ ਦਿੱਤਾ ਅਤੇ ਖਿਲਾਫਤ ਨੂੰ ਮਨਸੂਖ ਕਰ ਦਿੱਤਾ।

## 13. ਅੰਦੋਲਨ ਦਾ ਮੁਲਾਂਕਣ : ਸਫ਼ਲਤਾਵਾਂ ਤੇ ਅਸਫ਼ਲਤਾਵਾਂ

ਭਾਵੇਂ ਇਹ ਅੰਦੋਲਨ ਆਪਣੇ ਮਕਸਦ ਨੂੰ ਪੂਰਾ ਨਾ ਕਰ ਸਕਿਆ ਪਰ ਇਸ ਨੂੰ ਅਸਫ਼ਲ ਨਹੀਂ ਕਿਹਾ ਜਾ ਸਕਦਾ। ਜਿਵੇਂ ਕਿ ਗਾਂਧੀ ਜੀ ਨੇ ਕਿਹਾ ਸੀ ਕਿ ਇਕ ਸਾਲ ਵਿਚ ਇਸ ਨਾਲ ਸੂਰਜ ਪੈਦਾ ਹੋ ਜਾਵੇਗਾ, ਉਹ ਨਹੀਂ ਹੋਇਆ। ਕਾਂਗਰਸ ਨਾਲੋਂ ਮੰਜ਼ੂਰ ਕੀਤੇ ਅਸਹਿਯੋਗ ਦੇ ਪ੍ਰੋਗਰਾਮ ਦੇ ਵੱਖ-ਵੱਖ ਆਈਟਮਾਂ ਨੂੰ ਚਲਾਉਣ ਵਿਚ ਕੋਈ ਉੱਘੀ ਸਫ਼ਲਤਾ ਵੀ ਪ੍ਰਾਪਤ ਨਹੀਂ ਹੋਈ। ਇਸ ਪ੍ਰਗੋਰਾਮ ਨਾਲ ਮੁਸਲਮਾਨਾਂ ਦੇ ਨਾਲ ਕੀਤੇ ਖਿਲਾਫ਼ਤ ਦੇ ਵਾਅਦੇ ਨੂੰ ਵੀ ਪੂਰਣ ਨਹੀਂ ਕੀਤਾ ਜਾ ਸਕਿਆ। ਗਾਂਧੀ ਜੀ ਦੇ ਗ੍ਰਿਫਤਾਰ ਹੋਣ ਦੇ ਤੁਰੰਤ ਬਾਅਦ (10 ਮਾਰਚ) ਵਕੀਲ ਅਦਾਲਤਾਂ ਵਿਚ ਆਉਣ ਲਗ ਪਏ ਅਤੇ ਵਿਦਿਆਰਥੀ ਸਕੂਲਾਂ ਅਤੇ ਕਾਲਜਾਂ ਵਿਚ ਪੜ੍ਹਨ ਲੱਗ ਪਏ। ਬਹੁਤ ਸਾਰੇ ਰਾਜਨੀਤੀਵਾਨਾਂ ਨੇ ਵਿਧਾਨ ਕੌਂਸਿਲਾਂ ਵਿਚ ਜਾਣ ਦਾ ਵਿਚਾਰ ਆਰੰਭ ਕੀਤਾ। ਹਿੰਦੂ ਮੁਸਲਿਮ ਏਕਤਾ ਇਕ ਕਲਪਨਾ

ਹੀ ਸਿੱਧ ਹੋਈ। ਗਾਂਧੀ ਦੁਆਰਾ ਅੰਦੋਲਨ ਨੂੰ ਅਚਨਚੇਤੀ ਮੁਅੱਤਲ ਕਰਨ ਨਾਲ ਮੁਸਲਮਾਨਾਂ ਨੂੰ ਬਹੁਤ ਹੀ ਰੰਜਿਸ਼ ਦਾ ਅਹਿਸਾਸ ਹੋਇਆ। ਮੁਸਲਮਾਨ ਗਾਂਧੀ ਜੀ ਦੀ ਸਚਾਈ ਅਤੇ ਅਹਿੰਸਾ ਤੇ ਜ਼ੋਰ ਦੀ ਗੱਲ ਨੂੰ ਕਦੇ ਵੀ ਨਹੀਂ ਸਮਝ ਸਕੇ।

ਜੇਕਰ ਇਹ ਅੰਦੋਲਨ ਆਪਣੇ ਐਲਾਨ ਕੀਤੇ ਉਦੇਸ਼ ਵਿਚ ਅਸਫ਼ਲ ਰਿਹਾ ਤਾਂ ਵੀ ਇਹ ਮੰਨਣਾ ਮੁਸ਼ਕਲ ਜਾਪਦਾ ਹੈ ਕਿ ਇਹ ਸਭ ਕੁਝ ਅਸਫ਼ਲ ਸੀ। ਵਾਸਤਵ ਵਿਚ ਬਰਤਾਨੀਆ ਸਰਕਾਰ ਦੇ ਵਿਰੁਧ ਇਹ ਬਿਨਾਂ ਹਥਿਆਰ ਦੀ ਬਗਾਵਤ ਸਾਡੀ ਆਜ਼ਾਦੀ ਦੇ ਸੰਘਰਸ਼ ਦੇ ਇਤਿਹਾਸ ਵਿਚ ਇਕ ਮਹੱਤਵਪੂਰਣ ਮੰਨੀ ਜਾਂਦੀ ਹੈ। ਆਰੰਭ ਤੋਂ ਅੰਤ ਤਕ ਇਹ ਅੰਦੋਲਨ ਲੋਕਾਂ ਦੇ ਜੋਸ਼, ਸ਼ਰਧਾ ਅਤੇ ਆਤਮ ਤਿਆਗ ਦੀ ਭਾਵਨਾ ਨਾਲ ਚਲਾਇਆ ਗਿਆ ਸੀ। ਇਨ੍ਹਾਂ ਲੋਕਾਂ ਦੇ ਕੋਲ ਸੰਗਠਨ ਦੀ ਘਾਟ ਸੀ ਪਰ ਇਨ੍ਹਾਂ ਨੂੰ ਬਰਤਾਨਵੀ ਸਰਕਾਰ ਨਾਲ ਜੂਝਣਾ ਪਿਆ, ਜਿਨ੍ਹਾਂ ਦੇ ਕੋਲ ਅਸੀਮਤ ਸਾਧਨ ਸਨ। ਗਾਂਧੀ ਜੀ ਨੇ ਲੜਾਈ ਨੂੰ 'ਆਤਮ ਦੀ ਸ਼ਕਤੀ ਅਤੇ ਪਦਾਰਥਿਕ ਸ਼ਕਤੀ ਕਿਹਾ ਸੀ।'

ਇਹ ਸੰਘਰਸ਼ ਬੇਕਾਰ ਨਹੀਂ ਸਿੱਧ ਹੋਇਆ। ਇਸ ਅੰਦੋਲਨ ਨੇ ਲੋਕਾਂ ਵਿਚ ਅਜ਼ਾਦੀ ਦੀ ਨਵੀਂ ਭਾਵਨਾ ਅਤੇ ਨਿਡਰਤਾ ਪੈਦਾ ਕਰ ਦਿੱਤੀ ਸੀ। ਲੋਕ ਆਪਣੇ ਅਧਿਕਾਰਾਂ ਵਲੋਂ ਜਾਗ੍ਰਤ ਹੋ ਗਏ ਸਨ। ਆਮ ਮਨੁੱਖ ਇਸਤਰੀਆਂ ਅਤੇ ਗਰੀਬ ਤੇ ਅਮੀਰ ਮੁਸ਼ਕਲਾਂ ਉਠਾਉਣ ਅਤੇ ਸਜ਼ਾ ਲੈਣ ਲਈ ਤਿਆਰ ਹੋ ਗਏ ਸਨ। ਬਰਤਾਨਵੀ ਰਾਜ ਦਾ ਭੈਅ ਸਮਾਪਤ ਹੋ ਗਿਆ ਸੀ। ਇਹ ਪਹਿਲਾ ਰਾਜਨੀਤਿਕ ਅੰਦੋਲਨ ਸੀ ਜਿਸ ਦਾ ਜਨਤਾ ਆਧਾਰਿਤ ਰੂਪ ਸੀ।

ਅਮੀਰ ਜਾਂ ਗਰੀਬ, ਪੜ੍ਹਿਆ ਲਿਖਿਆ ਜਾਂ ਬੇਸਮਝ, ਵਕੀਲ, ਦੁਕਾਨਦਾਰ ਜਾਂ ਕਿਸਾਨ ਦਾ ਮਾਮਲਾ ਬਣ ਗਿਆ। ਗਾਂਧੀ ਨੇ ਭਾਰਤ ਨੂੰ ਇਕ ਨਵਾਂ ਸਵੈਮਾਨ ਸਿਖਾ ਦਿੱਤਾ। ਲੋਕ ਸਵੈ-ਸਾਸ਼ਨ ਤੋਂ ਘੱਟ ਕਿਸੇ ਵੀ ਵਸਤੂ ਨਾਲ ਨਹੀਂ ਸੰਤੁਸ਼ਟ ਹੋ ਸਕਦੇ ਹਨ।

ਦੂਜੀ ਗੱਲ ਇਹ ਹੈ ਕਿ ਅਸਹਿਯੋਗ ਅੰਦੋਲਨ ਜਿਸ ਨੇ ਗਾਂਧੀ ਰਾਹੀਂ ਵਿਕਸਿਤ ਕੀਤੇ ਰਚਨਾਤਮਕ ਪ੍ਰੋਗਰਾਮ ਨੂੰ ਮਨਜ਼ੂਰ ਕੀਤਾ ਅਤੇ ਉਸ ਤੇ ਜ਼ੋਰ ਦਿੱਤਾ, ਉਸ ਵਿਚ ਛੂਤ-ਛਾਤ ਅਤੇ ਸ਼ਰਾਬ ਪੀਣ ਵਰਗੀਆਂ ਸਮਾਜਿਕ ਬੁਰਾਈਆਂ ਦਾ ਨਿਵਾਰਣ ਸੀ, ਇਸ ਰਾਹੀਂ ਸਮਾਜ ਵਿਚ ਸੁਧਾਰ ਦੀ ਅਜਿਹੀ ਲਹਿਰ ਚਲੀ ਜਿਸ ਨੇ ਭਾਰਤੀ ਸਮਾਜ ਦੀ ਬਣਤਰ ਵਿਚ ਕ੍ਰਾਂਤੀ ਪੈਦਾ ਕਰ ਦਿੱਤੀ। ਰਾਸ਼ਟਰੀ ਵਿਦਿਅਕ ਸੰਸਥਾਵਾਂ ਦਾ ਆਰੰਭ, ਖਾਦੀ ਦੀ ਵਰਤੋਂ ਨੂੰ ਲੋਕ ਪ੍ਰਿਯ ਬਣਾਉਣ ਦਾ ਕੰਮ (ਪਿੰਡਾਂ ਦੀਆਂ ਲੋੜਾਂ ਦੇ ਅਨੁਕੂਲ) ਵਿਦੇਸ਼ੀ ਮਾਲ ਦਾ ਬਾਈਕਾਟ, ਪੰਚਾਇਤਾਂ ਦਾ ਆਰੰਭ ਆਦਿ ਚੰਗੀਆਂ ਵਸਤਾਂ ਸਨ, ਜਿਨ੍ਹਾਂ ਨੇ ਭਾਰਤ ਵਿਚ ਬਰਤਾਨਵੀ ਰਾਜ ਨੂੰ ਖੋਖਲਾ ਕਰਨਾ ਆਰੰਭ ਕਰ ਦਿੱਤਾ ਸੀ ਅਤੇ ਸਰਕਾਰੀ ਕਰਿੰਦੇ ਸਾਮਰਾਜ ਲਈ ਚਿੰਤਤ ਹੋਣ ਲਗ ਪਏ ਸਨ।

ਇਸ ਲਈ ਜੇਕਰ ਅਸਹਿਯੋਗ ਅੰਦੋਲਨ ਵੀ ਹੋਇਆ ਅਤੇ ਸਵਰਾਜ ਉਸ ਸਮੇਂ ਪ੍ਰਾਪਤ ਨਹੀਂ ਕਰ ਸਕਿਆ ਤਾਂ ਵੀ ਇਹ ਇਕ ਅਸਥਾਈ ਪਿਛੇ ਹਟਣਾ ਸੀ। ਏਸੇ ਅਜ਼ਾਦੀ ਲਈ ਲੰਬਾ ਅਤੇ ਵੱਡਾ ਸੰਘਰਸ਼ ਜਾਰੀ ਕੀਤਾ, ਗਾਂਧੀ ਜੀ ਨੇ ਆਪਣੇ ਆਪ ਦਸਿਆ ਕਿ ਲੜਾਈ ਜਿਹੜੀ 1920 ਵਿਚ ਆਰੰਭ ਹੋਈ ਇਹ ਅੰਤ ਤਕ ਚਲੇਗੀ, ਭਾਵੇਂ ਇਹ ਇਕ ਮਹੀਨਾ ਚਲੇ, ਇਕ ਸਾਲ ਚਲੇ, ਕਈ ਮਹੀਨੇ ਚਲੇ ਜਾਂ ਕਈ ਸਾਲ ਚਲੇ। ਇਤਿਹਾਸ ਗਵਾਹ ਹੈ ਕਿ ਇਹ ਕਥਨ ਸੱਚ ਸਾਬਿਤ ਹੋਇਆ।

## ਵਿਦਿਆਰਥੀ ਦੇ ਅਭਿਆਸ ਲਈ ਛੋਟੇ ਪ੍ਰਸ਼ਨ :

1. ਅਸਹਿਯੋਗ ਅੰਦੋਲਨ ਦੇ ਉਭਾਰ ਲਈ ਜ਼ਿੰਮੇਵਾਰ ਪਰਿਸਥਿਤੀਆਂ ਬਾਰੇ ਲਿਖੋ?
2. ਅਸਹਿਯੋਗ ਅੰਦੋਲਨ ਦੇ ਮੁੱਖ ਉਦੇਸ਼ ਕੀ ਸਨ?
3. ਅਸਹਿਯੋਗ ਅੰਦੋਲਨ ਦੇ ਰਚਨਾਤਮਕ ਪੱਖ ਤੋਂ ਕੀ ਭਾਵ ਹੈ?
4. ਅਸਹਿਯੋਗ ਅੰਦੋਲਨ ਦੀਆਂ ਸਫਲਤਾਵਾਂ ਬਾਰੇ ਲਿਖੋ।

5. ਚੋਰਾ-ਚੋਰੀ ਦੀ ਘਟਨਾ ਕੀ ਸੀ? ਇਸਨੇ ਅੰਦੋਲਨ ਤੇ ਕੀ ਪ੍ਰਭਾਵ ਪਾਇਆ।
6. ਅਸਹਿਯੋਗ ਅੰਦੋਲਨ ਦੇ ਪ੍ਰੋਗਰਾਮਾਂ ਉਤੇ ਨੋਟ ਲਿਖੋ?
7. ਅਸਹਿਯੋਗ ਅੰਦੋਲਨ ਦੀ ਰਾਸ਼ਟਰੀ ਅੰਦੋਲਨ ਵਿੱਚ ਭੂਮਿਕਾ ਬਾਰੇ ਲਿਖੋ।

## ਪਾਠ ਦੇ ਮੁੱਖ ਵਿਅਕਤੀ ਅਤੇ ਸ਼ਬਦ:

ਮਹਾਤਮਾ ਗਾਂਧੀ, ਹੰਟਰ ਕਮਿਸ਼ਨ, ਰੋਲਟ ਐਕਟ, ਚੋਰਾ-ਚੋਰੀ, ਨਾਗਪੁਰ ਕਾਂਗਰਸ, ਮਾਨਟੇਗੂ-ਚੈਮਸਫੋਰਡ, ਏਨੀ ਬੇਸੈਂਟ, ਬੀ.ਸੀ.ਪਾਲ, ਵਿਜੈ ਰਾਘਵਾਚਾਰੀਆ

**ਪਾਠ ਨੰਬਰ : 2.7**

# ਸ਼ਹਿਰੀ ਹੁਕਮ-ਅਦੂਲੀ ਅੰਦੋਲਨ ਅਤੇ ਭਾਰਤ ਛੱਡੋ ਅੰਦੋਲਨ

## ਪਾਠ ਦੀ ਬਣਤਰ –

1. ਅੰਦੋਲਨ : ਅੰਦੋਲਨ ਸ਼ੁਰੂ ਹੋਣ ਦੇ ਕਾਰਨ
   - 1.1 ਪ੍ਰਸਥਿਤੀਆਂ
   - 1.2 ਮਹਾਤਮਾ ਗਾਂਧੀ ਦੇ 11 ਨੁਕਤੇ
   - 1.3 ਜਨਤਾ ਦੀ ਲਹਿਰ ਦਾ ਫੈਸਲਾ
   - 1.4 ਨਮਕ ਕਾਨੂੰਨ ਭੰਗ ਕਰਨਾ
   - 1.5 ਡਾਂਡੀ ਮਾਰਚ
   - 1.6 ਲੂਣ ਸੱਤਿਆਗ੍ਰਹਿ
2. ਸਰਕਾਰ ਦੇ ਅੰਦੋਲਣ ਨੂੰ ਦਬਾਉਣ ਦੇ ਯਤਨ
   - 2.1 ਦਮਨਕਾਰੀ ਕਾਨੂੰਨ
   - 2.2 ਗ੍ਰਿਫਤਾਰੀਆਂ
   - 2.3 ਦਰਿਸ਼ਤ ਪਸੰਦਗੀ
   - 2.4 ਅੰਦੋਲਨ ਦਾ ਮੁਅੱਤਲ ਹੋਣਾ

## ਪਾਠ ਦਾ ਉਦੇਸ਼ –

ਸ਼ਹਿਰੀ ਹੁਕਮ ਅਦੂਲੀ ਅੰਦੋਲਨ ਗਾਂਧੀ ਦੁਆਰਾ ਸ਼ੁਰੂ ਕੀਤੇ ਗਏ ਤਿੰਨ ਮਹੱਤਵਪੂਰਨ ਅੰਦੋਲਨਾਂ ਵਿਚੋਂ ਇੱਕ ਸੀ। ਇਸ ਪਾਠ ਦਾ ਉਦੇਸ਼ ਮਹਾਤਮਾ ਗਾਂਧੀ ਦੁਆਰਾ ਸ਼ੁਰੂ ਕੀਤੇ ਸ਼ਹਿਰੀ ਹੁਕਮ ਅਦੂਲੀ ਅੰਦੋਲਨ ਲਈ ਜਿੰਮੇਵਾਰ ਪ੍ਰਸਥਿਤੀਆਂ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਾਉਣਾ, ਅੰਦਲਨ ਦੇ ਪ੍ਰੋਗਰਾਮ, ਵਿਕਾਸ, ਸਰਕਾਰ ਦੁਆਰਾ ਅੰਦੋਲਨ ਨੂੰ ਰੋਕਣ ਦੇ ਯਤਨ ਅਤੇ ਅੰਦੋਲਨ ਨੂੰ ਮੁਅੱਤਲ ਕਰਨਾ ਹੈ।

## 1. ਅੰਦੋਲਨ : ਅੰਦੋਲਨ ਸ਼ੁਰੂ ਹੋਣ ਦੇ ਕਾਰਨ

1. ਨਹਿਰੂ ਰਿਪੋਰਟ ਮੰਨਣ ਵਿਚ ਸਰਕਾਰ ਦੀ ਹਿਚਕਚਾਹਟ।
2. 1929 ਦਾ ਮਹਾਨ ਆਰਥਿਕ ਮੰਦਵਾੜਾ ਜਿਸਨੇ ਭਾਰਤੀ ਅਰਥ ਵਿਵਸਥਾ ਤੇ ਅਸਰ ਪਾਇਆ।
3. ਡੋਮੀਨੀਅਨ ਦਰਜਾ ਦੇਣ ਦਾ ਵਾਇਦਾ ਨਾ ਪੂਰਾ ਕਰਨਾ।
4. ਭਗਤ ਸਿੰਘ ਅਤੇ ਹੋਰ ਕ੍ਰਾਂਤੀਕਾਰੀਆਂ ਦੀਆਂ ਮਿਲਟਰੀ ਗਤੀਵਿਧੀਆਂ।

**1.1 ਪ੍ਰਸਥਿਤੀਆਂ:** ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ 2 ਜਨਵਰੀ, 1930 ਨੂੰ ਹੋਈ। ਇਸ ਨੇ ਲਾਹੌਰ ਮਤੇ ਨੂੰ ਅਮਲ ਵਿਚ ਲਿਆਉਣ ਲਈ ਵਿਧਾਨ ਕੌਂਸਲਾਂ ਦੇ ਬਾਈਕਾਟ ਕਰਨ ਲਈ ਕਦਮ ਚੁਕੇ ਅਤੇ ਜਨਵਰੀ

26, 1937 ਦੇ ਦਿਨ ਨੂੰ ਸਾਰੇ ਦੇਸ਼ ਵਿਚ ਸੁਤੰਤਰ ਦਿਨ ਮਨਾਉਣ ਲਈ ਨਿਸ਼ਚਿਤ ਕੀਤਾ। ਇਸ ਦਿਨ ਲੋਕਾਂ ਨੂੰ ਕਿਹਾ ਗਿਆ ਕਿ ਉਹ ਪਿੰਡਾਂ ਅਤੇ ਸ਼ਹਿਰਾਂ ਵਿਚ ਇਕੱਠੇ ਹੋਣ ਅਤੇ ਕਾਂਗਰਸ ਵਰਕਿੰਗ ਕਮੇਟੀ ਰਾਹੀਂ ਜਾਰੀ ਕੀਤੇ ਐਲਾਨ ਨੂੰ ਅਪਨਾਉਣ। ਸੁਤੰਤਰਤਾ ਦਿਵਸ ਗੰਭੀਰਤਾ ਨਾਲ ਮਨਾਇਆ ਗਿਆ ਅਤੇ ਇਸ ਨਾਲ ਸਾਰੇ ਦੇਸ਼ ਵਿਚ ਬੜਾ ਜੋਸ਼ ਪੈਦਾ ਹੋਇਆ। ਸ਼ਹਿਰੀ ਹੁਕਮ-ਅਦੂਲੀ ਦੀ ਲਹਿਰ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਮਹਾਤਮਾ ਗਾਂਧੀ ਨੇ ਅਧਿਕਾਰੀਆਂ ਨੂੰ ਰਾਸ਼ਟਰਵਾਦੀ ਅਕਾਖਿਆਵਾਂ ਨੂੰ ਪੂਰਾ ਕਰਨ ਲਈ ਇਕ ਹੋਰ ਮੌਕਾ ਦਿੱਤਾ। 30 ਜਨਵਰੀ ਦੇ ਯੰਗ-ਇੰਡੀਆ ਅਖਬਾਰ ਵਿਚ ਇਕ ਬਿਆਨ ਦਿੱਤਾ, ਜਿਸ ਵਿਚ ਵਾਇਸਰਾਇ ਨੂੰ ਉਸ ਦੇ ਜਨਵਰੀ 25 ਦੇ ਭਾਸ਼ਣ ਲਈ ਧੰਨਵਾਦ ਦਿੱਤਾ ਅਤੇ 31 ਅਕਤੂਬਰ, 1920 ਦੇ ਪ੍ਰਸਿੱਧ ਬਿਆਨ ਦਾ ਸਪਸ਼ਟੀਕਰਣ ਕੀਤਾ ਅਤੇ ਭਾਰਤੀ ਰਾਸ਼ਟਰਵਾਦੀਆਂ ਦੇ ਡਰਾਂ ਦਾ ਨਿਵਾਰਣ ਕਰਨ ਦਾ ਯਤਨ ਕਰਦੇ ਹੋਏ ਮਹਾਤਮਾ ਗਾਂਧੀ ਨੇ 11 ਨੁਕਤੇ ਲਿਖੇ ਅਤੇ ਵਾਇਸਰਾਏ ਨੂੰ ਕਿਹਾ ਕਿ ਉਹ ਇਹਨਾਂ ਅਸਾਨ ਪਰ ਭਾਰਤ ਦੀਆਂ ਜ਼ਰੂਰੀ ਲੋੜਾਂ ਨੂੰ ਪੂਰਾ ਕਰਨ ਦਾ ਯਕੀਨ ਦਵਾਏ।

**1.2 ਮਹਾਤਮਾ ਗਾਂਧੀ ਦੇ 11 ਨੁਕਤੇ :** 1. ਪੂਰਨ ਸ਼ਰਾਬਬੰਦੀ, 2. ਰੁਪਏ ਦੇ ਅਨੁਪਾਤ ਨੂੰ ਘਟਾ ਕੇ ਇਕ ਸ਼ਿਲਿੰਗ ਚਾਰ ਪੈਨਸ ਕਰਨ, 3. ਮਾਲੀਏ ਨੂੰ ਘਟਾ ਕੇ ਘੱਟ ਤੋਂ ਘੱਟ ਅੱਧਾ ਕਰਨ ਅਤੇ ਇਸ ਨੂੰ ਵਿਧਾਨ ਕੌਂਸਲ ਦੇ ਕੰਟਰੋਲ ਵਿਚ ਲਿਆਉਣਾ, 4. ਨਮਕ ਟੈਕਸ ਨੂੰ ਮਨਸੂਖ ਕਰਨਾ, 5. ਫੌਜੀ ਖਰਚ ਨੂੰ ਘਟਾ ਕੇ ਘਟੋ ਘਟ ਅੱਧਾ ਕਰਨਾ, 6. ਸਭ ਤੋਂ ਉੱਚੀ ਸੇਵਾ ਵਿਚ ਕੰਮ ਕਰਨ ਵਾਲੇ ਲੋਕਾਂ ਦੀ ਤਨਖਾਹ ਅੱਧੀ ਜਾਂ ਅੱਧੀ ਤੋਂ ਘੱਟ ਕਰਨਾ, ਜਿਸ ਨਾਲ ਘਟੇ ਮਾਲੀਏ ਦੀਆਂ ਲੋੜਾਂ ਪੂਰੀਆਂ ਹੋ ਸਕਣ, 7. ਵਿਦੇਸ਼ੀ ਕਪੜੇ ਤੇ ਸੁਰਖਿਆ ਟੈਕਸ ਲਗਾਉਣਾ, 8. ਤੱਟਾਂ ਟੈਰਿਰ ਰਿਜ਼ਰਵੇਸ਼ਨ ਬਿਲ ਨੂੰ ਪਾਸ ਕਰਨਾ, 9. ਸਾਰੇ ਰਾਜਨੀਤਿਕ ਮੁਕੱਦਮਿਆਂ ਨੂੰ ਵਾਪਸ ਲੈਣਾ ਤੇ 1818 ਦੇ ਤੀਸਰੇ ਰੈਗੂਲੇਸ਼ਨ ਦੇ 124 ਏ ਸੈਕਸ਼ਨ ਨੂੰ ਮਨਜ਼ੂਰ ਕਰਨਾ ਅਤੇ ਇਸੇ ਤਰ੍ਹਾਂ ਭਾਰਤ ਤੋਂ ਨਿਰਵਾਸਿਤ ਕੀਤੇ ਲੋਕਾਂ ਨੂੰ ਘਰ ਆਉਣ ਦੀ ਆਗਿਆ ਦੇਣਾ, 10. ਸੀ.ਆਈ.ਡੀ. ਨੂੰ ਮਨਸੂਖ ਕਰਨਾ ਜਾਂ ਇਸ ਨੂੰ ਲੋਕਪ੍ਰਿਯ ਸਰਕਾਰ ਦੇ ਕੰਟਰੋਲ ਵਿਚ ਰੱਖਣ, 11. ਸਵੈ-ਸੁਰੱਖਿਆ ਲਈ ਹਥਿਆਰਾਂ ਦੇ ਲਾਇਸੈਂਸ ਜਾਰੀ ਕਰਨਾ ਅਤੇ ਲੋਕਪ੍ਰਿਯ ਸਰਕਾਰ ਦੇ ਕੰਟਰੋਲ ਵਿਚ ਰੱਖਣਾ।

ਮਹਾਤਮਾ ਗਾਂਧੀ ਨੇ ਵਾਇਸਰਾਏ ਨੂੰ ਯਕੀਨ ਦਵਾਇਆ ਕਿ ਜੇਕਰ ਉਹ ਇਨ੍ਹਾਂ 11 ਨੁਕਤਿਆਂ ਦੀ ਪ੍ਰਵਾਨਗੀ ਦੇ ਬਾਰੇ ਕੁਝ ਯਕੀਨ ਦਵਾ ਸਕੇ ਤਾਂ ਸ਼ਹਿਰੀ ਹੁਕਮ-ਅਦੂਲੀ ਦੀ ਲਹਿਰ ਬਾਰੇ ਸਾਰੀਆਂ ਗੱਲਾਂ ਸਮਾਪਤ ਹੋ ਜਾਣਗੀਆਂ ਅਤੇ ਕਾਂਗਰਸ ਹਰ ਉਸ ਕਾਨਫਰੰਸ ਵਿਚ ਖੁਸ਼ੀ ਨਾਲ ਭਾਗ ਲਵੇਗੀ ਜਿਥੇ ਮੰਗ ਅਤੇ ਗਲਬਾਤ ਕਰਨ ਦੀ ਪੂਰਨ ਆਜ਼ਾਦੀ ਹੋਵੇਗੀ। ਪੂਰਨ ਆਜ਼ਾਦੀ ਦੇ ਮਤੇ ਦੀ ਰੌਸ਼ਨੀ ਵਿਚ 26 ਜਨਵਰੀ ਨੂੰ ਸੁਤੰਤਰਤਾ ਦਿਵਸ ਮਨਾਉਣ ਦੇ ਜੋਸ਼ ਅਨੁਸਾਰ ਮਹਾਤਮਾ ਗਾਂਧੀ ਦੇ ਇਹ 11 ਨੁਕਤੇ ਭਾਵੇਂ ਕਿੰਨੇ ਹੀ ਮਹੱਤਵਪੂਰਣ ਹੋਣ ਅਸਹਿਯੋਗ ਅੰਦੋਲਨ ਅਤੇ ਪੂਰਨ ਆਜ਼ਾਦੀ ਤੋਂ ਘੱਟ ਕਿਸੇ ਚੀਜ ਨੂੰ ਮੰਨਣ ਤੇ ਮਤੇ ਦੇ ਪੱਖ ਵਿਚ ਨਹੀਂ ਸਨ। ਦੇਸ਼ ਜਿਹੜੇ ਬੜੀ ਗੰਭੀਰਤਾ ਨਾਲ ਪੂਰਣ ਸੁਤੰਤਰਤਾ ਦੇ ਮਤੇ ਦੇ ਜੋਸ਼ ਵਿਚ ਸੀ, ਉਸਨੇ ਮਹਾਤਮਾ ਗਾਂਧੀ ਦੇ ਇਸ ਬਿਆਨ ਵਲ ਕੋਈ ਧਿਆਨ ਨਹੀਂ ਦਿੱਤਾ।

**1.3 ਜਨਤਾ ਦੀ ਲਹਿਰ ਦਾ ਫੈਸਲਾ :** ਕਿਉਂਕਿ ਵਾਇਸਰਾਏ ਮਹਾਤਮਾ ਗਾਂਧੀ ਦੇ 11 ਨੁਕਤਿਆਂ ਬਾਰੇ ਕੋਈ ਯਕੀਨ ਨਹੀਂ ਦਵਾ ਸਕਿਆ, ਇਸ ਲਈ ਕਾਂਗਰਸ ਵਰਕਿੰਗ ਕਮੇਟੀ ਨੇ ਸਾਬਰਮਤੀ ਆਸ਼ਰਮ ਵਿਚ ਇਕ ਮੀਟਿੰਗ ਕੀਤੀ। ਇਹ ਮੀਟਿੰਗ 14 ਤੋਂ 16 ਫਰਵਰੀ 1930 ਤਕ ਚਲੀ ਅਤੇ ਸ਼ਹਿਰੀ ਹੁਕਮ ਅਦੂਲੀ ਦਾ ਮਤਾ ਪਾਸ ਕੀਤਾ।

**1.4 ਨਮਕ ਕਾਨੂੰਨ ਭੰਗ ਕਰਨਾ :** ਫਰਵਰੀ 1930 ਦੇ ਅੰਤ ਵਿਚ ਗਾਂਧੀ ਜੀ ਨੇ ਅੰਤਿਮ ਰੂਪ ਵਿਚ ਆਪਣਾ ਮਨ ਬਣਾ ਲਿਆ ਕਿ ਕਿਸ ਮੁੱਦੇ ਦੇ ਆਧਾਰ ਤੇ ਉਹ ਸ਼ਹਿਰੀ ਹੁਕਮ-ਅਦੂਲੀ ਦੇ ਮੁੱਦੇ ਦੀ ਕਾਰਵਾਈ ਨੂੰ ਸ਼ੁਰੂ ਕਰਨਗੇ। ਉਨ੍ਹਾਂ ਨੇ ਨਮਕ ਕਾਨੂੰਨ ਤੋਂ ਅੰਦੋਲਨ ਆਰੰਭ ਕੀਤਾ। ਨਮਕ ਕਾਨੂੰਨ ਦੇ ਅਧੀਨ ਨਮਕ ਤਿਆਰ ਕਰਨ ਦਾ ਪੂਰਾ ਅਧਿਕਾਰ ਸਰਕਾਰ ਨੂੰ ਸੀ। ਜਦੋਂ ਕਿ ਇਹ ਵਸਤੂ ਸਮੁੰਦਰੀ ਪਾਣੀ ਜਾਂ ਹੋਰ ਪ੍ਰਾਕਿਰਤਿਕ ਸਾਧਨਾਂ ਤੋਂ ਆਸਾਨੀ ਨਾਲ ਭਾਰਤ ਵਿਚ ਪ੍ਰਾਪਤ ਕੀਤੀ ਜਾ ਸਕਦੀ ਸੀ। ਇਸ ਦੇ ਇਲਾਵਾ ਨਮਕ ਤੇ ਇਕ ਟੈਕਸ ਵੀ ਲਗਦਾ

ਸੀ ਜਿਸ ਨਾਲ ਲੋਕਾਂ ਤੇ ਭਾਰ ਵੀ ਪੈਂਦਾ ਸੀ ਕਿਉਂਕਿ ਨਮਕ ਕੇਵਲ ਮਨੁੱਖ ਦੀ ਖਪਤ ਦੇ ਲਈ ਜ਼ਰੂਰੀ ਨਹੀਂ ਸੀ ਸਗੋਂ ਉਸ ਦਾ ਉਪਯੋਗ ਖੇਤੀ ਅਤੇ ਪਸ਼ੂਆਂ ਲਈ ਵੀ ਜ਼ਰੂਰੀ ਸੀ। ਗਾਂਧੀ ਜੀ ਇਹ ਸੋਚਦੇ ਸਨ ਕਿ ਇਕ ਗਰੀਬ ਆਦਮੀ ਦੇ ਦ੍ਰਿਸ਼ਟੀਕੋਣ ਤੋਂ ਟੈਕਸ ਸਭ ਤੋਂ ਅਧਿਕ ਇਨ੍ਹਾਂ ਲੋਕਾਂ ਲਈ ਅਨਿਆਏ ਪੂਰਣ ਸੀ ਕਿਉਂਕਿ ਆਜ਼ਾਦੀ ਦਾ ਅੰਦੋਲਨ ਦੇਸ਼ ਦੇ ਸਭ ਤੋਂ ਅਧਿਕ ਗਰੀਬ ਲੋਕਾਂ ਲਈ ਕੀਤਾ ਜਾ ਰਿਹਾ ਸੀ, ਇਸ ਲਈ ਇਸਦਾ ਆਰੰਭ ਇਸ ਬੁਰਾਈ ਤੋਂ ਹੀ ਆਰੰਭ ਹੋਣਾ ਚਾਹੀਦਾ ਸੀ। ਉਨ੍ਹਾਂ ਨੇ ਡਾਂਡੀ ਦੇ ਸਮੁੰਦਰੀ ਤੱਟ ਤੇ ਸ਼ਹਿਰੀ ਹੁਕਮ-ਅਦੂਲੀ ਦੀ ਕਾਰਵਾਈ ਇਨ੍ਹਾਂ ਕਾਨੂੰਨਾਂ ਨੂੰ ਤੋੜਨ ਨਾਲ ਆਰੰਭ ਕੀਤੀ। ਐਸ. ਗੋਪਾਲ ਅਤੇ ਹੋਰ ਇਤਿਹਾਸਕਾਰਾਂ ਦੇ ਅਨੁਸਾਰ ਗਾਂਧੀ ਜੀ ਦੀ ਰਾਜਨੀਤਿਕ ਸੂਝ ਬੂਝ ਉਸ ਸਮੇਂ ਸਭ ਤੋਂ ਅਧਿਕ ਸੀ।

ਸ਼ਹਿਰੀ ਹੁਕਮ-ਅਦੂਲੀ ਦੇ ਆਰੰਭ ਤੋਂ ਪਹਿਲਾਂ ਗਾਂਧੀ ਜੀ ਨੇ ਇਸ ਸਮੱਸਿਆ ਨੂੰ ਹੱਲ ਕਰਨ ਲਈ ਇਕ ਅੰਤਿਮ ਤਰੀਕੇ ਦੀ ਖੋਜ ਕੀਤੀ, ਜਿਸ ਵਿਚ ਬਰਤਾਨਵੀ ਅਧਿਕਾਰੀਆਂ ਨਾਲ ਗੱਲਬਾਤ ਕਰਨ ਦਾ ਕੰਮ ਸ਼ਾਮਿਲ ਸੀ। ਉਸ ਨੇ ਮਾਰਚ ਵਿਚ ਵਾਇਸਰਾਏ ਨੂੰ ਇਕ ਬਹੁਤ ਲੰਬੀ ਚਿੱਠੀ ਲਿਖੀ ਜਿਸ ਵਿਚ ਉਸ ਨੇ ਦਸਿਆ ਕਿ ਉਹ ਭਾਰਤ ਦੀ ਬਰਤਾਨਵੀ ਸਰਕਾਰ ਨੂੰ ਕਿਉਂ ਇਕ ਲਾਅਨਤ ਸਮਝਦਾ ਸੀ। ਉਸ ਨੇ ਇਹ ਵੀ ਦਸਿਆ ਕਿ ਕਾਂਗਰਸ ਦੇ ਪੂਰਣ ਆਜ਼ਾਦੀ ਦਾ ਮਤਾ ਇੰਨੀ ਅਸ਼ਾਂਤੀ ਨਹੀਂ ਪੈਦਾ ਕਰਦਾ ਜੇਕਰ 31 ਅਕਤੂਬਰ 1929 ਦੇ ਐਲਾਨ ਵਿਚ ਡੋਮੀਨੀਅਨ ਸਟੇਟਸ ਸ਼ਬਦਾਂ ਦਾ ਉਪਭੋਗ ਕੀਤਾ ਜਾਂਦਾ। ਗਾਂਧੀ ਜੀ ਨੂੰ ਵਾਇਸਰਾਏ ਦੇ ਬਰਤਾਨਵੀ ਰਾਜ ਦੇ ਦੋਸ਼ਾਂ ਨੂੰ ਦੂਰ ਕਰਨ ਦਾ ਕੋਈ ਤਰੀਕਾ ਨਹੀਂ ਲਭਿਆ ਤਾਂ 11 ਮਾਰਚ ਦੇ ਦਿਨ ਉਹ ਆਪਣੇ ਆਸ਼ਰਮ ਦੇ ਸਾਥੀਆਂ ਨਾਲ ਨਮਕ ਕਾਨੂੰਨ ਤੋੜਨ ਦੀ ਕਾਰਵਾਈ ਆਰੰਭ ਕਰ ਦੇਣਗੇ। ਜੇਕਰ ਵਾਇਸਰਾਏ ਉਸ ਦੇ ਨਾਲ ਇਸ ਮਾਮਲੇ ਦੀ ਰਚਨਾ ਕਰਨਾ ਉਚਿਤ ਸਮਝੇ ਅਤੇ ਇਸ ਪੱਤਰ ਦੇ ਪ੍ਰਕਾਸ਼ਨ ਨੂੰ ਰੋਕਣਾ ਚਾਹੁੰਦੇ ਹਨ ਤਾਂ ਵਾਇਸਰਾਏ ਤੋਂ ਇਸ ਸੰਬੰਧ ਵਿਚ ਤਾਰ ਪ੍ਰਾਪਤ ਕਰਕੇ ਉਹ ਇਹ ਕਾਰਵਾਈ ਰੋਕ ਦੇਣਗੇ।

ਇਸ ਪੱਤਰ ਦਾ ਜਵਾਬ ਵਾਇਸਰਾਏ ਨੇ ਬਹੁਤ ਥੋੜ੍ਹੇ ਸ਼ਬਦਾਂ ਅਤੇ ਸਖ਼ਤ ਢੰਗ ਨਾਲ ਦਿੱਤਾ, ਉਸਨੇ ਆਪਣਾ ਇਹ ਦੁਖ ਪ੍ਰਗਟ ਕੀਤਾ ਕਿ ਗਾਂਧੀ ਜੀ ਇਕ ਅਜਿਹੀ ਕਾਰਵਾਈ ਕਰਨ ਦੀ ਸੋਚ ਰਹੇ ਹਨ ਜਿਸ ਨਾਲ ਕਾਨੂੰਨ ਦਾ ਵਿਰੋਧ ਹੋਵੇਗਾ। ਇਸ ਉੱਤੇ ਦੁਖ ਪ੍ਰਗਟ ਕਰਦੇ ਹੋਏ ਅਤੇ ਆਪਣੀ ਯੋਜਨਾ ਤੇ ਚਲਣ ਦੇ ਪੱਕੇ ਇਰਾਦੇ ਨੂੰ ਪ੍ਰਦਰਸ਼ਿਤ ਕਰਦੇ ਹੋਏ 12 ਮਾਰਚ 1930 ਦੇ ਦਿਨ ਇਕ ਪੱਤਰ ਲਿਖਿਆ।

ਮੈਂ ਆਪਣੇ ਗੋਡੇ ਝੁਕਾ ਕੇ ਰੋਟੀ ਲਈ ਮੰਗ ਕੀਤੀ ਸੀ ਤਾਂ ਉਸ ਦੇ ਉੱਤਰ ਵਿਚ ਮੈਨੂੰ ਪੱਥਰ ਪ੍ਰਾਪਤ ਹੋਏ, ਮੈਂ ਇਸ ਕਾਨੂੰਨ ਦੀ ਨਿਖੇਧੀ ਕਰਦਾ ਹਾਂ ਅਤੇ ਇਸ ਨੂੰ ਮੈਂ ਆਪਣੀ ਪਵਿੱਤਰ ਡਿਊਟੀ ਸਮਝਦਾ ਹਾਂ ਕਿ ਇਸ ਜ਼ਬਰਦਸਤੀ ਨਾਲ ਬਣੀ ਹੋਈ ਸ਼ਾਂਤੀ ਨੂੰ ਤੋੜ ਦੇਵਾਂ ਕਿਉਂਕਿ ਇਹ ਆਜ਼ਾਦੀ ਨਾਲ ਲੋਕਾਂ ਦੀ ਭਾਵਨਾ ਦੇ ਪ੍ਰਦਰਸ਼ਨ ਨੂੰ ਰੋਕ ਸਕੇ।

**1.5 ਡਾਂਡੀ ਮਾਰਚ :** ਇਸ ਦੌਰਾਨ ਸਾਰਾ ਦੇਸ਼ ਬੜੇ ਜੋਸ਼ ਨਾਲ ਗਾਂਧੀ ਜੀ ਦੇ ਅੰਤਿਮ ਫੈਸਲੇ ਦੀ ਰਾਹ ਵੇਖ ਰਿਹਾ ਸੀ। ਇਕ ਕ੍ਰਾਂਤੀਕਾਰੀ ਨੇ ਗਾਂਧੀ ਜੀ ਨੂੰ ਕੇਵਲ ਤਿੰਨ ਸਾਲਾਂ ਦਾ ਸਮਾਂ ਅਹਿੰਸਾ ਦੇ ਤਰੀਕੇ ਦੇ ਅਮਲ ਲਈ ਦਿੱਤਾ। ਦੂਜੇ ਪਾਸੇ ਨਿਊਯਾਰਕ ਤੋਂ ਇਕ ਤਾਰ ਆਇਆ, ਜਿਸ ਵਿਚ ਸਤਿਕਾਰਯੋਗ ਜੋਨ ਹੋਮਜ ਨੇ ਇਹ ਸੁਨੇਹਾ ਭੇਜਿਆ ਕਿ ਭਗਵਾਨ ਤੁਹਾਡੀ ਸਹਾਇਤਾ ਕਰੇ। ਗਾਂਧੀ ਜੀ ਨੇ ਆਪਣੇ ਆਸ਼ਰਮ ਤੋਂ 79 ਮੈਂਬਰ ਚੁਣੇ ਜਿਨ੍ਹਾਂ ਨੇ 241 ਮੀਲ ਦਾ ਸਫ਼ਰ ਕਰਕੇ ਡਾਂਡੀ ਪਹੁੰਚਣਾ ਸੀ। ਉਸ ਸਮੇਂ ਲੋਕਾਂ ਦਾ ਵਿਚਾਰ ਸੀ ਕਿ ਗਾਂਧੀ ਨੂੰ ਗ੍ਰਿਫਤਾਰ ਕਰਕੇ ਜਲਾਵਤਨ ਕਰ ਦਿੱਤਾ ਜਾਵੇਗਾ। ਇਨ੍ਹਾਂ ਲੋਕਾਂ ਵਿਚ ਇਕ ਮਨੁੱਖ ਹਰੀਦਾਸ ਠਾਕੁਰਦਾਸ ਮਜੂਮਦਾਰ ਸੀ, ਜਿਹੜਾ ਬਹੁਤ ਸਮੇਂ ਤਕ ਅਮਰੀਕਾ ਵਿਚ ਰਿਹਾ ਸੀ ਅਤੇ ਭਾਰਤ ਪੱਖ ਦੀ ਵਕਾਲਤ ਕਰਦਾ ਸੀ ਪਰ ਲਾਹੌਰ ਕਾਂਗਰਸ ਦੇ ਸੈਸ਼ਨ ਤੋਂ ਦੋ ਦਿਨ ਪਹਿਲਾਂ ਭਾਰਤ ਆਇਆ ਸੀ।

12 ਮਾਰਚ, 1930 ਦੇ ਗੰਭੀਰ ਵਾਤਾਵਰਣ ਵਿਚ ਆਪਣੀ ਸਵੇਰੇ ਦੀ ਪ੍ਰਾਰਥਨਾ ਕਰਨ ਤੋਂ ਬਾਅਦ ਗਾਂਧੀ ਜੀ ਆਜ਼ਾਦੀ ਪ੍ਰਾਪਤ ਕਰਨ ਵਾਸਤੇ ਆਪਣੇ ਇਤਿਹਾਸਕ ਸਫਰ ਤੇ ਡਾਂਡੀ ਵਲ ਰਵਾਨਾ ਹੋਏ। ਪਿੰਡਾਂ ਦੇ ਲੋਕਾਂ ਨੇ ਮੀਲਾਂ ਤੱਕ ਸੜਕ ਨੂੰ ਪਾਣੀ ਨਾਲ ਸਾਫ਼ ਕੀਤਾ। ਫੁੱਲਾਂ ਨਾਲ ਢੱਕ ਦਿੱਤਾ ਅਤੇ ਸਤਿਆਗ੍ਰਹੀਆਂ ਦੀ ਹਿੰਮਤ ਵਧਾਈ। ਦੇਸ਼ ਵਿਚ ਜੋਸ਼ ਬਹੁਤ ਸੀ। ਜਵਾਹਰ ਲਾਲ ਨਹਿਰੂ ਨੇ ਲਿਖਿਆ, ਲੋਕ ਯਾਤਰੀਆਂ ਦੇ ਪ੍ਰਤੀ ਦਿਨ ਦੀ ਪ੍ਰਗਤੀ

ਨੂੰ ਧਿਆਨ ਨਾਲ ਦੇਖਦੇ ਜਾਂਦੇ ਸਨ। ਇਸ ਦੇ ਨਾਲ ਦੇਸ਼ ਦਾ ਗੁੱਸਾ ਵੀ ਵਧਦਾ ਗਿਆ। ਗਾਂਧੀ ਜੀ 5 ਅਪ੍ਰੈਲ, 1930 ਦੇ ਦਿਨ ਡਾਂਡੀ ਪਹੁੰਚ ਗਏ। ਉਨ੍ਹਾਂ ਦੇ ਨਾਲ 78 ਸਤਿਆਗ੍ਰਹਿ ਸਨ। ਅਗਲੇ ਦਿਨ ਸਵੇਰੇ ਦੀ ਪ੍ਰਾਰਥਨਾ ਦੇ ਨਾਲ ਉਨ੍ਹਾਂ ਨੇ ਸਮੁੰਦਰ ਵਿਚ ਇਸ਼ਨਾਨ ਕੀਤਾ ਅਤੇ ਪ੍ਰਾਕਿਰਤਿਕ ਨਮਕ ਦਾ ਇਕ ਢੇਰ ਚੁਕਿਆ ਅਤੇ ਇਸ ਨਾਲ ਭਾਰਤ ਸਰਕਾਰ ਦੇ ਕਾਨੂੰਨ ਨੂੰ ਤੋੜ ਦਿੱਤਾ। ਗਾਂਧੀ ਨੂੰ ਮੁਕਤੀ ਦਿਲਾਉਣ ਵਾਲਾ ਮਨੁੱਖ ਕਿਹਾ। ਇਸ ਦੇ ਤੁਰੰਤ ਬਾਅਦ ਗਾਂਧੀ ਜੀ ਨੇ ਇਕ ਬਿਆਨ ਪ੍ਰੈਸ ਲਈ ਜਾਰੀ ਕੀਤਾ, ਜਿਸ ਵਿਚ ਉਹਨਾਂ ਨੇ ਐਲਾਨ ਕੀਤਾ ਕਿ ਕੋਈ ਵੀ ਮਨੁੱਖ ਜਿਹੜਾ ਨਮਕ ਦੇ ਕਾਨੂੰਨ ਅਧੀਨ ਸਜ਼ਾ ਪ੍ਰਾਪਤ ਕਰਨ ਦਾ ਖਤਰਾ ਲੈ ਸਕਦਾ ਸੀ, ਨਮਕ ਬਣਾਉਣ ਲਈ ਸੁਤੰਤਰ ਸੀ। ਉਹ ਜਦੋਂ ਅਤੇ ਜਿਥੇ ਵੀ ਚਾਹੇ ਇਹ ਕੰਮ ਕਰ ਸਕਦਾ ਸੀ। ਉਸ ਨੇ 3 ਅਪ੍ਰੈਲ ਨੂੰ ਸਮਾਪਤ ਹੋਣ ਵਾਲੇ ਹਫਤੇ ਨੂੰ ਰਾਸ਼ਟਰੀ ਹਫਤੇ ਦਾ ਨਾਂ ਦਿੱਤਾ ਅਤੇ ਲੋਕਾਂ ਨੂੰ ਕਾਨੂੰਨਾਂ ਦੇ ਵਿਰੁੱਧ ਯੁੱਧ ਆਰੰਭ ਕਰਨ ਲਈ ਕਿਹਾ। ਇਸ ਪ੍ਰਕਾਰ ਨਮਕ ਸਤਿਆਗ੍ਰਹਿ ਜਿਸ ਨੂੰ ਕ੍ਰਾਂਤੀ ਦੀ ਪਹਿਲੀ ਸਟੇਜ ਕਿਹਾ ਜਾਂਦਾ ਹੈ, ਭਾਰਤ ਵਿਚ ਆਰੰਭ ਹੋਇਆ। ਦੂਜਾ ਕਥਨ ਬਿਨਾਂ ਹਥਿਆਰ ਸਰਕਾਰ ਦਾ ਵਿਰੋਧ ਕਰਨਾ ਸੀ। ਇਸ ਨੂੰ ਸ਼ਾਂਤੀਪੂਰਣ ਗਦਰ ਕਿਹਾ ਜਾਂਦਾ ਹੈ। ਪਿੰਡ ਵਾਲਿਆਂ ਨੇ ਸਮੁੰਦਰ ਦੇ ਕਿਨਾਰਿਆਂ ਤੋਂ ਨਮਕੀਨ ਪਾਣੀ ਲੈ ਕੇ ਨਮਕ ਤਿਆਰ ਕੀਤਾ। ਸ਼ਹਿਰ ਦੇ ਵਿਚ ਵੱਡੀਆਂ ਵੱਡੀਆਂ ਮੀਟਿੰਗਾਂ ਕੀਤੀਆਂ ਗਈਆਂ, ਜਿਥੇ ਗੈਰ ਕਾਨੂੰਨੀ ਨਮਕ ਤਿਆਰ ਕੀਤਾ ਗਿਆ ਅਤੇ ਵੇਚਿਆ ਗਿਆ। ਇਸ ਨਾਲ ਹੀ ਸ਼ਰਾਬ ਦੀਆਂ ਦੁਕਾਨਾਂ ਅਤੇ ਵਿਦੇਸ਼ੀ ਕਪੜਾ ਵੇਚਣ ਦੀਆਂ ਦੁਕਾਨਾਂ ਦੇ ਸਾਹਮਣੇ ਧਰਨਾ ਦਿੱਤਾ ਗਿਆ। ਇਹ ਕੰਮ ਸਾਰੇ ਦੇਸ਼ ਵਿਚ ਫੈਲ ਗਿਆ।

**1.6 ਲੂਣ ਸਤਿਆਗ੍ਰਹਿ :** ਗਾਂਧੀ ਜੀ ਨੇ ਨਮਕ ਕਾਨੂੰਨ ਤੋੜਨ ਨੂੰ ਆਪਣਾ ਮੁੱਖ ਉਦੇਸ਼ ਬਣਾ ਲਿਆ। ਉਸ ਨੇ ਐਲਾਨ ਕੀਤਾ ਕਿ ਉਹ ਸੂਰਤ ਜ਼ਿਲ੍ਹੇ ਵਿਚ ਧਰਾਸਨਾ ਦੇ ਨਮਕ ਦੇ ਡਿਪੂ ਤੇ ਹਮਲਾ ਕਰਨਗੇ। ਹਮੇਸ਼ਾਂ ਦੀ ਤਰ੍ਹਾਂ ਉਸ ਨੇ ਆਪਣਾ ਫੈਸਲਾ ਵਾਇਸਰਾਏ ਨੂੰ ਇਕ ਲੰਬੇ ਪੱਤਰ ਵਿਚ ਲਿਖ ਕੇ ਭੇਜ ਦਿੱਤਾ ਅਤੇ ਮੁੜ ਪ੍ਰਾਰਥਨਾ ਕੀਤੀ ਕਿ ਉਹ ਨਮਕ ਤੇ ਟੈਕਸ ਹਟਾ ਦੇਣ ਅਤੇ ਲੋਕਾਂ ਨੂੰ ਨਮਕ ਬਣਾਉਣ ਦੀ ਇਜ਼ਾਜਤ ਦੇ ਦੇਣ ਜੇਕਰ ਅਜਿਹਾ ਨਾ ਹੋਇਆ ਤਾਂ ਉਸ ਨੂੰ ਮਜ਼ਬੂਰਨ ਆਪਣੇ ਸਾਥੀਆਂ ਨਾਲ ਧਰਾਸਨਾ ਜਾਣਾ ਪਵੇਗਾ ਅਤੇ ਨਮਕ ਦੇ ਡਿਪੂ ਤੇ ਕਬਜ਼ਾ ਕਰਨ ਦੀ ਮੰਗ ਨੂੰ ਪੇਸ਼ ਕਰਨਾ ਪਵੇਗਾ। ਧਰਾਸਨਾ ਜਾਣ ਤੋਂ ਪਹਿਲਾਂ ਗਾਂਧੀ ਜੀ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਅਬਾਸ ਤਈਅਬ ਜੀ ਨਮਕ ਸਤਿਆਗ੍ਰਹਿ ਦੇ ਲੀਡਰ ਦੇ ਰੂਪ ਵਿਚ ਗਾਂਧੀ ਜੀ ਦੀ ਥਾਂ ਲੀਡਰ ਬਣ ਗਏ। ਪਰ ਉਸ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਉਸ ਤੋਂ ਬਾਅਦ ਸਰੋਜਨੀ ਨਾਇਡੂ ਰਵਾਨਾ ਹੋ ਗਏ ਅਤੇ 21 ਮਈ ਦੇ ਹਮਲੇ ਦਾ ਨਿਰਦੇਸ਼ਨ ਕੀਤਾ ਗਿਆ। ਸਾਰੇ ਗੁਜਰਾਤ ਤੋਂ 2500 ਲੋਕਾਂ ਨੇ ਇਸ ਵਿਚ ਭਾਗ ਲਿਆ। ਵਰਾਲਾ ਨਮਕ ਡਿਪੂ ਤੇ ਵਾਸਤਵਿਕ ਹਮਲਾ ਕੀਤਾ ਗਿਆ। ਇਹ 22 ਮਈ ਨੂੰ ਆਰੰਭ ਹੋਇਆ ਪਰ ਸਭ ਤੋਂ ਮਹੱਤਵਪੂਰਣ ਹਮਲਾ 1 ਜੂਨ ਨੂੰ ਹੋਇਆ, ਜਿਸ ਵਿਚ 13 ਹਜ਼ਾਰ ਲੋਕਾਂ ਨੇ ਭਾਗ ਲਿਆ। ਨਮਕ ਦੇ ਡਿਪੂਆਂ ਤੇ ਕਈ ਹੋਰ ਹਮਲੇ ਹੋਏ। ਹਰ ਥਾਂ ਤੇ ਵਲੰਟੀਅਰਾਂ ਨੂੰ ਬੇਰਹਮੀ ਨਾਲ ਕੁਟਿਆ ਗਿਆ ਤੇ ਵੱਡੀ ਸੰਖਿਆਂ ਵਿਚ ਉਨ੍ਹਾਂ ਦੀ ਗ੍ਰਿਫਤਾਰੀ ਕੀਤੀ ਗਈ।

10 ਅਪ੍ਰੈਲ 1930 ਦੇ ਦਿਨ ਗਾਂਧੀ ਜੀ ਨੇ ਅਖਬਾਰ 'ਯੰਗ ਇੰਡੀਆ' ਵਿਚ ਇਕ ਵਿਸ਼ੇਸ਼ ਅਪੀਲ ਭਾਰਤ ਦੀਆਂ ਇਸਤਰੀਆਂ ਲਈ ਕੀਤੀ ਸੀ ਕਿ ਉਹ ਵੀ ਅੰਦੋਲਨ ਵਿਚ ਸ਼ਾਮਿਲ ਹੋਣ ਅਤੇ ਧਰਨਾ ਦੇਣ। ਉਸ ਦਾ ਪ੍ਰਭਾਵ ਵੀ ਜਾਦੂ ਭਰਿਆ ਹੋਇਆ। ਹਜ਼ਾਰਾਂ ਔਰਤਾਂ ਨੇ ਇਸ ਅਪੀਲ ਦੇ ਉਤਰ ਵਿਚ ਆਪਣੇ ਆਪ ਨੂੰ ਗ੍ਰਿਫਤਾਰੀ ਅਤੇ ਜੇਲ੍ਹ ਲਈ ਪੇਸ਼ ਕੀਤਾ। ਇਨ੍ਹਾਂ ਵਿਚ ਉਹ ਔਰਤਾਂ ਵੀ ਸਨ ਜਿਹੜੀਆਂ ਪੁਰਾਣ ਪੰਥੀਆਂ ਸਨ ਅਤੇ ਧਨੀ ਪਰਿਵਾਰ ਦੀਆਂ ਸਨ ਅਤੇ ਜਿਨ੍ਹਾਂ ਨੇ ਕਦੀ ਵੀ ਘਰ ਦੇ ਬਾਹਰ ਪੈਰ ਨਹੀਂ ਰਖਿਆ ਸੀ। ਇਸ ਗੱਲ ਦਾ ਅਸਰ ਸਰਕਾਰ ਨੂੰ ਨਹੀਂ ਹੋਇਆ ਸਗੋਂ ਭਾਰਤੀਆਂ ਨੂੰ ਵੀ ਹੋਇਆ। ਵਿਦੇਸ਼ੀ ਟੂਰਿਸਟਾਂ ਨੇ ਜਿਨ੍ਹਾਂ ਵਿਚ ਐਚ.ਐਨ. ਬਰੇਲਸੋਰਡ ਅਤੇ ਜੀ. ਸਲੋਕਮ ਸ਼ਾਮਲ ਹਨ ਇਸ ਗੱਲ ਤੋਂ ਬੜੇ ਪ੍ਰਭਾਵਿਤ ਹੋਏ ਕਿ ਇਕ ਹੀ ਵਾਰ ਵਿਚ ਭਾਰਤ ਦੀਆਂ ਇਸਤਰੀਆਂ ਨੇ ਏਨਾ ਵੱਡਾ ਪਰਿਵਰਤਨ ਕਿਸ ਤਰ੍ਹਾਂ ਕਰ ਲਿਆ। ਉਸ ਨੇ ਕਿਹਾ ਕਿ ਜੇਕਰ ਸ਼ਹਿਰੀ ਹੁਕਮ ਅਦੂਲੀ ਦੀ ਹਲਚਲ ਨੇ ਕੁਝ ਵੀ ਪ੍ਰਾਪਤ ਨਾ ਕੀਤਾ ਹੋਵੇ ਤਾਂ ਵੀ ਇਸ ਨਾਲ ਭਾਰਤ ਦੀਆਂ ਇਸਤਰੀਆਂ ਦੀ ਪੁਰਾਣੇ ਪਨ ਤੋਂ ਮੁਕਤੀ ਪ੍ਰਾਪਤ ਹੋ ਗਈ ਅਤੇ ਇਸ ਪ੍ਰਕਾਰ ਇਸ ਹਲਚਲ ਨੇ ਆਪਣੇ ਆਪ ਨੂੰ ਨਿਆਂ ਉਚਿਤ ਸਿੱਧ ਕਰ ਦਿੱਤਾ। ਇਸਤਰੀਆਂ ਦੀ ਜਾਗਰਤੀ ਨਾਲ ਸਰਕਾਰ ਦਾ ਵਿਰੋਧ ਕਰਨ ਵਾਲਿਆਂ ਦੀ ਸੰਖਿਆ ਕਾਫ਼ੀ ਵਧ ਗਈ।

ਇਹਨਾਂ ਉਦਾਹਰਣ ਨਾਲ ਕਾਂਗਰਸ ਪਾਰਟੀ ਦੀ ਸ਼ਕਤੀ ਅਤੇ ਕਾਰਜ ਵਿਚ ਦੁਗਣਾ ਜੋਸ਼ ਭਰ ਗਿਆ ਜਿਸ ਨਾਲ ਦੇਸ਼ ਲਈ ਉਨ੍ਹਾਂ ਨੇ ਅਧਿਕ ਯਤਨ ਅਤੇ ਬਲੀਦਾਨ ਦਿੱਤਾ।

## 2. ਸਰਕਾਰ ਦੇ ਅੰਦੋਲਨ ਨੂੰ ਦਬਾਉਣ ਦੇ ਯਤਨ :

ਸਰਕਾਰ ਦੀਆਂ ਰਾਜਨੀਤਿਕ ਨੀਤੀਆਂ ਸਰਕਾਰ ਅਤੇ ਉਨ੍ਹਾਂ ਦੇ ਪਿੱਠੂਆਂ ਨੇ ਆਰੰਭ ਵਿਚ ਇਸ ਸ਼ਹਿਰੀ ਹੁਕਮ-ਅਦੂਲੀ ਦੀ ਲਹਿਰ ਨੂੰ ਗੰਭੀਰਤਾ ਨਾਲ ਨਹੀਂ ਲਿਆ। ਕੁਝ ਤਾਂ ਗਾਂਧੀ ਜੀ ਦੇ ਅੰਦੋਲਨ ਦੀ ਨਫਰਤ ਨਾਲ ਹੱਸੀ ਉਡਾਉਂਦੇ ਸਨ। ਬਹੁਤ ਸਾਰੇ ਪਿੰਡਾਂ ਵਿਚ ਹਥਿਆਰਬੰਦ ਪੁਲਿਸ ਸਵਾਰ ਅਤੇ ਬਰਤਾਨਵੀ ਸਿਪਾਹੀਆਂ ਨੇ ਮਾਰਚ ਕੀਤਾ। ਲੋਕਾਂ ਦਾ ਭਾਸ਼ਨ ਦੇਣ ਦਾ ਅਧਿਕਾਰ ਖੋਹ ਲਿਆ। ਮੀਟਿੰਗਾਂ ਅਤੇ ਜਲੂਸਾਂ ਤੇ ਪਾਬੰਦੀ ਲਗਾ ਦਿੱਤੀ। ਕਾਂਗਰਸ ਅਤੇ ਉਸ ਦੀ ਸਾਥੀ ਸੰਸਥਾਵਾਂ ਨੂੰ ਗੈਰ ਕਾਨੂੰਨੀ ਐਲਾਨ ਕਰ ਦਿੱਤਾ। ਉਨ੍ਹਾਂ ਦੇ ਘਰਾਂ ਅਤੇ ਦਫਤਰਾਂ ਨੂੰ ਅਧਿਕਾਰ ਵਿਚ ਲੈ ਲਿਆ ਅਤੇ ਮਾਲ ਜ਼ਬਤ ਕਰ ਦਿੱਤਾ। ਸਹੂਲਤ ਲਈ ਸਰਕਾਰ ਨੂੰ ਤਿੰਨ ਵੱਖ ਸਿਰਲੇਖਾਂ ਦੇ ਅਧੀਨ ਲਿਖਿਆ ਜਾ ਸਕਦਾ ਹੈ :

**2.1 ਦਮਨਕਾਰੀ ਕਾਨੂੰਨ :** ਨਵੇਂ ਆਰਡੀਨੈਂਸ ਪਾਸ ਕੀਤੇ ਗਏ, ਜਿਸ ਨਾਲ ਸਰਕਾਰ ਲੋਕਾਂ ਦੀ ਆਜ਼ਾਦੀ ਨੂੰ ਕਈ ਢੰਗਾਂ ਨਾਲ ਸਮਾਪਤ ਕਰ ਸਕਦੀ ਸੀ। ਕਾਂਗਰਸੀ ਸੰਗਠਨ ਨੂੰ ਗੈਰ ਕਾਨੂੰਨੀ ਐਲਾਨ ਕਰ ਦਿੱਤਾ ਗਿਆ ਅਤੇ ਉਸ ਦੀ ਜਾਇਦਾਦ ਨੂੰ ਸਰਕਾਰ ਜਬਤ ਕਰ ਸਕਦੀ ਸੀ। 27 ਅਪ੍ਰੈਲ 1930 ਨੂੰ ਸਰਕਾਰ ਨੇ ਐਮਰਜੈਂਸੀ ਆਰਡੀਨੈਂਸ ਪਾਸ ਕੀਤਾ, ਜਿਸ ਵਿਚ 1910 ਦੇ ਪ੍ਰੈਸ ਐਕਟ ਦੇ ਵਾਪਸ ਲਏ ਹੋਏ ਉਪਬੰਦ ਸ਼ਾਮਲ ਕਰ ਲਏ ਗਏ। ਜੁਲਾਈ 1930 ਦੇ ਸਰਕਾਰੀ ਬਿਆਨ ਅਨੁਸਾਰ 131 ਅਖਬਾਰਾਂ ਤੋਂ 2 ਲੱਖ 40 ਹਜ਼ਾਰ ਰੁਪਏ ਦੀ ਜ਼ਮਾਨਤ ਪ੍ਰਾਪਤ ਕੀਤੀ ਗਈ। 9 ਅਖਬਾਰਾਂ ਨੇ ਜ਼ਮਾਨਤ ਦੇਣ ਤੋਂ ਮਨਾ ਕਰ ਦਿੱਤਾ ਅਤੇ ਆਪਣਾ ਪ੍ਰਕਾਸ਼ਨ ਬੰਦ ਕਰ ਦਿੱਤਾ।

**2.2 ਗ੍ਰਿਫਤਾਰੀਆਂ :** ਕਾਨੂੰਨ ਨੂੰ ਨਾ ਮੰਨਣ ਦੇ ਕਾਰਣ ਬਹੁਤ ਵੱਡੀਆਂ ਗ੍ਰਿਫਤਾਰੀਆਂ ਹੋਈਆਂ। ਸਰਕਾਰੀ ਅੰਕੜਿਆਂ ਅਨੁਸਾਰ 60 ਹਜ਼ਾਰ ਤੋਂ ਅਧਿਕ ਲੋਕਾਂ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ, ਪਰ ਇਹ ਅੰਕੜੇ ਸਹੀ ਨਹੀਂ ਸਨ ਕਿਉਂਕਿ ਇਹ ਸੰਖਿਆ ਉਨ੍ਹਾਂ ਲੋਕਾਂ ਦੀ ਹੈ ਜਿਨ੍ਹਾਂ ਤੇ ਰਾਜਨੀਤਿਕ ਜ਼ੁਰਮ ਦਾ ਸਿੱਧਾ ਚਾਰਜ ਲਗਾਇਆ ਗਿਆ ਸੀ। ਬਹੁਤ ਸਾਰੇ ਸਤਿਆਗ੍ਰਹੀਆਂ ਨੂੰ ਚੋਰੀ ਧੱਕਾ ਕਰਨ, ਦੰਗਾ ਕਰਨ ਆਦਿ ਦੇ ਦੋਸ਼ਾਂ ਤੇ ਸਜ਼ਾ ਦਿੱਤੀ ਗਈ ਸੀ, ਉਨ੍ਹਾਂ ਨੂੰ ਇਸ ਸੰਖਿਆ ਵਿਚ ਸ਼ਾਮਿਲ ਨਹੀਂ ਸੀ ਕੀਤਾ ਗਿਆ। ਇਨ੍ਹਾਂ ਝੂਠੇ ਚਾਰਜਾਂ ਦੀ ਨਿਖੇਧੀ ਸਤਿਆਗ੍ਰਹੀਆਂ ਨੇ ਨਹੀਂ ਕੀਤੀ ਅਤੇ ਆਪਣੇ ਵਿਸ਼ਵਾਸ ਦੇ ਅਨੁਸਾਰ ਅਦਾਲਤ ਦੀ ਕਾਰਵਾਈ ਵਿਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ। ਕਾਂਗਰਸ ਵਰਕਿੰਗ ਕਮੇਟੀ ਨੇ ਕੁਲ ਕੈਦੀਆਂ ਦੀ ਸੰਖਿਆ 75 ਹਜ਼ਾਰ ਦਸੀ। ਜਵਾਹਰ ਲਾਲ ਨਹਿਰੂ ਸਮੇਤ ਜ਼ਿਆਦਾਤਰ ਲੀਡਰ ਜੇਲ੍ਹ ਵਿਚ ਸਨ ਅਤੇ 8 ਮਈ 1930 ਦੇ ਦਿਨ ਗਾਂਧੀ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ।

**2.3. ਦਹਿਸ਼ਤ ਪਸੰਦਗੀ :** ਆਰਡੀਨੈਂਸ ਜਾਂ ਗੈਰ ਕਾਨੂੰਨੀ ਕਾਨੂੰਨਾਂ ਦੇ ਅਧੀਨ ਸਜ਼ਾ ਦੇਣਾ ਉਸ ਤਰੀਕੇ ਦਾ ਇਕ ਛੋਟਾ ਭਾਗ ਸੀ ਜਿਹੜਾ ਸਰਕਾਰ ਨੇ ਇਸ ਅੰਦੋਲਨ ਨੂੰ ਕੁਚਲਣ ਲਈ ਵਰਤਿਆ ਸੀ। ਉਨ੍ਹਾਂ ਨੇ ਦਹਿਸ਼ਤ ਦਾ ਇਕ ਖੇਤਰ ਪੈਦਾ ਕਰ ਦਿੱਤਾ ਅਤੇ ਪੁਲਿਸ ਅਤੇ ਮਿਲਟਰੀ ਦੋਹਾਂ ਦਾ ਉਪਯੋਗ ਕੀਤਾ ਜਿਸ ਨਾਲ ਲੋਕਾਂ ਨੂੰ ਬੜੇ ਸਖਤ ਵਹਿਸ਼ੀ ਤਰੀਕਿਆਂ ਨਾਲ ਬੇਹਥਿਆਰ ਅਤੇ ਚੁਪਚਾਪ ਸਹਿਣ ਵਾਲੇ ਇਸਤਰੀ ਅਤੇ ਪੁਰਸ਼ਾਂ ਤੇ ਹਮਲੇ ਕੀਤੇ, ਜਿਸ ਨਾਲ ਉਨ੍ਹਾਂ ਨੂੰ ਦਬਾਇਆ ਜਾ ਸਕੇ।

**2.4. ਅੰਦੋਲਨ ਦਾ ਮੁਅੱਤਲ ਹੋਣਾ :** ਦੂਜੀ ਗੋਲਮੇਜ਼ ਕਾਨਫਰੰਸ ਵਿੱਚ ਕਾਂਗਰਸ ਨੂੰ ਕੋਈ ਫਲਦਾਇਕ ਨਤੀਜਾ ਨਹੀ ਪ੍ਰਾਪਤ ਹੋਇਆ। ਠੀਕ ਇਸੇ ਸਮੇ ਇਰਵਿਨ ਦੀ ਥਾਂ ਵਲਿੰਗਟਨ ਵਾਇਸਰਾਏ ਬਣਕੇ ਭਾਰਤ ਆਇਆ ਵਲਿੰਗਟਨ ਨੇ ਦਮਨ ਦੀ ਨੀਤੀ ਅਪਣਾਈ। ਸਿੱਟੇ ਵਜੋਂ ਸ਼ਹਿਰੀ ਹੁਕਮ ਅਦੂਲੀ ਅੰਦੋਲਨ ਨੂੰ 4 ਜਨਵਰੀ, 1932 ਨੂੰ ਦੁਬਾਰਾ ਸ਼ੁਰੂ ਕਰ ਦਿੱਤਾ। ਪਰ ਪੂਨਾ ਪੈਕਟ (1932) ਤੋਂ ਬਾਅਦ ਮਹਾਤਮਾ ਗਾਂਧੀ ਦਾ ਝੁਕਾਅ ਅੰਦੋਲਨ ਵਿਚੋਂ ਹੌਲੀ-ਹੌਲੀ ਘਟਦਾ ਗਿਆ। ਸਿੱਟੇ ਵਜੋਂ ਲੋਕਾਂ ਦਾ ਜੋਸ਼ ਵੀ ਖਤਮ ਹੋਣਾ ਸ਼ੁਰੂ ਹੋ ਗਿਆ। ਮਹਾਤਮਾ ਗਾਂਧੀ ਨੇ ਕਾਂਗਰਸ ਨੂੰ ਸ਼ਹਿਰੀ ਹੁਕਮ ਅਦੂਲੀ ਦੀ ਥਾਂ ਵਿਅਕਤੀਗਤ ਹੁਕਮ ਅਦੂਲੀ ਸ਼ੁਰੂ ਕਰਨ ਦਾ ਸੁਝਾਅ ਦਿੱਤਾ। ਪਰ

1934 ਵਿੱਚ ਕਾਂਗਰਸ ਕਾਰਜਕਾਰੀ ਕਮੇਟੀ ਨੇ ਇਕ ਮਤਾ ਪਾਸ ਕਰਕੇ ਸ਼ਹਿਰੀ ਹੁਕਮ ਅਦੂਲੀ ਅੰਦੋਲਨ ਨੂੰ ਖਤਮ ਕਰਨ ਦਾ ਫੈਸਲਾ ਲਿਆ। ਅੰਦੋਲਨ ਦੇ ਦੂਜੇ ਫੇਜ਼ ਵਿਚ ਲੱਗਭੱਗ 20,000 ਸੱਤਿਆਗ੍ਰਹਿਆਂ ਨੇ ਗ੍ਰਿਫਤਾਰੀਆਂ ਦਿੱਤੀਆਂ। ਪਰ ਅੰਦੋਲਨ ਦੇ ਅਚਾਨਕ ਖਾਤਮੇ ਮਹਾਤਮਾ ਗਾਂਧੀ ਦੀ ਬਹੁਤ ਆਲੋਚਨਾ ਹੋਈ।

ਇਸ ਮਾਮਲੇ ਨੂੰ ਸੁਲਝਾਉਣ ਲਈ ਅਤੇ ਭਾਰਤੀ ਸਮੱਸਿਆਵਾਂ ਦਾ ਪੱਕਾ ਹੱਲ ਲੱਭਣ ਲਈ 2 ਨਵੰਬਰ 1930 ਨੂੰ ਗੋਲਮੇਜ਼ ਕਾਨਫਰੰਸ ਬੁਲਾਈ ਗਈ। ਭਾਰਤੀ ਸਟੇਟਾਂ ਦੇ ਪ੍ਰਤੀਨਿਧਾਂ ਨੂੰ ਵੀ ਪਹਿਲੀ ਵਾਰ ਇਸ ਵਿਚ ਬੁਲਾਇਆ ਗਿਆ। ਕਾਂਗਰਸ ਨੇ, ਜੋ ਕਿ ਸਭ ਤੋਂ ਵੱਡੀ ਰਾਜਨੀਤਿਕ ਪਾਰਟੀ ਸੀ, ਸ਼ਹਿਰੀ ਹੁਕਮ ਅਦੂਲੀ ਅੰਦੋਲਨ ਦੇ ਕਾਰਣ ਇਸ ਦਾ ਬਾਈਕਾਟ ਕੀਤਾ। 25 ਜਨਵਰੀ 1931 ਨੂੰ ਵਾਇਸਰਾਏ ਨੇ ਇਕ ਹੁਕਮ ਨਾਲ ਕਾਂਗਰਸ ਵਰਕਿੰਗ ਕਮੇਟੀ ਤੇ ਲਗਾਈ ਬੰਦਸ਼ ਹਟਾ ਲਈ ਤੇ ਇਸ ਦੇ ਮੈਂਬਰਾਂ ਨੂੰ ਜੇਲ੍ਹਾਂ ਵਿਚੋਂ ਰਿਹਾ ਕਰ ਦਿੱਤਾ। 5 ਮਈ 1931 ਨੂੰ ਗਾਂਧੀ ਤੇ ਵਾਇਸਰਾਏ ਵਿਚ ਇਕ ਪੈਕਟ ਹੋ ਗਿਆ ਜਿਸਨੂੰ ਗਾਂਧੀ-ਇਰਵਨ ਫੈਸਲਾ ਕਿਹਾ ਜਾਂਦਾ ਹੈ। ਇਸ ਪੈਕਟ ਕਰਕੇ ਸ਼ਹਿਰੀ ਹੁਕਮ ਅਦੂਲੀ ਅੰਦੋਲਨ ਮੁਅੱਤਲ ਕਰ ਦਿੱਤਾ ਗਿਆ। ਗਾਂਧੀ ਜੀ ਨੇ, ਦੂਜੀ ਗੋਲਮੇਜ਼ ਕਾਨਫਰੰਸ ਵਿਚ ਕਾਂਗਰਸ ਦੇ ਪ੍ਰਤਿਨਿਧ ਦੇ ਤੌਰ ਤੇ ਭਾਗ ਲਿਆ।

## ਭਾਰਤ ਛੱਡੋ ਅੰਦੋਲਨ

**ਪਾਠ ਦੀ ਬਣਤਰ –**

**1. ਭੂਮਿਕਾ**

**1.1 ਭਾਰਤ ਛੱਡੋ ਅੰਦੋਲਨ**

**1.2 ਉਦੇਸ਼ ਅਤੇ ਮਨੋਰਥ**

**1.3 ਸੁਭਾਅ ਅਤੇ ਖੇਤਰ**

**1.4 ਕਾਂਗਰਸ ਨੂੰ ਗੈਰ ਕਾਨੂੰਨੀ ਘੋਸ਼ਿਤ ਕਰਨਾ**

**1.5 ਕਾਂਗਰਸ ਨੂੰ ਗੈਰ-ਕਾਨੂੰਨੀ ਘੋਸ਼ਿਤ ਕਰਨਾ**

**ਪਾਠ ਦਾ ਉਦੇਸ਼ –**

1. ਭਾਰਤ ਛੱਡੋ ਅੰਦੋਲਨ ਲਈ ਜ਼ਿੰਮੇਵਾਰ ਪ੍ਰਸਥਿਤੀਆਂ ਨਾਲ ਜਾਣ ਪਛਾਣ
2. ਅੰਦੋਲਨ ਦੇ ਟੀਚੇ
3. ਅੰਦੋਲਨ ਦਾ ਸਰੂਪ ਅਤੇ ਪ੍ਰੋਗਰਾਮ
4. ਬ੍ਰਿਟਿਸ਼ ਸਰਕਾਰ ਦੇ ਅੰਦੋਲਨ ਨੂੰ ਖਤਮ ਕਰਨ ਦੇ ਯਤਨ

**ਭੂਮਿਕਾ :-**

ਦੂਜਾ ਸੰਸਾਰ ਯੁੱਧ ਜੋ 1939 ਵਿਚ ਸ਼ੁਰੂ ਹੋਇਆ, ਸੰਸਾਰ ਦੀਆਂ ਵੱਡੀਆਂ ਤਾਕਤਾਂ ਨੂੰ ਦੋ ਗਰੁੱਪਾਂ ਵਿਚ ਵੰਡ ਦਿੱਤਾ। ਇਕ ਪਾਸੇ ਜਰਮਨੀ, ਇਟਲੀ ਤੇ ਜਾਪਾਨ ਸਨ ਅਤੇ ਦੂਜੇ ਪਾਸੇ ਫਰਾਂਸ, ਬਰਤਾਨੀਆ, ਰੂਸ ਅਤੇ ਸੰਯੁਕਤ ਰਾਜ ਅਮਰੀਕਾ ਸਨ। ਭਾਰਤ ਦੇ ਅੰਗਰੇਜ਼ ਵਾਇਸਰਾਏ ਨੇ ਬਿਨਾਂ ਲੋਕਾਂ ਜਾਂ ਰਾਜਨੀਤਿਕ ਪਾਰਟੀਆਂ ਦੀ ਸਲਾਹ ਦੇ ਭਾਰਤ ਨੂੰ ਯੁੱਧ ਵਿਚ ਧੱਕ ਦਿੱਤਾ। ਕਾਂਗਰਸ ਦੀ ਸੂਬਿਆਂ ਦੀਆਂ ਸਰਕਾਰਾਂ ਨੇ ਇਸ ਦਾ ਵਿਰੋਧ ਕੀਤਾ ਤੇ ਅਸਤੀਫੇ ਦੇ ਦਿੱਤੇ। ਬਰਤਾਨੀਆ ਸਰਕਾਰ ਨੇ ਭਾਰਤੀ ਰਾਜਨੀਤਕ ਪਾਰਟੀਆਂ ਨੂੰ ਮਨਾਉਣ ਲਈ ਕ੍ਰਿਪਸ ਮਿਸ਼ਨ ਭੇਜਿਆ। ਇਹ ਮਿਸ਼ਨ ਆਪਣੇ ਉਦੇਸ਼ ਵਿਚ ਅਸਫਲ ਰਿਹਾ। ਗਾਂਧੀ ਜੀ ਨੇ 1942 ਵਿਚ ਅੰਗਰੇਜ਼ਾਂ ਨੂੰ ਭਾਰਤ ਚੋਂ ਕੱਢਣ ਲਈ ਭਾਰਤ ਛੱਡੋ (Quit India) ਲਹਿਰ ਚਲਾਈ।

## 1.1 ਭਾਰਤ ਛੱਡੋ ਅੰਦੋਲਨ

ਕ੍ਰਿਪਸ ਦੇ ਸੁਝਾਅ ਦੇ ਅਸਫ਼ਲ ਹੋਣ ਨਾਲ ਅਤੇ ਉਸ ਦੇ ਅਚਨਚੇਤੀ ਭਾਰਤ ਛੱਡਣ ਦੇ ਕਾਰਣ ਭਾਰਤੀ ਲੋਕਾਂ ਦੇ ਮਨਾਂ ਵਿਚ ਬਹੁਤ ਨਿਰਾਸ਼ਾ ਪੈਦਾ ਹੋਈ। ਅਜਿਹਾ ਮਹਿਸੂਸ ਕੀਤਾ ਗਿਆ ਕਿ ਅਮਰੀਕਨ ਅਤੇ ਚੀਨੀ ਲੋਕਾਂ ਨੂੰ ਖੁਸ਼ ਕਰਨ ਲਈ ਬਰਤਾਨਵੀ ਸਰਕਾਰ ਨੇ ਇਹ ਮਿਸ਼ਨ ਭੇਜਿਆ ਸੀ, ਉਸ ਦਾ ਠੋਸ ਰਿਆਇਤ ਦੇਣ ਦਾ ਕੋਈ ਵਿਚਾਰ ਨਹੀਂ ਸੀ। ਬਰਤਾਨਵੀ ਸਰਕਾਰ ਵੀ ਦੁਨੀਆਂ ਨੂੰ ਇਹ ਦਿਖਾਉਣਾ ਚਾਹੁੰਦੀ ਸੀ ਕਿ ਹਿੰਦੁਸਤਾਨੀ ਲੋਕਾਂ ਦੇ ਆਪਣੇ ਮਤਭੇਦ ਹੋਣ ਦੇ ਕਾਰਣ ਭਾਰਤ ਨੂੰ ਆਜ਼ਾਦੀ ਨਹੀਂ ਦਿੱਤੀ ਜਾ ਸਕਦੀ ਸੀ। ਕ੍ਰਿਪਸ ਮਿਸ਼ਨ ਦੇ ਦੌਰਾਨ ਅਤੇ ਬਾਅਦ ਵਿਚ ਵੀ ਭਾਰਤੀ ਸਰਕਾਰ ਲੋਕਾਂ ਦੀ ਸਾਧਾਰਣ ਰਾਜਨੀਤਿਕ ਕਾਰਵਾਈ ਦੇ ਦੌਰਾਨ ਕੁਚਲਣ ਵਿਚ ਲੱਗੀ ਸੀ। ਡਿਫੈਂਸ ਆਫ਼ ਇੰਡੀਆ ਦੇ ਅਧੀਨ ਰਫੀ ਅਹਿਮਦ ਕਿਦਵਈ ਅਤੇ ਕੁਝ ਹੋਰ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸੁਭਾਸ਼ ਚੰਦਰ ਬੋਸ ਰੇਡੀਉ ਰਾਹੀਂ ਭਾਰਤੀ ਲੋਕਾਂ ਨੂੰ ਬਰਤਾਨੀਆਂ ਦੇ ਵਿਰੁੱਧ ਵਿਦਰੋਹੀ ਕਰਨ ਲਈ ਭੜਕਾ ਰਿਹਾ ਸੀ ਅਤੇ ਜਾਪਾਨ ਨਾਲ ਸਹਿਯੋਗ ਕਰਨ ਲਈ ਜ਼ੋਰ ਦੇ ਰਿਹਾ ਸੀ। ਭਾਰਤੀਆਂ ਵਿਚ ਬਰਤਾਨੀਆ ਦੇ ਵਿਰੁੱਧ ਕੌੜਾਪਨ ਵਧ ਰਿਹਾ ਸੀ। ਮਹਾਤਮਾ ਗਾਂਧੀ ਸਾਮਰਾਜ ਦੀ ਲੜਾਈ ਨੂੰ ਸ਼ਾਂਤ ਅਤੇ ਸਮਝਾਉਣ ਦੀ ਨੈਤਿਕ ਸ਼ਕਤੀ ਨਾਲ ਸਮਾਪਤ ਕਰਨਾ ਚਾਹੁੰਦੇ ਸਨ। ਕਾਂਗਰਸ ਲੀਡਰਾਂ ਵਿਚ ਵੀ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਜਿਹੜੀ ਇਲਾਹਾਬਾਦ ਵਿਚ ਪਹਿਲੀ ਮਈ 1942 ਦੇ ਵਿਚ ਹੋਈ, ਇਸ ਵਿਚ ਉਨ੍ਹਾਂ ਦੇ ਮਤਭੇਦ ਸਪਸ਼ਟ ਸਾਹਮਣੇ ਆ ਗਏ। ਰਾਜਗੋਪਾਲਾਚਾਰੀਆ ਨੇ ਇਹ ਮਤਾ ਪਾਸ ਕਰਨ ਲਈ ਕਿਹਾ ਕਿ ਪਾਕਿਸਤਾਨ ਲਈ ਲੀਗ ਦੀ ਮੰਗ ਮੰਨ ਲਈ ਜਾਵੇ, ਕਾਂਗਰਸ ਲੀਗ ਦਾ ਇਕ ਸਾਂਝਾ ਫਰੰਟ ਬਰਤਾਨਵੀ ਸਰਕਾਰ ਦੇ ਸਾਹਮਣੇ ਪੇਸ਼ ਕੀਤਾ ਜਾਵੇ। ਇਹ ਮਤਾ 120 ਪੱਖ ਤੇ 15 ਵਿਰੋਧ ਨਾਲ ਰੱਦ ਕਰ ਦਿੱਤਾ ਗਿਆ ਅਤੇ ਨਹਿਰੂ ਦੇ ਵਿਚਕਾਰ ਜਾਪਾਨ ਦੇ ਬਾਰੇ ਕਾਂਗਰਸੀ ਦ੍ਰਿਸ਼ਟੀਕੋਣ ਸੰਬੰਧੀ ਮਤਭੇਦ ਸੀ। ਮਹਾਤਮਾ ਗਾਂਧੀ ਬਰਤਾਨੀਆ ਨੂੰ ਬਾਹਰ ਕਢਣ ਦੇ ਪੱਖ ਵਿਚ ਸੀ ਅਤੇ ਜਾਪਾਨ ਦੇ ਵਿਰੁੱਧ ਅਸਹਿਯੋਗ ਦੀ ਪਾਲਿਸੀ ਠੀਕ ਸਮਝਦੇ ਸਨ। ਨਹਿਰੂ ਚਾਹੁੰਦੇ ਸਨ ਕਿ ਆਜ਼ਾਦ ਭਾਰਤ ਫਾਈਸਏ ਅਤੇ ਨਾਜ਼ੀ ਫੌਜਦਾਰ ਦੇ ਖਿਲਾਫ਼ ਮਿੱਤਰ ਰਾਸ਼ਟਰਾਂ ਦੇ ਨਾਲ ਸਹਿਯੋਗ ਕਰੇ। ਇਕ ਸਾਦਾ ਮਤਾ ਪਾਸ ਕੀਤਾ ਗਿਆ, ਜਿਸ ਵਿਚ ਭਾਰਤ ਦੀ ਏਕਤਾ, ਭਾਰਤ ਵਿਚੋਂ ਵਿਦੇਸ਼ੀ ਫੌਜਾਂ ਨੂੰ ਬਾਹਰ ਕੱਢਣ ਤੇ ਜ਼ੋਰ ਦੇਣਾ ਅਤੇ ਅਸਹਿਯੋਗ ਤੇ ਛੇਤੀ ਹੀ ਕਾਂਗਰਸ ਤੋਂ ਅਸਤੀਫ਼ਾ ਦੇ ਦਿੱਤਾ। ਜੂਨ 1942 ਵਿਚ ਗਾਂਧੀ ਅਤੇ ਨਹਿਰੂ ਨੇ ਆਪਣੇ ਵਿਚਾਰਾਂ ਬਾਰੇ ਚਰਚਾ ਕੀਤੀ। ਗਾਂਧੀ ਜੀ ਨੂੰ ਰਾਜ਼ੀ ਕਰ ਲਿਆ ਅਤੇ ਨਹਿਰੂ ਨੇ ਗਾਂਧੀ ਦੀ ਪੁਸ਼ਟੀ ਕਰ ਦਿੱਤੀ। ਆਜ਼ਾਦ ਅਤੇ ਸਰਦਾਰ ਪਟੇਲ ਨੇ ਭਾਰਤ ਵਿਚ ਰਾਜਨੀਤਿਕ ਵਿਦਰੋਹ ਦੀ ਪਾਲਿਸੀ ਮਨਜ਼ੂਰ ਕਰ ਲਈ। ਸਾਰੇ ਲੀਡਰਾਂ ਨੇ ਸਮਝੌਤੇ ਅਤੇ ਸਮਝਦਾਰੀ ਦੀ ਭਾਵਨਾ ਨਾਲ ਗਾਂਧੀ ਦੀ ਗੱਲ ਮੰਨ ਲਈ।

## 1.2 ਉਦੇਸ਼ ਅਤੇ ਮਨੋਰਥ

ਕਾਂਗਰਸ ਨੇ ਜਿਹੜਾ ਪ੍ਰਤੀਰੋਧ ਨੂੰ ਸ਼ੁਰੂ ਕਰਨਾ ਸੀ ਉਸ ਦੇ ਉਦੇਸ਼ ਅਤੇ ਮਨੋਰਥ ਬਾਰੇ ਕਾਂਗਰਸ ਵਰਕਿੰਗ ਕਮੇਟੀ ਨੇ ਜੁਲਾਈ 1942 ਵਿਚ ਚਰਚਾ ਕੀਤੀ। ਇਕ ਹਫ਼ਤੇ ਦੀ ਬਹਿਸ ਤੇ ਸਮਝੌਤੇ ਰਾਹੀਂ 4 ਜੁਲਾਈ 1942 ਦੇ ਦਿਨ ਇਕ ਮਤਾ ਪਾਸ ਕੀਤਾ ਗਿਆ। ਇਸ ਮਤੇ ਵਿਚ ਐਲਾਨ ਕੀਤਾ ਗਿਆ ਕਿ ਕ੍ਰਿਪਸ ਦੀ ਤਜ਼ਵੀਜ ਸਪਸ਼ਟ ਕਰਦੀ ਹੈ ਕਿ ਭਾਰਤ ਵਲ ਬਰਤਾਨਵੀ ਦ੍ਰਿਸ਼ਟੀਕੋਣ ਵਿਚ ਕੋਈ ਅੰਤਰ ਨਹੀਂ ਆਇਆ ਅਤੇ ਬਰਤਾਨੀਆਂ ਦੇ ਵਿਰੁੱਧ ਨਿਰਾਸ਼ਤਾ ਅਤੇ ਬੁਰੀ ਭਾਵਨਾਵਾਂ ਵਧ ਰਹੀਆਂ ਸਨ। ਕਿਉਂਕਿ ਲੋਕ ਅੜੀਅਲ ਹੁੰਦੇ ਜਾ ਰਹੇ ਸਨ ਅਤੇ ਜਾਪਾਨ ਲਈ ਉਨ੍ਹਾਂ ਦੀ ਹਮਦਰਦੀ ਵੱਧ ਰਹੀ ਸੀ ਅਤੇ ਕਾਂਗਰਸ ਭਾਰਤ ਵਿਚ ਬਰਤਾਨਵੀ ਸ਼ਕਤੀ ਦੇ ਵਿਰੁੱਧ ਇਕ ਪ੍ਰਤੀਰੋਧ ਅੰਦੋਲਨ ਸ਼ੁਰੂ ਕਰਨ ਵਾਲੀ ਸੀ। ਮਤੇ ਵਿਚ ਇਹ ਦਸਿਆ ਗਿਆ ਕਿ ਸੰਪਰਦਾਇਕ ਸਮੱਸਿਆ, ਵੰਡ ਤੇ ਰਾਜ ਕਰਨ ਦੀ ਬਰਤਾਨਵੀ ਪਾਲਿਸੀ ਦੇ ਕਾਰਣ ਗੱਲ ਨਹੀਂ ਹੋ ਸਕਦੀ ਅਤੇ ਇਕ ਅਸਥਾਈ ਸਰਕਾਰ ਦੀ ਸਥਾਪਨਾ ਲਈ ਮੰਗ ਕੀਤੀ ਗਈ, ਜਿਸ ਵਿਚ ਸਾਰੀਆਂ ਜਮਾਤਾਂ ਦੇ ਲੋਕ ਹੋਣ ਅਤੇ ਇਕ ਸੰਵਿਧਾਨ ਅਸੈਂਬਲੀ ਬੁਲਾਉਣ ਲਈ ਆਖਿਆ ਗਿਆ, ਜਿਸ ਨਾਲ ਸਾਰੀਆਂ ਪਾਰਟੀਆਂ ਨਾਲ ਸੁਧਾਰ ਸੰਬੰਧਾਂ ਦੀ ਵਿਵਸਥਾ ਕੀਤੀ ਜਾਵੇ ਅਤੇ ਭਾਰਤ ਖਾਲੀ ਕਰਨ ਤੋਂ ਬਾਅਦ ਇੰਗਲੈਂਡ ਨਾਲ ਵੀ ਸੰਬੰਧ ਸਥਾਪਿਤ ਕੀਤਾ ਜਾਵੇ। 8 ਅਗਸਤ 1942 ਦੇ ਦਿਨ ਬੰਬਈ ਵਿਚ ਆਲ ਇੰਡੀਆ ਕਾਂਗਰਸ ਕਮੇਟੀ ਨੇ ਇਸ ਮਤੇ ਦੀ ਪੁਸ਼ਟੀ ਕਰ ਦਿੱਤੀ। ਜਿਸ ਵਿਚ ਐਲਾਨ ਕੀਤਾ ਕਿ

ਭਾਰਤ ਵਿਚ ਬਰਤਾਨਵੀ ਰਾਜ ਇਕ ਤੁਰੰਤ ਅਤੇ ਜ਼ਰੂਰੀ ਮੁੱਦਾ ਹੈ ਜਿਸ ਤੇ ਮਹਾਂਯੁੱਧ ਦਾ ਭਵਿੱਖ ਨਿਰਭਰ ਹੈ ਅਤੇ ਲੋਕਤੰਤਰ ਤੇ ਆਜ਼ਾਦੀ ਦੀ ਸਫ਼ਲਤਾ ਵੀ ਇਸ ਤੇ ਹੀ ਨਿਰਭਰ ਹੈ। ਇਕ ਆਜ਼ਾਦ ਭਾਰਤ ਹੀ ਭਾਰਤੀਆਂ ਨੂੰ ਸਫ਼ਲਤਾ ਦਾ ਯਕੀਨ ਦਿਵਾ ਸਕਦਾ ਹੈ ਕਿਉਂਕਿ ਉਹ ਆਜ਼ਾਦੀ ਦੇ ਸੰਘਰਸ਼ ਵਿਚ ਆਪਣੇ ਸਾਰੇ ਸਾਧਨ ਦੇਵੇਗਾ ਅਤੇ ਨਾਜ਼ੀਵਾਦ, ਫਾਸੀਵਾਦ ਅਤੇ ਸਾਮਰਾਜਵਾਦ ਦੇ ਵਿਰੁੱਧ ਸੰਘਰਸ਼ ਕਰੇਗਾ। ਅੰਦੋਲਨ ਦਾ ਆਧਾਰ ਅਹਿੰਸਾ ਸੀ, A.I.C.C. ਨੇ ਬਰਤਾਨੀਆ ਅਤੇ U.S.A. ਨੂੰ ਬੜੀ ਗਰਮਜੋਸ਼ੀ ਨਾਲ ਅਪੀਲ ਕੀਤੀ ਕਿ ਉਹ ਸਮਝਦਾਰੀ ਦੀ ਗੱਲ ਤੇ ਧਿਆਨ ਦੇਣ ਅਤੇ ਇਸ ਗੱਲ ਤੇ ਜ਼ੋਰ ਦਿਤਾ ਕਿ ਅੰਦੋਲਨ ਕੇਵਲ ਉਸ ਸਮੇਂ ਸ਼ੁਰੂ ਹੋਵੇਗਾ ਜਦੋਂ ਸਮਝੌਤਾ ਕਰਨ ਦੇ ਸਾਰੇ ਯਤਨ ਬਰਤਾਨੀਆ ਅਸਫ਼ਲ ਕਰ ਦੇਵੇਗਾ। ਇਸ ਦੇ ਬਾਅਦ ਗਾਂਧੀ ਜੀ ਅੰਦੋਲਨ ਆਰੰਭ ਕਰਨਗੇ। ਇਸ ਪ੍ਰਕਾਰ ਸਭ ਨੇ ਅੰਦੋਲਨ ਸ਼ੁਰੂ ਕਰਨ ਲਈ ਕਿਹਾ, ਪਰ ਕੇਵਲ ਇਹ ਦਸਿਆ ਕਿ ਜੇਕਰ ਸ਼ਾਂਤੀਪੂਰਣ ਢੰਗ ਨਾਲ ਸ਼ਕਤੀ ਭਾਰਤੀਆਂ ਨੂੰ ਨਹੀਂ ਦਿੱਤੀ ਗਈ ਤਾਂ ਕਾਂਗਰਸ ਅੰਦੋਲਨ ਆਰੰਭ ਕਰਨ ਲਈ ਮਜ਼ਬੂਰ ਹੋ ਜਾਵੇਗੀ। ਇਸ ਮਤੇ ਨੂੰ ਸਰਕਾਰ, ਅਖਬਾਰ ਅਤੇ ਲੋਕਾਂ ਨੇ ਭਾਰਤ ਛੱਡੋ ਮਤੇ ਦਾ ਨਾਂ ਦਿਤਾ ਅਤੇ ਅੰਦੋਲਨ ਜਿਹੜਾ ਕਾਂਗਰਸ ਦੇ ਅਧੀਨ ਆਰੰਭ ਹੋਇਆ ਉਸਨੂੰ 'ਭਾਰਤ ਛੱਡੋ ਅੰਦੋਲਨ' ਕਿਹਾ ਗਿਆ। ਐਮ.ਏ. ਜਿਨਾਹ ਮੁਸਲਿਮ ਲੀਗ ਨੇ ਮਤੇ ਇਸ ਦੇ ਪ੍ਰਤੀਰੋਧ ਦੇ ਪ੍ਰੋਗਰਾਮ ਦਾ ਵਿਰੋਧ ਕੀਤਾ। 14 ਜੁਲਾਈ ਦੇ ਦਿਨ ਬਰਮਾ ਅਤੇ 8 ਅਗਸਤ 1941 ਦੇ ਦਿਨ ਬੰਬਈ ਵਿਚ ਇਸ ਮਤੇ ਦੇ ਉਦੇਸ਼ ਉਤੇ ਮਨੋਰਥ ਤਿਆਰ ਕੀਤੇ ਗਏ, ਇਹ ਹੇਠ ਲਿਖੇ ਹਨ :

(1) ਭਾਰਤ ਦੇ ਵਿਦੇਸ਼ੀ ਅਧਿਕਾਰ ਨੂੰ ਹਟਾਉਣਾ, ਜਿਸ ਨਾਲ ਭਾਰਤ ਆਜ਼ਾਦ ਅਤੇ ਸੁਤੰਤਰ ਹੋ ਜਾਵੇ। ਜਦੋਂ ਇਹ ਸ਼ਕਤੀ ਭਾਰਤ ਨੂੰ ਪ੍ਰਾਪਤ ਹੋਵੇ ਤਾਂ ਇਹ ਸ਼ਕਤੀ ਸਾਰੇ ਭਾਰਤ ਦੇ ਲੋਕਾਂ ਨੂੰ ਪ੍ਰਾਪਤ ਹੋਣੀ ਚਾਹੀਦੀ ਹੈ, ਕੇਵਲ ਕਾਂਗਰਸ ਨੂੰ ਨਹੀਂ।

(2) ਬਰਤਾਨੀਆ ਦੇ ਵਿਰੁਧ ਵਧਦੀ ਹੋਈ ਨਿਰਾਸ਼ਤਾ ਨੂੰ ਰੋਕਣ ਲਈ ਇਹ ਜ਼ਰੂਰੀ ਹੈ ਕਿ ਭਾਰਤੀਆਂ ਨੂੰ ਆਜ਼ਾਦੀ ਦੇ ਦਿਤੀ ਜਾਵੇ।

(3) ਸੰਪਰਦਾਇਕ ਸ਼ਾਂਤੀ ਪ੍ਰਾਪਤ ਕਰਨ ਲਈ ਇਕ ਅਸਥਾਈ ਸਰਕਾਰ ਦੀ ਸਥਾਪਨਾ ਕੀਤੀ ਜਾਵੇ।

(4) ਨਾਜ਼ੀਵਾਦ ਅਤੇ ਫਾਸੀਵਾਦ ਭਾਰਤ ਦੇ ਖਿਲਾਫ਼ ਦੇ ਸਾਰੇ ਸਾਧਨ ਲਗਾ ਦਿੱਤੇ ਜਾਣ।

(5) ਏਸ਼ੀਆ ਦੇ ਰਾਸ਼ਟਰ ਜਿਹੜੇ ਵਿਦੇਸ਼ੀ ਰਾਜ ਦੇ ਅਧੀਨ ਹਨ ਉਨ੍ਹਾਂ ਦੀ ਸਹਾਇਤਾ ਕੀਤੀ ਜਾਵੇ, ਜਿਸ ਨਾਲ ਉਹ ਆਪਣੀ ਆਜ਼ਾਦੀ ਪ੍ਰਾਪਤ ਕਰ ਸਕਣ ਅਤੇ ਅੱਗੇ ਤੋਂ ਅਜਿਹਾ ਪ੍ਰਬੰਧ ਕੀਤਾ ਜਾਵੇ ਕਿ ਉਹ ਮੁੜ ਕਿਸੇ ਵੱਡੀ ਸ਼ਕਤੀ ਦੇ ਅਧੀਨ ਨਾ ਹੋ ਸਕਣ।

(6) ਵਿਸ਼ਵ ਦੀ ਇਕ ਫੈਡਰੇਸ਼ਨ ਬਣਾਈ ਜਾਵੇ, ਜਿਹੜੀ ਹਰ ਦੇਸ਼ ਦੀਆਂ ਫੌਜਾਂ, ਹਵਾਈ ਫੌਜਾਂ ਅਤੇ ਸਮੁੰਦਰੀ ਫੌਜਾਂ ਨੂੰ ਸਮਾਪਤ ਕਰਵਾਏ ਇਸ ਪ੍ਰਕਾਰ ਜਿਹੜੇ ਸਾਧਨ ਪ੍ਰਾਪਤ ਹੋਣ, ਉਨ੍ਹਾਂ ਨਾਲ ਮਨੁੱਖਤਾ ਦੀ ਭਲਾਈ ਕੀਤੀ ਜਾਵੇ।

## 1.3 ਸੁਭਾਅ ਅਤੇ ਖੇਤਰ (Nature and Scope)

ਇਸ ਅੰਦੋਲਨ ਦੇ ਉਦੇਸ਼ ਅਤੇ ਮਨੋਰਥ ਰਾਸ਼ਟਰੀ ਹਿੱਤਾਂ ਦੀ ਥਾਂ ਅੰਤਰਰਾਸ਼ਟਰੀ ਲੋੜਾਂ ਅਤੇ ਮਨੁੱਖੀ ਸਮਝ ਤੇ ਆਧਾਰਿਤ ਸਨ। ਇਹ ਅੰਦੋਲਨ ਅਹਿੰਸਕ ਹੋਵੇਗਾ, ਕਿਉਂਕਿ ਗਾਂਧੀ ਜੀ ਨੇ ਇਸ ਨੂੰ ਅਹਿੰਸਕ ਅਸਹਿਯੋਗ ਅੰਦੋਲਨ ਦਾ ਨਾਂ ਦਿੱਤਾ ਸੀ ਅਤੇ ਕਿਹਾ ਸੀ ਕਿ ਕਿਸੇ ਵੀ ਪਰਸਥਿਤੀ ਵਿਚ ਭਾਵੇਂ ਕਿੰਨਾ ਵੀ ਭੜਕਾਉਣ ਦਾ ਯਤਨ ਕੀਤਾ ਜਾਵੇ, ਲੋਕਾਂ ਨੂੰ ਹਿੰਸਾ ਨਹੀਂ ਕਰਨੀ ਚਾਹੀਦੀ।

ਇਸ ਅੰਦੋਲਨ ਵਿਚ ਦੇਸ਼ ਦੇ ਸਾਰੇ ਜਮਾਤਾਂ ਦੇ ਲੋਕ ਸ਼ਾਮਿਲ ਹੋਣੇ ਸਨ। ਮੁਸਲਮਾਨ, ਸਿੱਖ, ਈਸਾਈ, ਪਾਰਸੀ, ਸਾਰਿਆਂ ਨੂੰ ਗਾਂਧੀ ਜੀ ਨੇ ਇਸ ਅੰਦੋਲਨ ਵਿਚ ਹਿੱਸਾ ਲੈਣ ਲਈ ਸੱਦਿਆ ਸੀ। ਦੇਸੀ ਰਾਜਿਆਂ, ਵਪਾਰੀਆਂ ਅਤੇ ਹੋਰ ਧਨੀ ਲੋਕਾਂ ਨੂੰ ਵੀ ਉਨ੍ਹਾਂ ਦੇ ਸੰਘਰਸ਼ ਵਿਚ ਹਿੱਸਾ ਲੈਣ ਲਈ ਅਤੇ ਅਗਵਾਈ ਕਰਨ ਲਈ ਕਿਹਾ। ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵੀ ਪ੍ਰਤੀਰੋਧ ਦੀ ਕਿਰਿਆ ਵਿਚ ਮਹੱਤਵਪੂਰਨ ਹਿੱਸਾ ਲੈਣ ਲਈ ਕਿਹਾ

ਗਿਆ। ਮਜ਼ਦੂਰਾਂ ਅਤੇ ਕਿਸਾਨਾਂ ਨੂੰ ਵੀ ਕਿਹਾ ਗਿਆ ਕਿ ਉਹ ਅੰਦੋਲਨ ਮਜ਼ਬੂਤ ਬਣਾਉਣ। ਗਾਂਧੀ ਜੀ ਨੇ ਸਰਕਾਰੀ ਨੌਕਰਾਂ ਅਤੇ ਫੌਜ ਦੇ ਸਿਪਾਹੀਆਂ ਨੂੰ ਵੀ ਆਜ਼ਾਦੀ ਅਤੇ ਮੁਕਤੀ ਪ੍ਰਾਪਤ ਕਰਨ ਵਿਚ ਸਹਾਇਤਾ ਕਰਨ ਲਈ ਕਿਹਾ।

ਇਸ ਅੰਦੋਲਨ ਵਿਚ ਕੇਵਲ ਜੇਲ ਜਾਣਾ ਨਹੀਂ ਸੀ। ਇਸ ਵਿਚ ਪ੍ਰਤੀਰੋਧ ਦੇ ਕਈ ਰੂਪ ਸਨ। ਟੈਕਸ ਨਾ ਦੇਣਾ, ਹੁਕਮ ਨਾ ਮੰਨਣਾ, ਕੰਮ ਕਰਨ ਤੋਂ ਮਨਾ ਕਰ ਦੇਣਾ ਆਦਿ ਸਭ ਸ਼ਾਮਿਲ ਸਨ। ਗਾਂਧੀ ਜੀ ਇਸ ਗੱਲ ਲਈ ਰਾਜੀ ਸਨ ਕਿ ਇਕ ਆਮ ਹੜਤਾਲ ਕੀਤੀ ਜਾਵੇ, ਜੇਕਰ ਜਰੂਰੀ ਹੋਵੇ। ਉਹ ਚਾਹੁੰਦੇ ਸਨ ਕਿ ਇਹ ਹਲਚਲ ਛੇਤੀ ਪਰ ਤੀਬਰ ਹੋਵੇ। A.I.C.C. ਨੇ ਜਵਾਹਰ ਲਾਲ ਨਹਿਰੂ ਨੂੰ ਅਧਿਕਾਰ ਦਿਤਾ ਕਿ ਉਹ ਅਮਰੀਕਾ ਅਤੇ ਸਾਰੀ ਦੁਨੀਆਂ ਨੂੰ 9 ਅਗਸਤ 1942 ਦੇ ਦਿਨ ਇਸ ਅੰਦੋਲਨ ਦੇ ਖੇਤਰ ਅਤੇ ਕਾਰਵਾਈ ਬਾਰੇ ਜਾਣਕਾਰੀ ਦੇਣ। ਬਰਤਾਨਵੀ ਸਰਕਾਰ ਨੇ ਅੰਦੋਲਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਇਸ ਨੂੰ ਕੁਚਲਣ ਦਾ ਫੈਸਲਾ ਕਰ ਲਿਆ ਸੀ। 9 ਅਗਸਤ ਦੇ ਦਿਨ ਸਵੇਰੇ ਹੀ ਆਜ਼ਾਦ, ਨਹਿਰੂ, ਪਟੇਲ, ਰਾਜਿੰਦਰ ਪ੍ਰਸਾਦ, ਆਚਾਰਯ ਕ੍ਰਿਪਲਾਨੀ, ਆਸਫ਼ ਅਲੀ, ਸ੍ਰੀਮਤੀ ਸਰੋਜਨੀ ਨਾਇਡੂ ਆਦਿ ਸਭ ਨੂੰ ਗ੍ਰਿਫਤਾਰ ਕਰ ਲਿਆ। ਬਰਤਾਨਵੀ ਅਧਿਕਾਰੀਆਂ ਨੇ ਕਾਂਗਰਸ ਪਾਰਟੀ ਦੇ ਲੀਡਰਾਂ ਨੂੰ ਇਹ ਮੌਕਾ ਨਹੀਂ ਦਿੱਤਾ ਕਿ ਉਹ ਇਸ ਹਲਚਲ ਦੀ ਪ੍ਰਕਿਰਤੀ ਅਤੇ ਉਦੇਸ਼ ਸਮਝ ਸਕਣ। ਜਿਹੜੇ ਲੀਡਰ ਲੋਕਾਂ ਨੂੰ ਅਗਵਾਈ ਦਿੰਦੇ, ਉਹਨਾਂ ਦੀ ਗ੍ਰਿਫਤਾਰੀ ਅਤੇ ਗੈਰ ਹਾਜ਼ਰੀ ਵਿਚ ਹਲਚਲ ਹਿੰਸਕ ਹੋ ਗਈ। ਸਾਰੇ ਦੇਸ਼ ਵਿਚ ਗੜਬੜ ਹੋਣ ਲਗ ਪਈ। ਬਿਹਾਰ, ਬੰਗਾਲ, ਬੰਬਈ ਅਤੇ ਉੱਤਰ ਪ੍ਰਦੇਸ਼ ਦੇ ਲੋਕਾਂ ਨੇ ਵਿਰੋਧ ਦੇ ਹਿੰਸਕ ਰੂਪ ਨੂੰ ਵੇਖਿਆ। ਆਵਾਜਾਈ ਵਿਚ ਵਿਘਨ ਪਿਆ। ਬਿਜਲੀ ਅਤੇ ਟੈਲੀਫੋਨ ਦੇ ਤਾਰ ਤੋੜ ਦਿੱਤੇ ਗਏ। ਪੁਲਿਸ ਸਟੇਸ਼ਨਾਂ ਤੇ ਹਮਲਾ ਹੋਇਆ ਅਤੇ ਉਹਨਾਂ ਨੂੰ ਅੱਗ ਲਗਾ ਦਿੱਤੀ ਗਈ। ਰੇਲ ਗੱਡੀਆਂ ਅਤੇ ਫੌਜੀ ਗੱਡੀਆਂ ਨੂੰ ਨਸ਼ਟ ਕਰ ਦਿੱਤਾ ਗਿਆ। ਕਾਲਜ, ਸਕੂਲ ਅਤੇ ਯੂਨੀਵਰਸਿਟੀਆਂ ਬੰਦ ਕਰ ਦਿੱਤੀਆਂ ਗਈਆਂ ਕਿਉਂਕਿ ਬਹੁਤ ਸਾਰੇ ਵਿਦਿਆਰਥੀਆਂ ਅਤੇ ਅਧਿਆਪਕ ਇਸ ਹਲਚਲ ਵਿਚ ਸ਼ਾਮਿਲ ਹੋ ਗਏ ਸਨ। ਮਜ਼ਦੂਰਾਂ ਨੇ ਹੜਤਾਲ ਕਰ ਦਿਤੀ। ਹਿੰਸਾ ਅਤੇ ਗੜਬੜੀ ਹੋਰ ਫੈਲ ਗਈ। ਦੱਖਣੀ ਭਾਰਤ ਵਿਚ ਆਂਧਰਾ ਪ੍ਰਦੇਸ਼, ਮਦਰਾਸ ਅਤੇ ਮੈਸੂਰ ਵਿਚ ਲਗਾਤਾਰ ਸੰਘਰਸ਼ ਹੁੰਦਾ ਰਿਹਾ। ਪੰਜਾਬ, ਸਿੰਧ ਅਤੇ ਉੱਤਰ-ਪੱਛਮੀ ਸਰਹੱਦੀ ਪ੍ਰਾਂਤ ਵਿਚ ਵੀ ਕੁਝ ਨਾ ਕੁਝ ਸੀਮਾ ਤਕ ਅਸਰ ਪਿਆ। ਬਿਹਾਰ ਵਿਚ ਸਮਾਜਵਾਦੀ ਅਤੇ ਕਿਸਾਨਾਂ ਦੇ ਸੰਗਠਨਾਂ ਨੇ ਕਿਸਾਨ ਸਭਾਵਾਂ ਦੇ ਅਧੀਨ ਕਾਂਗਰਸ ਸੋਸਲਿਸਟ ਪਾਰਟੀ ਨੇ ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਵਿਚ ਸਰਕਾਰ ਦੇ ਵਿਰੁੱਧ ਜਨਤਾ ਨੂੰ ਸੰਗਠਿਤ ਕੀਤਾ। ਜੈ ਪ੍ਰਕਾਸ਼ ਨਰਾਇਣ, ਰਾਮ ਮਨੋਹਰ ਲੋਹੀਆ ਅਤੇ ਅਰੁਨ ਆਸਫ਼ ਅਲੀ ਛੁੱਪ ਕੇ ਅੰਦੋਲਨ ਨੂੰ ਜਾਰੀ ਰਖਦੇ ਰਹੇ। 1857 ਦੇ ਬਾਅਦ ਪਹਿਲੀ ਵਾਰੀ ਲੋਕਾਂ ਨੇ ਵਿਦਰੋਹ ਕੀਤਾ ਅਤੇ ਭਾਰਤ ਵਿਚ ਬਰਤਾਨਵੀ ਰਾਜ ਨੂੰ ਚੁਣੌਤੀ ਦਿੱਤੀ।

## 1.4 ਕਾਂਗਰਸ ਨੂੰ ਗੈਰ-ਕਾਨੂੰਨੀ ਘੋਸ਼ਿਤ ਕਰਨਾ :-

**ਭਾਰਤ ਸਰਕਾਰ ਅਤੇ ਪ੍ਰਾਂਤੀ ਸਰਕਾਰਾਂ ਨੇ ਜ਼ੁਲਮ ਕਰਨਾ ਆਰੰਭ ਕਰ ਦਿੱਤਾ। ਕਾਂਗਰਸ ਨੂੰ ਗੈਰ ਕਾਨੂੰਨੀ ਜਮਾਤ ਐਲਾਨ ਕਰ ਦਿੱਤਾ ਗਿਆ। ਕਾਂਗਰਸੀ ਦਫਤਰ ਬੰਦ ਕਰ ਦਿੱਤੇ ਗਏ। ਜਲੂਸ ਅਤੇ ਜਨ-ਸਭਾਵਾਂ ਤੇ ਪਾਬੰਦੀ ਲਗਾ ਦਿੱਤੀ ਗਈ। ਸ਼ਾਂਤੀਪੂਰਨ ਪ੍ਰਦਰਸ਼ਨਾਂ ਤੇ ਪਾਬੰਦੀ ਲਗਾ ਦਿੱਤੀ ਗਈ ਅਤੇ ਗੋਲੀਆਂ ਚਲਾਈਆਂ ਗਈਆਂ। ਭੀੜ ਨੂੰ ਭਜਾਉਣ ਲਈ ਲਾਠੀਚਾਰਜ ਕੀਤਾ ਗਿਆ। ਮਾਈਕਲ ਬੈਕਰ ਦੇ ਸ਼ਬਦਾਂ ਵਿਚ ਸਰਕਾਰੀ ਦਮਨ ਬਹੁਤ ਸਖਤ ਸੀ ਅਤੇ ਪੁਲਿਸ ਰਾਜ ਸਥਾਪਿਤ ਕਰ ਦਿਤਾ, ਜਿਸ ਨਾਲ ਬਰਤਾਨਵੀ ਸਰਕਾਰ ਦੇ ਵਿਰੁਧ ਸਭ ਤੋਂ ਵੱਡੀ ਧਮਕੀ ਅਤੇ ਖਤਰੇ ਨੂੰ ਦਬਾ ਦਿਤਾ ਜਾਵੇ। ਪ੍ਰਧਾਨ ਮੰਤਰੀ ਚਰਚਿਲ ਨੇ ਐਲਾਨ ਕੀਤਾ ਕਿ ਕਾਂਗਰਸ ਅਤੇ ਮਹਾਤਮਾ ਗਾਂਧੀ ਦੇਸ਼ ਦੀ ਗੜਬੜ ਅਤੇ ਹਿੰਸਾ ਲਈ ਜ਼ਿੰਮੇਵਾਰ ਸਨ। ਕਾਂਗਰਸ ਦੇ ਵਿਰੁਧ ਲਗਾਤਾਰ ਬਦਨਾਮੀ ਨੂੰ ਰੋਕਣ ਲਈ ਮਹਾਤਮਾ ਗਾਂਧੀ ਨੇ 10 ਫਰਵਰੀ 1943 ਤੋਂ ਆਤਮ-ਸ਼ੁੱਧਤਾ ਲਈ 2 ਦਿਨਾਂ ਦਾ ਵਰਤ ਆਰੰਭ ਕੀਤਾ। ਇਸ ਵਰਤ ਤੋਂ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪ੍ਰਤੀਕਿਰਆ ਹੋਈ। ਸਰਕਾਰ ਦੀ ਦਮਨਕਾਰੀ ਨੀਤੀ ਨੇ ਅਮਰੀਕਨ ਅਖਬਾਰਾਂ ਅਤੇ ਸਰਕਾਰ ਦੇ ਕੜੇ ਰੁੱਖ ਨੂੰ ਨਰਮ ਕਰ ਦਿਤਾ। ਪ੍ਰੈਜ਼ੀਡੈਂਟ ਰੂਜ਼ਵੈਲਟ ਨੇ ਵਿਲੀਅਮ ਫਿਲਿਪਸ ਨੂੰ ਆਪਣਾ ਪ੍ਰਤੀਨਿਧੀ**

**ਬਣਾ ਕੇ ਭਾਰਤ ਭੇਜਿਆ। ਉਹ ਬਹੁਤ ਤਜਰਬੇਕਾਰ ਅਤੇ ਪੁਰਾਣਾ ਰਾਜਨੀਤੀਵਾਨ ਸੀ। ਵਿਲੀਅਮ ਫਿਲਿਪਸ ਨੇ ਵਾਇਸਰਾਏ ਤੋਂ ਵਰਤ ਦੇ ਦੌਰਾਨ ਗਾਂਧੀ ਨਾਲ ਮਿਲਣ ਦੀ ਆਗਿਆ ਮੰਗੀ ਪਰ ਉਸ ਦੀ ਪ੍ਰਾਰਥਨਾ ਨਾ ਮਨਜ਼ੂਰ ਕਰ ਦਿੱਤੀ ਗਈ। ਪ੍ਰੈਜ਼ੀਡੈਂਟ ਰੂਜ਼ਵੈਲਟ ਅਤੇ ਅਮਰੀਕਨ ਸੈਕਰੇਟਰੀ ਆਫ਼ ਸਟੇਟ ਕੋਰਲਡ ਹੱਲ ਨੇ ਵਾਸ਼ਿੰਗਟਨ ਵਿਚ ਬਰਤਾਨਵੀ ਰਾਜਦੂਤ ਸਰ ਹੇਲੀਫੇਕਸ ਰਾਹੀਂ ਬਰਤਾਨੀਆ ਸਰਕਾਰ ਨੂੰ ਕਿਹਾ ਕਿ ਉਹ ਮਹਾਤਮਾ ਗਾਂਧੀ ਨੂੰ ਰਿਹਾਅ ਕਰ ਦੇਣ, ਪਰ ਇਸ ਗੁਪਤ ਰਾਜਨੀਤੀ ਦਾ ਕੋਈ ਠੋਸ ਨਤੀਜਾ ਨਹੀਂ ਪ੍ਰਾਪਤ ਹੋਇਆ ਅਤੇ ਉਹ ਅਸਫ਼ਲ ਹੋ ਗਈ। ਫਿਲਿਪਸ ਨੇ ਪੰਜਾਬ, ਬੰਬਈ, ਮਦਰਾਸ, ਮੈਸੂਰ, ਹੈਦਰਾਬਾਦ, ਟਾਰਾਵਨਕੋਰ, ਕੋਚੀਨ ਦਾ ਦੌਰਾ ਕੀਤਾ ਅਤੇ ਭਾਰਤੀ ਲੋਕਾਂ ਦੀ ਨਿਰਾਸਥਾ ਦੀ ਭਾਵਨਾ ਨੂੰ ਅਮਰੀਕਨ ਰਾਸ਼ਟਰਪਤੀ ਤੱਕ ਪਹੁੰਚਾ ਦਿਤਾ। ਵਾਇਸਰਾਏ ਨੇ ਇਹ ਗੱਲ ਪਸੰਦ ਨਹੀਂ ਕੀਤੀ ਕਿ ਫਿਲਿਪਸ, ਐਮ.ਏ. ਜਿਨਹਾ ਆਦਿ ਭਾਰਤੀ ਸਿਆਸੀ ਨੇਤਾਵਾਂ ਅਤੇ ਪ੍ਰਾਂਤੀ ਸਰਕਾਰਾਂ ਨਾਲ ਮਿਲੇ। ਇਸ ਲਈ ਹਰ ਖੇਤਰ ਵਿਚ ਫਿਲਿਪਸ ਦੀ ਕਾਰਵਾਈ ਤੇ ਗਹਿਰੀ ਨਜ਼ਰ ਰੱਖੀ ਗਈ। ਇਸ ਹਲਚਲ ਦੇ ਦੌਰਾਨ ਵਿਲੀਅਮ ਫਿਲਿਪਸ ਦੀ ਭਾਰਤ ਵਿਚ ਮੌਜੂਦਗੀ ਨੇ ਅਮਰੀਕਨ ਪ੍ਰੈਜ਼ੀਡੈਂਟ ਅਤੇ ਲੋਕਾਂ ਨੂੰ ਭਾਰਤੀ ਸਮੱਸਿਆ ਬਾਰੇ ਬਹੁਤ ਜਾਣਕਾਰੀ ਦਿੱਤੀ। ਬਹੁਤ ਸਾਰੇ ਲੇਖਕਾਂ, ਕਵੀਆਂ ਅਤੇ ਜਨ-ਨੇਤਾਵਾਂ ਜਿਵੇਂ ਪਰਲਵਾਰ, ਲੂਈਸ ਫਿਸ਼ਰ ਅਤੇ ਚੈਡਲਰ ਨੇ ਅਮਰੀਕਾ ਵਿਚ ਭਾਰਤ ਦੀ ਆਜ਼ਾਦੀ ਦਾ ਪੱਖ ਲਿਆ, ਪਰ ਚਰਚਿਲ ਦੇ ਕਰੜੇ ਰੁੱਖ ਦੇ ਕਾਰਣ ਕੁਝ ਨਾ ਹੋਇਆ। ਬਰਤਾਨਵੀ ਲੇਬਰ ਪਾਰਟੀ ਅਤੇ ਉਸ ਦੇ ਲੀਡਰ ਕਵੀਮੈਨ ਕਟਲੀ ਨੇ ਕਾਂਗਰਸੀ ਨੇਤਾਵਾਂ ਦੀ ਗ੍ਰਿਫ਼ਤਾਰੀ ਨੂੰ ਕੇਵਲ ਸਹੀ ਹੀ ਨਹੀਂ ਸਗੋਂ ਇਹ ਵੀ ਐਲਾਨ ਕੀਤਾ ਕਿ ਆਜ਼ਾਦ ਭਾਰਤ ਦੀ ਸਥਾਪਨਾ ਕੇਵਲ ਉਸ ਸਮੇਂ ਸੰਭਵ ਹੈ, ਜਦੋਂ ਮਹਾਂਯੁੱਧ ਵਿਚ ਮਿੱਤਰ ਰਾਸ਼ਟਰ ਸਫ਼ਲ ਹੋ ਜਾਣ। ਭਾਰਤ ਦੀ ਸਰਕਾਰ ਨੇ ਇਸ ਹਲਚਲ ਨੂੰ ਵਹਿਸ਼ੀ ਢੰਗ ਨਾਲ ਕੁਚਲ ਦਿੱਤਾ। 1943 ਦੇ ਅੰਤ ਤਕ ਪੁਲਿਸ ਅਤੇ ਫੌਜ ਨੇ 538 ਵਾਰ ਗੋਲੀ ਚਲਾਈ, ਜਿਸ ਨਾਲ 40 ਆਦਮੀ ਮਰੇ ਅਤੇ ਇਕ ਹਜ਼ਾਰ ਛੇ ਸੋ ਤੀਹ ਫੱਟੜ ਹੋਏ। 29 ਹਜ਼ਾਰ ਲੋਕਾਂ ਤੇ ਮੁਕੱਦਮਾ ਚਲਾਇਆ ਅਤੇ 18 ਹਜ਼ਾਰ ਡੀਫੈਂਸ ਆਫ਼ ਇੰਡੀਆ ਰੂਲ ਦੇ ਅਧੀਨ ਰੋਕ ਲਏ ਗਏ।**

ਵਾਇਸਰਾਏ ਦੀ ਐਗਜ਼ੀਕਿਊਟਿਵ ਕੌਂਸ਼ਲ ਦੇ 3 ਭਾਰਤੀ ਮੈਂਬਰਾਂ ਐਚ.ਪੀ. ਮੋਦੀ, ਐਮ. ਐਸ. ਅਤੇ ਐਨ.ਆਰ. ਸਰਦਾਰ ਨੇ ਸਰਕਾਰ ਦੀ ਦਮਨਕਾਰੀ ਪਾਲਿਸੀ ਦੇ ਵਿਰੁਧ ਅਸਤੀਫਾ ਦੇ ਦਿਤਾ। 19 ਫਰਵਰੀ 1942 ਦੇ ਦਿਨ ਸੱਪਰੂ ਦੀ ਪ੍ਰਧਾਨਗੀ ਵਿਚ ਸਰਬ ਪਾਰਟੀ ਕਾਨਫਰੰਸ ਦਿੱਲੀ ਵਿਚ ਹੋਈ, ਪਰ ਇਹ ਵੀ ਭਾਰਤੀ ਨੇਤਾਵਾਂ ਵਲੋਂ ਬਰਤਾਨਵੀ ਸਰਕਾਰ ਦੀ ਪਾਲਿਸੀ ਵਿਚ ਕੋਈ ਪ੍ਰਭਾਵ ਨਹੀਂ ਪਾ ਸਕੀ। 1943 ਵਿਚ ਭਾਰਤ ਦੇ ਵਾਇਸਰਾਏ ਲਿਨਲਿਥਗੋ ਦੀ ਥਾਂ ਵੈਵਲ (Wavell) ਨੂੰ ਵਾਇਸਰਾਏ ਬਣਿਆ। ਉਹ 18 ਅਕਤੂਬਰ 1943 ਦੇ ਦਿਨ ਭਾਰਤ ਆਇਆ। ਮਈ 6, 1944 ਦੇ ਦਿਨ ਗਾਂਧੀ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ। ਮਹਾਤਮਾ ਗਾਂਧੀ ਨੇ ਇਸ ਅੜਚਨ ਨੂੰ ਸਮਾਪਤ ਕਰਨ ਦੇ ਉਦੇਸ਼ ਨਾਲ ਲਾਰਡ ਵੈਵਲ ਨਾਲ ਗਲਬਾਤ ਆਰੰਭ ਕੀਤੀ। 1943 ਦੇ ਦੌਰਾਨ ਸੁਭਾਸ਼ ਚੰਦਰ ਬੋਸ ਨੇ ਦੂਰ ਪੂਰਬ ਤੋਂ ਬਰਤਾਨੀਆ ਦੇ ਵਿਰੁੱਧ ਪ੍ਰਾਪੇਗੰਡਾ ਕੀਤਾ ਪਰ ਉਹ 19 ਅਗਸਤ 1945 ਦੇ ਦਿਨ ਹਵਾਈ ਜਹਾਜ਼ ਦੀ ਦੁਰਘਟਨਾ ਵਿਚ ਮਾਰਿਆ ਗਿਆ। ਇਸ ਦੌਰਾਨ ਮੁਸਲਿਮ ਲੀਗ ਅਤੇ ਇਸ ਦੇ ਲੀਡਰ ਐਮ.ਏ. ਜਿਨਹਾ ਨੇ ਆਪਣੀ ਸ਼ਕਤੀ ਪੱਕੀ ਕਰ ਲਈ ਅਤੇ ਪਾਕਿਸਤਾਨ ਦੀ ਮੰਗ ਨੂੰ ਵਾਰ ਵਾਰ ਦੁਹਰਾਉਂਦੇ ਗਏ। ਜਿਨਹਾ ਨੂੰ ਨੇੜੇ ਲਿਆਉਣ ਲਈ ਗਾਂਧੀ ਜੀ ਦੇ ਯਤਨ ਅਸਫ਼ਲ ਹੋਏ। ਗਾਂਧੀ ਜੀ ਨੇ ਖੁਦ ਜਿਨਹਾ ਨਾਲ ਮਤਭੇਦ ਦੂਰ ਕਰਨ ਦੇ ਯਤਨ ਕੀਤੇ ਪਰ ਉਹ ਵੀ ਅਸਫ਼ਲ ਰਹੇ।

ਇਸ ਪ੍ਰਕਾਰ ਦੂਜੇ ਵਿਸ਼ਵ ਯੁੱਧ ਵਿਚ ਹੋਏ ਕਾਂਗਰਸੀ ਅੰਦੋਲਨ ਨੇ ਬਰਤਾਨਵੀ ਪਾਲਿਸੀ ਤੇ ਕੋਈ ਵਿਸ਼ੇਸ਼ ਪ੍ਰਭਾਵ ਨਹੀਂ ਪਾਇਆ। ਕ੍ਰਿਪਸ ਮਿਸ਼ਨ ਤਾਂ ਇਕ ਦਿਖਾਵਾ ਸੀ। ਅਮਰੀਕਨ ਪ੍ਰੈਜ਼ੀਡੈਂਟ ਦੇ ਯਤਨ ਜਿਹੜੇ ਕ੍ਰਿਪਸ ਮਿਸ਼ਨ ਅਤੇ ਭਾਰਤ ਛੱਡੋ ਅੰਦੋਲਨ ਦੇ ਦੌਰਾਨ ਕੀਤੇ ਗਏ, ਉਹਨਾਂ ਨੇ ਵੀ ਬਰਤਾਨਵੀ ਪਾਲਿਸੀ ਤੇ ਕੋਈ ਅਸਰ

ਨਹੀਂ ਪਾਇਆ। ਇੰਗਲੈਂਡ ਦੀ ਲਿਬਰਲ ਅਤੇ ਲੇਬਰ ਪਾਰਟੀਆਂ ਨੇ ਚਰਚਿਲ ਦੇ ਅਧੀਨ ਕੰਜਰਵੇਟਿਵ ਸਰਕਾਰ ਦੀ ਪਾਲਿਸੀ ਦੀ ਸੰਕਟ ਦੀ ਘੜੀ ਦੇ ਕਾਰਣ ਪੁਸ਼ਟੀ ਕਰ ਦਿੱਤੀ। ਬਰਤਾਨੀਆਂ ਸਰਕਾਰ ਨੇ ਇਹ ਮਹਿਸੂਸ ਕੀਤਾ ਕਿ ਉਹ ਹਿੰਦੁਸਤਾਨ ਨੂੰ ਜ਼ਿਆਦਾ ਦਿਨਾਂ ਤਕ ਕਬਜੇ ਵਿਚ ਨਹੀਂ ਰੱਖ ਸਕਦੇ। ਇਸ ਲਈ ਮਹਾਂਯੁੱਧ ਦੇ ਬਾਅਦ ਭਾਰਤ ਨੂੰ ਸ਼ਕਤੀ ਦੇਣ ਦੀ ਕਾਰਵਾਈ ਤੀਬਰ ਕਰ ਦਿੱਤੀ ਗਈ।

## 1.5 ਅੰਦੋਲਨ ਦੇ ਪਤਨ ਦੇ ਕਾਰਨ :

1. ਮਹਾਤਮਾ ਗਾਂਧੀ ਅਤੇ ਦੂਜੇ ਮਹੱਤਵਪੂਰਨ ਲੀਡਰਾਂ ਦੀ ਗ੍ਰਿਫਤਾਰੀ ਕਾਰਨ ਜਨਤਾ ਕੋਲ ਕੋਈ ਨੇਤਾ ਨਹੀ ਰਿਹਾ।
2. ਅੰਦੋਲਨ ਨੂੰ ਚਲਾਉਣ ਤੇ ਯੋਜਨਾ ਵਿਚ ਗਲਤੀਆਂ।
3. ਅੰਦੋਲਨਕਾਰੀਆਂ ਵਿਚ ਕੰਮਾਂ ਅਤੇ ਮੱਤਾਂ ਨੂੰ ਲੈ ਕੇ ਮੱਤਭੇਦ
4. ਅੰਗਰੇਜ਼ਾਂ ਪ੍ਰਤੀ ਸੇਵਾਵਾਂ ਵਿੱਚ ਵਫਾਦਾਰੀ ਅਤੇ ਸਰੀਰਕ ਸ਼ਕਤੀ ਨੇ ਅੰਦੋਲਨ ਨੂੰ ਕੁਚਲਿਆ।
5. ਅੰਦੋਲਨ ਕੋਲ ਅਮੀਰ ਵਰਗ, ਜ਼ਿੰਮੀਦਾਰ, ਵਪਾਰੀ ਅਤੇ ਰਾਜਾਵਾਂ ਦੀ ਮਦਦ ਨਹੀਂ ਸੀ।
6. ਮੁਸਲਿਮ ਜਮਾਤ ਪੂਰੀ ਤਰ੍ਹਾਂ ਅੰਦੋਲਨ ਤੋਂ ਅਲੱਗ ਰਹੀ।

## ਵਿਦਿਆਰਥੀ ਦੇ ਅਭਿਆਸ ਲਈ ਛੋਟੇ ਪ੍ਰਸ਼ਨ :

**1. ਸ਼ਹਿਰੀ ਹੁਕਮ ਅਦੂਲੀ ਅੰਦੋਲਨ ਤੋਂ ਕੀ ਭਾਵ ਹੈ? ਇਸਦੇ ਉਭਾਰ ਲਈ ਜ਼ਿੰਮੇਵਰ ਕਾਰਨਾਂ ਬਾਰੇ ਲਿਖੋ?**

**2. ਮਹਾਤਮਾ ਗਾਂਧੀ ਦੇ 11 ਨੁਕਤੇ ਕਿਹੜੇ ਸਨ?**

**3. ਸ਼ਹਿਰੀ ਹੁਕਮ ਅਦੂਲੀ ਅੰਦੋਲਨਾਂ ਦੇ ਪ੍ਰੋਗਰਾਮਾਂ ਬਾਰੇ ਲਿਖੋ?**

**4. ਅਸਹਿਯੋਗ ਅੰਦੋਲਨ ਦੀਆਂ ਸਫਲਤਾਵਾਂ ਬਾਰੇ ਲਿਖੋ।**

**5. ਅੰਦੋਲਨ ਦੇ ਖਤਮ ਹੋਣ ਦੇ ਕਾਰਨ ਲਿਖੋ?**

**6. ਭਾਰਤ ਛੱਡੋ ਅੰਦੋਲਨ ਦੇ ਸ਼ੁਰੂ ਹੋਣ ਲਈ ਜ਼ਿੰਮੇਵਾਰ ਕਾਰਨਾਂ ਬਾਰੇ ਲਿਖੋ?**

**7. ਭਾਰਤ ਛੱਡੋ ਅੰਦੋਲਨ ਦਾ ਮਤਾ ਕਦੋਂ ਅਤੇ ਕਿੱਥੇ ਪਾਸ ਕੀਤਾ ਗਿਆ।**

**8. ਅੰਦੋਲਨ ਦੇ ਮੁੱਖ ਨੇਤਾਵਾਂ ਦੇ ਨਾਮ ਲਿਖੋ?**

**9. ਭਾਰਤ ਛੱਡੋ ਅੰਦੋਲਨ ਦਾ ਕੀ ਨਾਅਰਾ ਸੀ।**

**10. ਅੰਗਰੇਜ਼ਾਂ ਨੇ ਕਿਸ ਤਰ੍ਹਾਂ ਅੰਦੋਲਨ ਨੂੰ ਕੁਚਲਿਆ?**

## ਪਾਠ ਦੇ ਮੁੱਖ ਵਿਅਕਤੀ ਅਤੇ ਸ਼ਬਦ:

ਸ਼ਹਿਰੀ ਹੁਕਮ ਅਦੂਲੀ, ਮਹਾਤਮਾ ਗਾਂਧੀ, ਅਸਹਿਯੋਗ ਅੰਦੋਲਨ, ਗੋਲਮੇਜ਼ ਕਾਨਫਰੰਸ, ਡਾਂਡੀ ਮਾਰਚ, ਨਮਕ ਕਾਨੂੰਨ, ਕਾਂਗਰਸ।

ਭਾਰਤ–ਛੱਡੋ ਅੰਦੋਲਨ, ਜਵਾਹਰ ਲਾਲ ਨਹਿਰੂ, ਮਹਾਤਮਾ ਗਾਂਧੀ, ਰੂਜ਼ਵੈਲਟ, ਜੈ ਪ੍ਰਕਾਸ਼ ਨਰਾਇਣ, ਕ੍ਰਿਪਸ ਮਿਸ਼ਨ।

**ਪਾਠ ਨੰਬਰ : 2.8**

# ਭਾਰਤੀ ਸੁਤੰਤਰਤਾ ਐਕਟ ਅਤੇ ਭਾਰਤੀ ਸੰਵਿਧਾਨ ਇਸ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ

**ਪਾਠ ਦੀ ਬਣਤਰ –**

**1. ਭੂਮਿਕਾ**

**1.1 1947 ਦਾ ਭਾਰਤੀ ਸੁਤੰਤਰਤਾ ਦਾ ਐਕਟ**

**1.2 ਐਕਟ ਦੇ ਮੁੱਖ ਉਪਬੰਦ**

**1.3 ਐਕਟ ਦਾ ਮਹੱਤਵ : ਅੰਗਰੇਜ਼ੀ ਰਾਜ ਦਾ ਅੰਤ**

**1.4 ਦੇਸ਼ ਦੀ ਵੰਡ**

**1.5 ਜਾਨ ਮਾਲ ਦਾ ਨੁਕਸਾਨ**

**ਪਾਠ ਦਾ ਉਦੇਸ਼ –**

1. ਐਕਟ ਦੇ ਪਾਸ ਹੋਣ ਸੰਬੰਧੀ ਪ੍ਰਸਥਿਤੀਆਂ
2. ਐਕਟ ਦੀਆਂ ਮੁੱਖ ਧਾਰਾਵਾਂ ਸੰਬੰਧੀ ਵੇਰਵਾ
3. ਐਕਟ ਦਾ ਪ੍ਰਭਾਵ: ਪੰਜਾਬ ਅਤੇ ਬੰਗਾਲ ਦਾ ਬਟਵਾਰਾ
4. ਦੇਸ਼ ਦੀ ਦੋ ਭਾਗਾਂ ਵਿਚ ਵੰਡ
5. ਵੰਡ ਦੇ ਦੌਰਾਨ ਹੋਏ ਜਾਨੀ ਅਤੇ ਮਾਲੀ ਨੁਕਸਾਨ ਸੰਬੰਧੀ ਪੜਚੋਲ

**1. ਭੂਮਿਕਾ :** ਭਾਰਤ 15 ਅਗਸਤ 1947 ਨੂੰ ਆਜ਼ਾਦ ਹੋ ਗਿਆ। ਇਸ ਨੂੰ ਆਜ਼ਾਦ ਕਰਨ ਲਈ ਜੋ ਲਿਖਤੀ ਰੂਪ ਫੈਸਲਾ ਹੋਇਆ ਉਸ ਨੂੰ 1947 ਦਾ ਭਾਰਤੀ ਸੁਤੰਤਰਤਾ ਐਕਟ ਕਿਹਾ ਜਾਂਦਾ ਹੈ। ਇਸ ਐਕਟ ਰਾਹੀਂ ਭਾਰਤ ਨੂੰ ਆਜ਼ਾਦੀ ਤਾਂ ਮਿਲ ਗਈ ਪਰ ਇਸਦੇ ਇਕ ਹਿੱਸੇ ਨੂੰ ਪਾਕਿਸਤਾਨ ਦਾ ਨਾਂ ਦੇ ਕੇ ਇਸ ਤੋਂ ਵਖਰਾ ਕਰ ਦਿੱਤਾ ਗਿਆ।

ਲਾਰਡ ਮਾਊਂਟਬੈਟਨ ਨੇ ਭਾਰਤ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਉਸ ਦੀ ਭਾਰਤ ਵੰਡ ਯੋਜਨਾ ਨੂੰ ਸਹਿਯੋਗ ਅਤੇ ਸਮਰਥਨ ਦੇ ਕੇ ਸਫ਼ਲ ਬਣਾਉਣ। ਮੁਸਲਿਮ ਲੀਗ ਨੇ 9 ਜੂਨ 1947 ਦੇ ਦਿਨ ਇਸ ਯੋਜਨਾ ਨੂੰ ਮਨਜ਼ੂਰ ਕੀਤਾ ਅਤੇ ਕਾਂਗਰਸ ਨੇ ਵੀ ਆਪਣੇ ਸਮਰਥਨ ਦਾ ਸੰਕੇਤ ਦਿੱਤਾ। ਇਸ ਦਾ ਨਤੀਜਾ ਤਾਂ ਪਹਿਲਾਂ ਹੀ ਨਿਸ਼ਚਿਤ ਕੀਤਾ ਗਿਆ ਕਿ ਪੰਜਾਬ ਅਤੇ ਬੰਗਾਲ ਦੀ ਵੰਡ ਕਰਕੇ ਮੁਸਲਿਮ ਬਹੁਮਤ ਵਾਲੇ ਭਾਗਾਂ ਲਈ ਇਕ ਵੱਖ ਸੰਵਿਧਾਨਿਕ ਅਸੈਂਬਲੀ ਬਣਾਈ ਅਤੇ ਉੱਤਰ ਪੱਛਮੀ ਸਰਹੱਦੀ ਪ੍ਰਾਂਤ, ਸਿੰਧ ਅਤੇ ਬਲੋਚਿਸਤਾਨ ਨੇ ਵੀ ਇਸ ਨਵੀਂ ਸੰਵਿਧਾਨਿਕ ਅਸੈਂਬਲੀ ਵਿਚ ਸ਼ਾਮਿਲ ਹੋਣ ਦਾ ਫੈਸਲਾ ਕੀਤਾ। ਇਸ ਪ੍ਰਕਾਰ ਭਾਰਤ ਨੂੰ ਹਿੰਦੂਸਤਾਨ ਅਤੇ ਪਾਕਿਸਤਾਨ ਵਿਚ ਵੰਡ ਦਿੱਤਾ। ਦੋ ਹੱਦ-ਬੰਦੀ ਕਮਿਸ਼ਨ ਸਰ ਰੈਡਕਲਿਫ ਦੀ ਪ੍ਰਧਾਨਗੀ ਦੇ ਅਧੀਨ ਪੰਜਾਬ, ਬੰਗਾਲ ਅਤੇ ਸਿਲਹੱਟ ਜ਼ਿਲ੍ਹੇ ਦੇ ਮੁਸਲਿਮ ਬਹੁਮਤ ਦੀ ਸੀਮਾ ਨਿਸ਼ਚਿਤ ਕਰਨ ਲਈ ਕਾਇਮ ਕੀਤੇ ਗਏ।

## 1.1 1947 ਦਾ ਭਾਰਤੀ ਸੁਤੰਤਰਤਾ ਦਾ ਐਕਟ

**ਇਸ ਸਕੀਮ ਨੂੰ ਲਾਗੂ ਕਰਨ ਲਈ 4 ਜੁਲਾਈ 1947 ਦੇ ਦਿਨ ਹਾਊਸ ਆਫ਼ ਕਾਮਨਜ਼ ਦੇ ਵਿਚ ਇਕ ਬਿਲ ਪੇਸ਼ ਕੀਤਾ ਗਿਆ ਅਤੇ 15 ਦਿਨ ਵਿਚ ਹੀ ਬਰਤਾਨੀਆ ਦੇ ਦੋਹਾਂ ਹਾਊਸਾਂ ਨੇ ਇਸ ਨੂੰ ਪਾਸ ਕਰ**

**ਦਿੱਤਾ। ਇਸ ਐਕਟ ਦੇ ਅਨੁਸਾਰ 15 ਅਗਸਤ 1947 ਦੇ ਦਿਨ ਭਾਰਤ ਵਿਚ ਬਰਤਾਨਵੀ ਰਾਜ ਸਮਾਪਤ ਹੋ ਜਾਵੇਗਾ ਅਤੇ ਭਾਰਤ ਅਤੇ ਪਾਕਿਸਤਾਨ ਵਿਚ ਵੰਡ ਹੋ ਜਾਵੇਗੀ।**

## 1.2 1947 ਦੇ ਐਕਟ ਦੇ ਮੁੱਖ ਉਪਬੰਦ

1. ਇਸ ਐਕਟ ਦੇ ਅਨੁਸਾਰ 15 ਅਗਸਤ 1947 ਦੇ ਦਿਨ ਇੰਡੀਆ ਅਤੇ ਪਾਕਿਸਤਾਨ ਨਾਂ ਦੀ ਦੋ ਡੋਮੀਨੀਅਨ ਹੋਣਗੀਆਂ। ਬਰਤਾਨਵੀ ਪਾਰਲੀਮੈਂਟ ਅਤੇ ਬਰਤਾਨਵੀ ਸਰਕਾਰ ਪ੍ਰਾਂਤਾਂ ਵਿਚ ਜਿਹੜੀਆਂ ਸ਼ਕਤੀਆਂ ਦੀ ਵਰਤੋਂ ਕਰਦੀ ਸੀ। ਉਹ ਇਸ ਭਾਰਤ ਅਤੇ ਪਾਕਿਸਤਾਨ ਨੂੰ ਤਬਦੀਲ ਕਰ ਦਿੱਤੀਆਂ ਗਈਆਂ।

2. ਡੋਮੀਨੀਅਨ ਦੇ ਇਲਾਕਿਆਂ ਨੂੰ ਨਿਸ਼ਚਿਤ ਕਰ ਦਿੱਤਾ ਗਿਆ। ਪੰਜਾਬ ਅਤੇ ਬੰਗਾਲ ਦੀ ਵੰਡ ਸੀਮਾ ਕਮਿਸ਼ਨ ਦੀ ਸਿਫ਼ਾਰਸ਼ ਦੇ ਅਨੁਸਾਰ ਕੀਤੀ ਜਾਵੇਗੀ। ਇਹ ਕਮਿਸ਼ਨ ਰੇਡ ਕਲਿਫ ਦੇ ਅਧੀਨ ਸਥਾਪਤ ਕੀਤਾ ਕਿਉਂਕਿ ਕਮਿਸ਼ਨ ਕਿਸੇ ਇਕ ਨਤੀਜੇ ਤੇ ਨਹੀਂ ਪਹੁੰਚ ਸਕਿਆ ਇਸ ਲਈ ਵੰਡ ਚੇਅਰਮੈਨ ਦੇ ਐਵਾਰਡ ਨਾਲ ਕੀਤੀ ਗਈ।

3. ਇਸ ਐਕਟ ਦੇ ਅਨੁਸਾਰ ਭਾਰਤ ਲਈ ਸੈਕਰੇਟਰੀ ਆਫ਼ ਸਟੇਟ ਅਤੇ ਉਸ ਦੇ ਸਲਾਹਕਾਰ ਦਾ ਅਹੁਦਾ ਸਮਾਪਤ ਕਰ ਦਿੱਤਾ ਗਿਆ। ਹਰ ਡੋਮੀਨੀਅਨ ਲਈ ਇਕ ਗਵਰਨਰ ਜਨਰਲ ਦਾ ਪ੍ਰਬੰਧ ਕੀਤਾ ਗਿਆ, ਇਹ ਸਪੱਸ਼ਟ ਲਿਖ ਦਿਤਾ ਗਿਆ ਕਿ ਇਹ ਗਵਰਨਰ ਜਨਰਲ ਬਰਤਾਨੀਆ ਸਰਕਾਰ ਦੀ ਡੋਮੀਨੀਅਨ ਦੀ ਸਲਾਹ ਤੇ ਨਾ ਕਿ ਬਰਤਾਨਵੀ ਕੈਬਨਿਟ ਦੇ ਅਨੁਸਾਰ ਨਿਯੁਕਤ ਕੀਤਾ ਜਾਵੇਗਾ। ਗਵਰਨਰ ਜਨਰਲ ਨੂੰ ਹੁਣ ਵਾਇਸਰਾਏ ਨਹੀਂ ਕਿਹਾ ਜਾਵੇਗਾ। ਉਸ ਦੇ ਵਿਅਕਤੀਗਤ ਫੈਸਲੇ ਅਤੇ ਮਰਜੀ ਨੂੰ ਸਮਾਪਤ ਕਰ ਦਿਤਾ ਗਿਆ। ਦੂਜੇ ਸ਼ਬਦਾਂ ਵਿਚ ਉਹ ਇਕ ਸੰਵਿਧਾਨਕ ਮੁੱਖੀ ਦੇ ਰੂਪ ਵਿਚ ਰਹਿ ਗਿਆ ਸੀ। ਇਥੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਇੰਡੀਅਨ ਅਤੇ ਪਾਕਿਸਤਾਨ ਡੋਮੀਨੀਅਨਾਂ ਲਈ ਬਰਤਾਨੀਆ ਸਰਕਾਰ ਕਾਂਗਰਸ ਅਤੇ ਮੁਸਲਿਮ ਲੀਗ ਦੇ ਲੀਡਰਾਂ ਨਾਲ ਗਵਰਨਰ ਜਨਰਲ ਦੀ ਨਿਯੁਕਤੀ ਬਾਰੇ ਗੱਲਬਾਤ ਕਰੇਗੀ ਕਿਉਂਕਿ ਸਾਧਾਰਣ ਤੌਰ ਤੇ ਡੋਮੀਨੀਅਨਾਂ ਦੇ ਗਵਰਨਰ ਜਨਰਲ ਦੀ ਨਿਯੁਕਤੀ ਵਾਲਾ ਤਰੀਕਾ ਇਥੇ ਲਾਗੂ ਨਹੀਂ ਕੀਤਾ ਜਾ ਸਕਦਾ ਸੀ। ਇਸਦਾ ਕਾਰਣ ਇਹ ਸੀ ਕਿ ਇਨ੍ਹਾਂ ਦੋ ਨਵੀਆਂ ਡੋਮੀਨੀਅਨਾਂ ਵਿਚ ਲੋਕਪ੍ਰਿਯ ਸਰਕਾਰ ਕਾਇਮ ਨਹੀਂ ਹੋ ਸਕੀ।

4. ਹਰ ਡੋਮੀਨੀਅਨ ਵਿਚ ਇਕ ਸਰਬ ਉਚਤਾ ਵਾਲੀ ਵਿਧਾਨ ਸਭਾ ਹੋਵੇਗੀ, ਜਿਸ ਕੋਲ ਡੋਮੀਨੀਅਨ ਲਈ ਕਾਨੂੰਨ ਬਣਾਉਣ ਦੀ ਪੂਰੀ ਸ਼ਕਤੀ ਹੋਵੇਗੀ। 15 ਅਗਸਤ 1947 ਦੇ ਬਾਅਦ ਬਰਤਾਨਵੀ ਪਾਰਲੀਮੈਂਟ ਕੋਈ ਅਜਿਹਾ ਐਕਟ ਪਾਸ ਨਹੀਂ ਕਰੇਗੀ ਜਿਹੜਾ ਕਿਸੇ ਵੀ ਡੋਮੀਨੀਅਨ ਤੇ ਲਾਗੂ ਹੋਵੇਗਾ। ਜਦੋਂ ਤਕ ਡੋਮੀਨੀਅਨਾਂ ਦੀ ਵਿਧਾਨ ਸਭਾਵਾਂ ਉਸ ਨੂੰ ਲਾਗੂ ਨਾ ਕਰਨਾ ਚਾਹੁੰਣ। ਬਰਤਾਨਵੀ ਸਰਕਾਰ ਕਿਸੇ ਵੀ ਡੋਮੀਨੀਅਨ ਦੀ ਵਿਧਾਨ ਸਭਾ ਰਾਹੀਂ ਪਾਸ ਕੀਤੇ ਕਿਸੇ ਵੀ ਬਿਲ ਨੂੰ ਨਾ ਮਨਜ਼ੂਰ ਨਹੀਂ ਕਰ ਸਕਦੀ ਸੀ। ਗਵਰਨਰ ਜਨਰਲ ਨੂੰ ਪੂਰੀ ਸ਼ਕਤੀ ਪ੍ਰਾਪਤ ਸੀ ਕਿ ਉਹ ਬਰਤਾਨਵੀ ਸਰਕਾਰ ਦੇ ਨਾਂ ਦੇ ਆਧਾਰ ਤੇ ਹਰ ਬਿਲ ਨੂੰ ਪਾਸ ਕਰ ਸਕੇ। ਦੋਹਾਂ ਡੋਮੀਨੀਅਨਾਂ ਦੀਆਂ ਸੰਵਿਧਾਨਕ ਅਸੈਂਬਲੀਆਂ ਉਨ੍ਹਾਂ ਦੀਆਂ ਵਿਧਾਨ ਸਭਾਵਾਂ ਦੇ ਕੰਮ ਕਰਨਗੀਆਂ, ਜਦੋਂ ਤਕ ਹਰ ਇਕ ਸੰਵਿਧਾਨਕ ਅਸੈਂਬਲੀ ਰਾਹੀਂ ਪਾਸ ਕੀਤਾ ਹੋਇਆ ਸੰਵਿਧਾਨ ਲਾਗੂ ਨਹੀਂ ਹੁੰਦਾ, ਉਦੋਂ ਤਕ ਡੋਮੀਨੀਅਨ ਵਿਚ 1943 ਦੇ ਭਾਰਤ ਸਰਕਾਰ ਦੇ ਐਕਟ ਦੇ ਉਪਬੰਧਾਂ ਨਾਲ ਰਾਜ ਕੀਤਾ ਜਾਵੇਗਾ। ਇਸ ਐਕਟ ਨੂੰ ਨਵੀਆਂ ਪ੍ਰਸਥਿਤੀਆਂ ਦੇ ਅਨੁਸਾਰ ਗਵਰਨਰ ਜਨਰਲ ਵਰਤ ਸਕਦਾ ਸੀ।

5. ਪ੍ਰਾਂਤਾਂ ਦੇ ਗਵਰਨਰਾਂ ਨੂੰ ਡੋਮੀਨੀਅਨ ਦੀ ਕੈਬਨਿਟ ਨਾਮਜ਼ਦ ਕਰੇਗੀ। ਇਹ ਗਵਰਨਰ ਹੋਰ ਪ੍ਰਸਥਿਤੀ ਵਿਚ ਮੰਤਰੀ-ਮੰਡਲ ਦੀ ਸਲਾਹ ਦੇ ਅਨੁਸਾਰ ਕੰਮ ਕਰਨਗੇ। ਦੂਜੇ ਸ਼ਬਦਾਂ ਵਿਚ ਇਹ ਗਵਰਨਰ ਆਪਣੇ ਆਪਣੇ ਪ੍ਰਾਂਤ ਦੇ ਕੇਵਲ ਸੰਵਿਧਾਨਕ ਮੁਖੀ ਹੋਣਗੇ।

6. ਡੋਮੀਨੀਅਨਾਂ ਦੇ ਬਣਨ ਦੇ ਬਾਅਦ ਭਾਰਤ ਦੇ ਸੈਕਰੇਟਰੀ ਆਫ਼ ਸਟੇਟ ਰਾਹੀਂ ਲੋਕ ਸੇਵਾ ਅਤੇ ਨੌਕਰੀਆਂ ਲਈ ਰਿਜ਼ਰਵ ਕਰਨ ਦਾ ਕੰਮ ਸਮਾਪਤ ਹੋ ਜਾਵੇਗਾ। ਇਸ ਦੇ ਇਲਾਵਾ ਉਸ ਸਮੇਂ ਦੀ ਲੋਕ ਸੇਵਾ ਦੇ ਮੈਂਬਰਾਂ ਨੂੰ ਜਿਹੜੇ ਸ਼ਕਤੀ ਦੇ ਬਦਲਣ ਦੇ ਬਾਦ ਅਸਤੀਫ਼ਾ ਦੇਣਗੇ, ਉਨ੍ਹਾਂ ਨੂੰ ਹਰਜਾਨਾ ਦੇ ਦਿੱਤਾ ਜਾਵੇਗਾ। ਇਸ ਐਕਟ ਵਿਚ ਇਕ ਉਪਬੰਧ ਸੀ, ਜਿਸ ਦੇ ਅਨੁਸਾਰ ਉਨ੍ਹਾਂ ਲੋਕਾਂ ਲਈ, ਜਿਹੜੇ ਕਿਸੇ ਡੋਮੀਨੀਅਨ ਜਾਂ ਪ੍ਰਾਂਤ ਵਿਚ ਨੌਕਰੀ

ਚਾਲੂ ਰਖ ਸਕਣਗੇ। ਉਹਨਾਂ ਲਈ ਉਸ ਸਮੇਂ ਦੀ ਸੇਵਾ ਸੰਬੰਧੀ ਸ਼ਰਤਾਂ ਚਾਲੂ ਰਹਿਣਗੀਆਂ। ਪਰਿਸਥਿਤੀਆਂ ਦੇ ਅਨੁਸਾਰ ਸਰਕਾਰ ਨੂੰ ਇਨ੍ਹਾਂ ਹਾਲਤਾਂ ਵਿਚ ਸੁਧਾਰ ਕਰਨ ਦਾ ਅਧਿਕਾਰ ਸੀ।

7. ਬਰਤਾਨਵੀ ਸਰਕਾਰ ਦੀ ਦੇਸੀ ਰਿਆਸਤ ਦੇ ਉਪਰ ਸਰਬਉੱਚਤਾ ਐਕਟ ਦੇ ਅਨੁਸਾਰ 15 ਅਗਸਤ 1947 ਦੇ ਦਿਨ ਤੋਂ ਸੰਬੰਧ ਸਮਾਪਤ ਹੋ ਜਾਣਗੇ। ਇਹ ਰਿਆਸਤਾਂ ਆਜ਼ਾਦ ਹੋ ਜਾਣਗੀਆਂ। ਬਰਤਾਨੀਆ ਸਰਕਾਰ ਵਾਸਤਵ ਵਿਚ ਇਹ ਨਹੀਂ ਚਾਹੁੰਦੀ ਸੀ ਕਿ ਸੀਨੀਅਰ ਡੋਮੀਨੀਅਨਾਂ ਦੀ ਸਰਕਾਰ ਨੂੰ ਬਰਤਾਨਵੀ ਸਰਬਉੱਚਤਾ ਦੀਆਂ ਸ਼ਕਤੀਆਂ ਦੇ ਦਿੱਤੀਆਂ ਜਾਣ। ਇਨਾਂ ਰਿਆਸਤਾਂ ਨੂੰ ਭਾਰਤ ਜਾਂ ਪਾਕਿਸਤਾਨ ਵਿਚ ਆਜ਼ਾਦ ਰਹਿਣ ਦੀ ਆਜ਼ਾਦੀ ਸੀ। ਸਰਬ ਉੱਚਤਾ ਸਮਾਪਤ ਹੋ ਜਾਣ ਦੇ ਬਾਅਦ ਬਰਤਾਨਵੀ ਸਰਕਾਰ ਅਤੇ ਰਿਆਸਤਾਂ ਵਿਚ ਕੀਤੀਆਂ ਗਈਆਂ ਸੰਧੀਆਂ ਅਤੇ ਰਾਜ਼ੀਨਾਮੇ ਸਮਾਪਤ ਹੋ ਜਾਣਗੇ।

8. ਇਹ ਵੀ ਨਿਸ਼ਚਿਤ ਕੀਤਾ ਗਿਆ ਕਿ ਨਵੀਆਂ ਡੋਮੀਨੀਅਨਾਂ ਦੇ ਨਾਲ ਬਰਤਾਨਵੀ ਸਰਕਾਰ ਦੇ ਸੰਬੰਧ ਕਾਮਨ-ਵੈਲਥ ਆਫਿਸ ਦੇ ਰਾਹੀਂ ਚਾਲੂ ਕੀਤੇ ਜਾਣਗੇ।

9. ਬਰਤਾਨਵੀ ਬਾਦਸ਼ਾਹ ਦੇ ਨਾਂ ਦੇ ਨਾਲ ਲੱਗੀ ਹੋਈ ਭਾਰਤ ਦੇ ਬਾਦਸ਼ਾਹ ਦੀ ਪਦਵੀ ਹਟਾ ਦਿੱਤੀ ਜਾਵੇਗੀ।

## 1.3 ਇਸ ਐਕਟ ਦਾ ਮਹੱਤਵ : ਅੰਗਰੇਜ਼ੀ ਰਾਜ ਦਾ ਅੰਤ :

**ਭਾਰਤ ਉਤੇ ਬਰਤਾਨੀਆ ਦਾ 1947 ਦਾ ਭਾਰਤੀ ਸੁਤੰਤਰਤਾ ਦਾ ਐਕਟ ਉਸਦਾ ਅੰਤਿਮ ਸ਼ਾਨਦਾਰ ਕੰਮ ਸੀ। ਇਸ ਨਾਲ ਬਰਤਾਨਵੀ ਰਾਜ ਦਾ ਅਧਿਆਇ ਸਮਾਪਤ ਹੋ ਗਿਆ ਅਤੇ ਆਜ਼ਾਦ ਭਾਰਤ ਦਾ ਨਵਾਂ ਅਧਿਆਇ ਆਰੰਭ ਹੋਇਆ। ਹਾਊਸ ਆਫ਼ ਕਾਮਨਜ਼ ਵਿਚ ਸੁਤੰਤਰਤਾ ਦੇ ਬਿਲ ਦੇ ਦੂਜੇ ਅਧਿਐਨ ਵਿਚ ਐਟਲੀ ਨੇ ਕਿਹਾ ' ਇਹ ਉਹ ਅੰਤਿਮ ਸਥਿਤੀ ਹੈ, ਜਿਹੜੀ ਲੰਬੀ ਘਟਨਾ ਚੱਕਰ ਤੋਂ ਗੁਜਰੀ ਹੈ। ਇਹ ਚੱਕਰ 1935 ਦੇ ਐਕਟ ਕ੍ਰਿਪਸ ਮਿਸ਼ਨ ਦੇ ਸਮੇਂ ਕੀਤੇ ਗਏ ਐਲਾਨ, ਪਿਛਲੇ ਸਾਲ ਮੇਰੇ ਸਤਿਕਾਰ ਯੋਗ ਦੋਸਤਾਂ ਦਾ ਭਾਰਤ ਜਾਣਾ, ਇਹ ਸਾਰੇ ਕਦਮ ਉਸ ਮਾਰਗ ਤੇ ਚੁੱਕੇ ਗਏ ਸਨ ਜਿਨ੍ਹਾਂ ਦੇ ਕਾਰਣ ਉਹ ਮਸੋਦਾਂ ਤਿਆਰ ਹੋਇਆ ਜਿਸ ਦਾ ਐਲਾਨ ਮੈਂ ਪਿਛਲੇ 3 ਜੂਨ ਦੇ ਦਿਨ ਕੀਤਾ ਸੀ। ਵਾਸਤਵ ਵਿਚ ਇਹ ਐਕਟ ਉਹ ਮੀਲ ਪੱਥਰ ਸੀ ਜਿਸ ਦੇ ਅਧੀਨ ਰਾਸ਼ਟਰ ਨੂੰ ਅੰਤਿਮ ਉਦੇਸ਼ ਤੇ ਪਹੁੰਚਾ ਦਿਤਾ। ਬਰਤਾਨਵੀ ਪਾਰਲੀਮੈਂਟ ਰਾਹੀਂ ਬਣਾਇਆ ਗਿਆ ਇਹ ਸਭ ਤੋਂ ਸ਼ਾਨਦਾਰ ਅਤੇ ਵੱਡਾ ਕਾਨੂੰਨ ਸੀ, ਜਿਸ ਨੂੰ ਬ੍ਰਿਟਿਸ਼ ਪਾਰਲੀਮੈਂਟ ਨੇ ਪਾਸ ਕੀਤਾ। ਵਾਸਤਵ ਵਿਚ ਬਰਤਾਨੀਆ ਦੇ ਲਈ ਇਕ ਇੱਜ਼ਤਦਾਰ ਅਤੇ ਸ਼ਾਨਦਾਰ ਵਿਦਾਈ ਸੀ।'**

ਲਾਰਡ ਸੈਮੂਅਲ ਦੇ ਸ਼ਬਦਾਂ ਵਿਚ "ਇਹ ਘਟਨਾ ਇਤਿਹਾਸ ਵਿਚ ਨਵੇਕਲੀ ਸੀ ਕਿਉਂਕਿ ਬਿਨਾਂ ਯੁੱਧ ਦੇ ਇਹ ਸ਼ਾਂਤੀ ਦੀ ਸੰਧੀ ਸੀ। ਨਰਮਖਿਆਲੀ ਰਾਜਨੀਤਿਕ ਵਿਦਵਾਨ ਐਟਲੀ ਨੇ ਇਸ ਐਕਟ ਨੂੰ ਬਰਤਾਨਵੀ 'ਮਿਸ਼ਨ' ਦੀ ਸਫ਼ਲਤਾ ਦੱਸਿਆ। ਰਾਜਿੰਦਰ ਪ੍ਰਸ਼ਾਦ ਨੇ ਕਿਹਾ "ਭਾਰਤ ਦੇ ਉਪਰ ਬਰਤਾਨੀਆ ਦੀ ਪ੍ਰਬਲਤਾ ਦਾ ਸਮਾਂ ਅੱਜ ਖਤਮ ਹੁੰਦਾ ਹੈ ਅਤੇ ਬਰਤਾਨੀਆ ਨਾਲ ਸਾਡੇ ਸੰਬੰਧ ਬਰਾਬਰੀ, ਆਪਸੀ ਸਦਭਾਵਨਾ ਤੇ ਆਪਸੀ ਲਾਭ ਦੇ ਆਧਾਰ ਤੇ ਸਥਾਪਿਤ ਰਹਿਣਗੇ।

ਮੁਸਲਿਮ ਲੀਗ ਦੇ ਅਖਬਾਰ 'ਡਾਨ' ਨੇ ਕਿਹਾ ਕਿ ਇਸ ਸ਼ਾਨਦਾਰ ਅਤੇ ਨਵੇਕਲੇ ਬਿਆਨ ਲਈ ਬਰਤਾਨੀਆ ਦੀ ਸ਼ਲਾਘਾ ਸੰਸਾਰ ਦੇ ਸਾਰੇ ਆਜ਼ਾਦੀ ਪਸੰਦ ਲੋਕਾਂ ਤੋਂ ਪ੍ਰਾਪਤ ਹੋਣੀ ਚਾਹੀਦੀ ਹੈ।

## 1.4 ਦੇਸ਼ ਦੀ ਵੰਡ :

ਇਸ ਵਿਚ ਕੋਈ ਸ਼ੱਕ ਨਹੀਂ ਕਿ ਦੁੱਖ ਅਤੇ ਤਕਲੀਫ਼ ਦਾ ਸਮਾਂ ਸਮਾਪਤ ਹੋਇਆ ਅਤੇ ਆਜ਼ਾਦੀ ਅਤੇ ਖੁਸ਼ਹਾਲੀ ਦਾ ਨਵਾਂ ਸਮਾਂ ਆਰੰਭ ਹੋਇਆ ਪਰ ਐਕਟ ਨੇ ਬਰਤਾਨਵੀ ਸ਼ਾਸਨ ਤੇ ਇਕ ਅਜਿਹਾ ਧੱਬਾ ਛੱਡ ਦਿੱਤਾ ਜੋ ਹਰ ਸਮੇਂ ਯਾਦ ਰਹੇਗਾ। ਤਾਕਤ ਦੀ ਵੰਡ ਕਰਕੇ ਉਸ ਨੇ ਦੁੱਖ ਦੀ ਇਕ ਲੰਬੀ ਯਾਦਾਸ਼ਤ ਛੱਡੀ। ਭਾਰਤ ਦੀ ਵੰਡ

ਵਿਚ ਨਵੀਆਂ ਸਮੱਸਿਆਵਾਂ, ਗੁੰਝਲਾਂ ਅਤੇ ਜਟਿਲਤਾਵਾਂ ਸ਼ਾਮਿਲ ਸਨ। ਇਕ ਦੇਸ਼ ਜਿਨ੍ਹਾਂ ਨੇ ਸੈਂਕੜਿਆਂ ਸਾਲ ਰਾਜਨੀਤਿਕ ਏਕਤਾ ਵੇਖੀ ਸੀ, ਉਸ ਦੇ ਟੋਟੇ ਕਰ ਦਿੱਤੇ ਗਏ, ਇਸ ਲਈ ਵੰਡ ਦੇ ਵਿਚਾਰ ਤੇ ਸਾਰੇ ਲੋਕਾਂ ਦਾ ਦਿਲ ਬਹੁਤ ਭਾਰੀ ਹੋ ਗਿਆ ਸੀ।

### 1.5 ਜਾਨ ਮਾਲ ਦਾ ਨੁਕਸਾਨ :

ਵੰਡ ਦੇ ਬਾਅਦ ਦੀਆਂ ਘਟਨਾਵਾਂ ਦੀ ਯਾਦ ਬਹੁਤ ਦੁਖਦਾਈ ਹੈ। ਵਹਿਸ਼ੀਪੁਣਾ ਅਤੇ ਕਤਲੇਆਮ ਜਿਹੜਾ ਭਾਰਤ ਦੀ ਵੰਡੀ ਧਰਤੀ ਤੇ ਕੀਤਾ ਗਿਆ, ਉਹ ਮਿਟਾਇਆ ਨਹੀਂ ਜਾ ਸਕਦਾ। ਭਾਰਤ ਦੀ ਵੰਡ ਦੇ ਐਲਾਨ ਦੇ ਬਾਅਦ ਖੂਨ ਦੀਆਂ ਜਿਹੜੀਆਂ ਧਾਰਾਂ ਵਗੀਆਂ ਸਨ, ਉਹ ਸੀਮਾ ਦੇ ਦੋਹਾਂ ਪਾਸੇ ਨਹੀਂ ਭੁਲਾਈਆਂ ਜਾ ਸਕਦੀਆਂ। ਅਬੱਦੁਲ ਕਲਾਮ ਆਜ਼ਾਦ ਨੇ ਕਿਹਾ 14 ਅਗਸਤ ਪਾਕਿਸਤਾਨ ਦੇ ਮੁਸਲਮਾਨਾਂ ਲਈ ਖੁਸ਼ੀ ਦਾ ਦਿਨ ਸੀ, ਪਰ ਹਿੰਦੂ ਅਤੇ ਸਿੱਖਾਂ ਲਈ ਗਮੀ ਦਾ ਦਿਨ ਸੀ। ਇਹ ਵਿਚਾਰ ਅਧਿਕਤਰ ਲੋਕਾਂ ਦਾ ਹੀ ਨਹੀਂ ਸੀ, ਪਰ ਸਭ ਤੋਂ ਮਹੱਤਵਪੂਰਣ ਲੀਡਰਾਂ ਦਾ ਵੀ ਸੀ।

ਇਸ ਦੇ ਇਲਾਵਾ ਰਿਆਸਤਾਂ ਦੇ ਸ਼ਾਸ਼ਕਾਂ ਦੀ ਆਜ਼ਾਦੀ ਇਕ ਸ਼ਰਾਰਤੀ ਚਾਲ ਸੀ, ਜਿਹੜੀ ਭਾਰਤੀ ਲੋਕਾਂ ਲਈ ਵੱਡੀ ਸਮੱਸਿਆ ਬਣ ਸਕਦੀ ਸੀ। ਜੇਕਰ ਇਹ ਰਿਆਸਤਾਂ ਭਾਰਤ ਨਾਲ ਨਾ ਮਿਲਦੀਆਂ ਅਤੇ ਆਜ਼ਾਦ ਰਹਿਣ ਦਾ ਫੈਸਲਾ ਕਰਦੀਆਂ ਤਾਂ ਭਾਰਤ ਕਈ ਰਾਜਾਂ ਵਾਲਾ ਮੁੱਖ ਦੈਂਤ ਬਣ ਜਾਂਦਾ। ਇਹ ਇਕ ਅਜਿਹਾ ਘਰ ਹੁੰਦਾ ਜਿਹੜਾ ਆਪਸ ਵਿਚ ਲੜਦਾ ਰਹਿੰਦਾ ਅਤੇ ਇਤਨੀ ਮੁਸ਼ਕਲ ਤੋਂ ਪ੍ਰਾਪਤ ਕੀਤੀ ਆਜ਼ਾਦੀ ਕਿਸੇ ਵੀ ਸਮੇਂ ਅਤੇ ਕਿਸੇ ਵੀ ਹਮਲਾਵਰਾਂ ਰਾਹੀਂ ਖਤਰੇ ਵਿਚ ਪੈ ਜਾਂਦੀ। ਬਹੁਤ ਸਾਰੇ ਚਰਚਿਲ ਵਰਗੇ ਬ੍ਰਿਟਿਸ਼ ਸਿਆਸਤਦਾਨਾਂ ਨੂੰ ਆਸ ਸੀ ਕਿ ਭਾਰਤੀ ਸੁਤੰਤਰਤਾ ਕੇਵਲ ਧੋਖਾ ਹੋਵੇਗਾ ਅਤੇ ਇਹ ਲੋਕ ਬਰਤਾਨੀਆ ਨੂੰ ਮੁੜ ਭਾਰਤ ਤੇ ਰਾਜ ਕਰਨ ਲਈ ਪ੍ਰਾਰਥਨਾ ਕਰਨਗੇ, ਕਿਉਂਕਿ ਇਹ ਆਪਸੀ ਵੈਰ ਅਤੇ ਝਗੜੇ ਨਾਲ ਟੋਟੇ ਹੋ ਜਾਵੇਗਾ ਅਤੇ ਘਰੇਲੂ ਯੁੱਧ ਅਤੇ ਗੜਬੜ ਨਾਲ ਇਸ ਦੀ ਦੁਰਦਸ਼ਾ ਹੋ ਜਾਵੇਗੀ, ਪਰ ਇਨ੍ਹਾਂ ਰਾਜਨੀਤੀਵਾਨਾਂ ਨੂੰ ਇਹ ਦੇਖ ਕੇ ਬੜਾ ਅਚੰਭਾ ਹੋਇਆ ਕਿ ਭਾਰਤੀ ਨੇਤਾ ਵਕਤ ਦੇ ਖਰੇ ਸਾਬਿਤ ਹੋਏ। ਉਨ੍ਹਾਂ ਨੇ ਬੜੀ ਹਿੰਮਤ ਅਤੇ ਬਿਨ੍ਹਾਂ ਘਬਰਾਏ ਸਾਹਸ ਨਾਲ ਮੁਸ਼ਕਿਲ ਘਟਨਾਵਾਂ ਦਾ ਸਾਹਮਣਾ ਕੀਤਾ ਅਤੇ ਸਾਮਰਾਜਵਾਦੀਆਂ ਦੀਆਂ ਇੱਛਾਵਾਂ ਨੂੰ ਨਸ਼ਟ ਕਰ ਦਿੱਤਾ।

ਇਸ ਪ੍ਰਕਾਰ ਇਸ ਐਕਟ ਦੇ ਅਨੁਸਾਰ ਭਾਰਤ 15 ਅਗਸਤ 1947 ਦੇ ਦਿਨ ਸੁਤੰਤਰ ਹੋ ਗਿਆ। ਭਾਰਤ ਲਈ ਇਹ ਦੁੱਖ ਅਤੇ ਸੁੱਖ ਦੋਹਾਂ ਦਾ ਸਮਾਂ ਸੀ। ਆਜ਼ਾਦੀ ਪ੍ਰਾਪਤ ਹੋਣ ਨਾਲ ਖੁਸ਼ੀ ਪ੍ਰਾਪਤ ਹੋ ਗਈ ਪਰ ਭਾਰਤ ਦੀ ਵੰਡ ਨਾਲ ਸੰਪਰਦਾਇਕ ਕਤਲ ਹੋਏ ਜਿਨ੍ਹਾਂ ਵਿਚ ਲਗਭਗ 5 ਲੱਖ ਲੋਕ ਮਾਰੇ ਗਏ ਅਤੇ ਕਈ ਲੱਖ ਆਪਣੇ ਘਰਾਂ ਤੋਂ ਪੁੱਟ ਦਿੱਤੇ ਗਏ।

## ਭਾਰਤੀ ਸੰਵਿਧਾਨ—ਇਸ ਦੀਆਂ ਪ੍ਰਮੁੱਖ ਵਿਸ਼ੇਸ਼ਤਾਈਆਂ (Characteristics)

### ਪਾਠ ਦੀ ਬਣਤਰ –

**1. ਭੂਮਿਕਾ**

**1.1 ਵੱਖ ਵੱਖ ਸੋਮਿਆਂ ਤੋਂ ਲਿਆ ਗਿਆ ਸੰਵਿਧਾਨ**

**1.2 ਲਿਖਤੀ ਅਤੇ ਲੰਬਾ ਸੰਵਿਧਾਨ**

**1.3 ਭਾਰਤੀ ਸਰਕਾਰ ਦਾ ਰੂਪ (ਸੰਸਦੀ ਪ੍ਰਣਾਲੀ ਦੀ ਵਿਵਸਥਾ)**

**1.4 ਧਰਮ ਨਿਰਪੇਖਤਾ**

**1.5 ਸੰਘਵਾਦ**

**1.6 ਕਠੋਰਤਾ ਅਤੇ ਲਚਕੀਲਾਪਨ**

**1.7 ਮੌਲਿਕ ਅਧਿਕਾਰ ਅਤੇ ਕਰਤੱਵ**

**1.8 ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤ**

**1.9 ਸੁਤੰਤਰ ਨਿਆਂ ਪਾਲਿਕਾ**

**1.10 ਭਾਰਤੀ ਸੰਸਦ ਦਾ ਸਰੂਪ**

**1.11 ਸੰਸਦ ਤੇ ਕਾਰਜਪਾਲਿਕਾ**

**1.12 ਦਲ ਪ੍ਰਣਾਲੀ**

**1.13 ਪ੍ਰਸਤਾਵਨਾ**

## ਪਾਠ ਦਾ ਉਦੇਸ਼ -

1. ਭਾਰਤੀ ਸੰਵਿਧਾਨ ਅਤੇ ਇਸਦੀਆਂ ਵਿਸ਼ੇਸਤਾਵਾਂ ਨਾਲ ਜਾਣ-ਪਛਾਣ
2. ਭਾਰਤੀ ਸੰਵਿਧਾਨ ਦੇ ਸ੍ਰੋਤਾਂ ਸੰਬੰਧੀ ਪੜਚੋਲ
3. ਪ੍ਰਸਤਾਵਨਾ ਅਤੇ ਇਸਦਾ ਉਦੇਸ਼
4. ਵੱਖ-ਵੱਖ ਤਰ੍ਹਾਂ ਦੇ ਅਧਿਕਾਰਾਂ ਅਤੇ ਕਰਤੱਵਾਂ ਸੰਬੰਧੀ ਜਾਣਕਾਰੀ
5. ਰਾਜ ਦੀਆਂ ਨੀਤੀਆਂ ਨੂੰ ਨਿਰਧਾਰਤ ਕਰਨ ਸਬੰਧੀ ਸਿਧਾਂਤਾਂ ਦੀ ਪੜਚੋਲ
6. ਨਿਆਂ ਪਾਲਿਕਾ, ਕਾਰਜਪਾਲਿਕਾ ਅਤੇ ਵਿਧਾਨਪਾਲਿਕਾ ਦੇ ਆਪਸੀ ਸੰਬੰਧੀ ਬਾਰੇ ਜਾਣਕਾਰੀ

ਭਾਰਤੀ ਸੰਵਿਧਾਨ ਇਕ ਬੇਮਿਸਾਲ ਦਸਤਾਵੇਜ਼ ਹੈ ਜਿਸ ਦੀਆਂ ਵਿਚਿਤ੍ਰ ਵਿਸ਼ੇਸ਼ਤਾਈਆਂ ਇਸ ਨੂੰ ਦੂਜੇ ਸੰਵਿਧਾਨਾਂ ਤੋਂ ਨਿਖੇੜਦੀਆਂ ਹਨ। ਹਰੇਕ ਦੇਸ਼ ਸੰਵਿਧਾਨ ਦਾ ਨਿਰਮਾਣ ਉਥੋਂ ਦੀਆਂ ਵਿਸ਼ੇਸ਼ ਪਰਿਸਥਿਤੀਆਂ ਨੂੰ ਮੁੱਖ ਰੱਖ ਕੇ ਕੀਤਾ ਜਾਂਦਾ ਹੈ ਅਤੇ ਹਰੇਕ ਦੇਸ਼ ਦਾ ਇਤਿਹਾਸ ਉਸਦੇ ਸਮਾਜਿਕ, ਆਰਥਿਕ, ਅਤੇ ਰਾਜਨੀਤਕ ਤੱਥ ਸੰਵਿਧਾਨ ਦੇ ਨਿਰਮਾਣ ਨੂੰ ਜਰੂਰ ਪ੍ਰਭਾਵਿਤ ਕਰਦੇ ਹਨ। ਇਸੇ ਕਾਰਨ ਹਰੇਕ ਸੰਵਿਧਾਨ ਦੀਆਂ ਕੁਝ ਆਪਣੀਆਂ ਵਿਸ਼ੇਸਤਾਵਾਂ ਹੁੰਦੀਆਂ ਹਨ। ਸੰਵਿਧਾਨ ਇਕ ਕਾਨੂੰਨੀ ਦਸਤਾਵੇਸ਼ ਮੰਨਿਆ ਜਾਂਦਾ ਹੈ ਜੋ ਲੋਕਾਂ ਦੀਆਂ ਜ਼ਰੂਰਤਾਂ ਤੋਂ ਅਭਿਲਾਸ਼ਾਵਾਂ ਨੂੰ ਪੂਰਾ ਕਰਦਾ ਹੈ। ਭਾਰਤ ਸੰਵਿਧਾਨ ਦੇ ਨਿਰਮਾਤਾ ਭਾਰਤੀ ਲੋਕਾਂ ਜੋ ਬਸਤੀਵਾਦੀ ਹਾਕਮਾਂ ਦੇ ਨਿਰਮਾਣ ਕਰਨ ਦੀ ਇੱਛਾ ਪ੍ਰਗਟਾਈ ਤਾਂ ਜੋ ਇਹ ਲੋਕਾਂ ਦੀਆਂ ਵੱਧ ਰਹੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕੇ। ਇਸ ਦੀਆਂ ਮੁੱਖ ਵਿਸ਼ੇਸ਼ਤਾਈਆਂ ਹਨ :-

### 1. ਵੱਖ-ਵੱਖ ਸੋਮਿਆਂ ਤੋਂ ਲਿਆ ਗਿਆ ਸੰਵਿਧਾਨ (Borrowed Constitution)

ਅਕਸਰ ਇਹ ਕਿਹਾ ਜਾਂਦਾ ਹੈ ਕਿ ਸਾਡੇ ਸੰਵਿਧਾਨ ਵਿਚ ਮੌਲਿਕਤਾ ਨਹੀਂ ਅਤੇ ''ਵਿਸ਼ਵ ਦੇ ਸਾਰੇ ਸੰਵਿਧਾਨਾਂ ਨੂੰ ਚੰਗੀ ਤਰ੍ਹਾਂ ਘੋਖਣ'' ਉਪਰੰਤ ਇਸ ਸੰਵਿਧਾਨ ਦਾ ਨਿਰਮਾਣ ਕੀਤਾ ਗਿਆ ਹੈ।[1] ਇਥੋਂ ਤੱਕ ਕਿ ਆਲੋਚਕਾਂ ਨੇ ਵੀ ਇਸ ਨੂੰ ''ਉਧਾਰ ਲਏ ਸਿਧਾਂਤਾਂ ਦਾ ਸਮੂਹ'' ਦਸਿਆ ਹੈ। ਪ੍ਰੋ. ਐਮ. ਪੀ. ਸ਼ਰਮਾ ਨੇ ਠੀਕ ਹੀ ਕਿਹਾ ਹੈ ਕਿ ਸੰਵਿਧਾਨ ਦੇ ਨਿਰਮਾਤਿਆਂ ਦਾ ਉਦੇਸ਼ ਇਕ ਮੌਲਿਕ ਸੰਵਿਧਾਨ ਦਾ ਨਿਰਮਾਣ ਨਹੀਂ ਸੀ। ਉਹ ਇਕ ਚੰਗਾ ਤੇ ਅਮਲ ਵਿਚ ਲਿਆਂਦਾ ਜਾਣ ਵਾਲਾ ਸੰਵਿਧਾਨ ਚਾਹੁੰਦੇ ਸਨ।[2] ਡਾ. ਅੰਬੇਦਕਰ ਨੇ ਸੰਵਿਧਾਨਾਂ ਨਿਰਮਾਤਿਆਂ ਪ੍ਰਤੀ ਕ੍ਰਿਤਿਗਤਾ ਅਤੇ ਭਰੋਸੇ ਨੂੰ ਠੀਕ ਢੰਗ ਨਾਲ ਦਰਸਾਇਆ—ਜਿਨ੍ਹਾਂ ਨੇ ਮੌਜੂਦਾ ਸੰਵਿਧਾਨਾ ਦੀਆਂ ਵਧੀਆ ਵਿਸ਼ੇਸ਼ਤਾਈਆਂ ਨੂੰ ਇਕੱਤਰ ਕੀਤਾ। ਉਨ੍ਹਾਂ ਦੀਆਂ ਤਰੁਟੀਆਂ ਤੋਂ ਬਚਣ ਲਈ ਉਨ੍ਹਾਂ ਦੀ ਸੁਧਾਈ ਕੀਤੀ ਅਤੇ ਦੇਸ਼

ਦੇ ਲੋਕਾਂ ਦੀਆਂ ਜ਼ਰੂਰਤਾਂ ਅਤੇ ਮੌਜੂਦਾ ਪ੍ਰਸਥਿਤੀਆਂ ਅਨੁਸਾਰ ਉਨ੍ਹਾਂ ਨੂੰ ਢਾਲਿਆ ਇੰਜ ਇਹ ਵੱਖ-ਵੱਖ ਸੋਮਿਆਂ ਤੋਂ ਤਿਆਰ ਕੀਤਾ ਗਿਆ ਵਧੀਆ ਦਸਤਾਵੇਜ਼ ਹੈ। ਇਸ ਲਈ ਸਾਡੇ ਸੰਵਿਧਾਨ ਦੇ ਨਿਰਮਾਤਿਆਂ ਨੇ ਦੂਜਿਆਂ ਦੇ ਤਜ਼ਰਬਿਆਂ ਤੋਂ ਲਾਭ ਉਠਾਣ ਵਿਚ ਜ਼ਰਾ ਵੀ ਸੰਕੋਚ ਨਾ ਕੀਤਾ ਅਤੇ ਅਜਿਹੇ ਸੰਵਿਧਾਨ ਦਾ ਨਿਰਮਾਣ ਕੀਤਾ ਜੋ ਅਨੇਕ ਧਰਮਾਂ, ਭਾਸ਼ਾਵਾਂ ਤੇ ਨਸਲਾਂ ਵਾਲੇ ਸਮਾਜ ਦੇ ਅਨੁਕੂਲ ਸੀ।[3]

ਬਰਤਾਨੀਆਂ ਨਾਲ ਸਾਡੇ ਲੰਬੇ ਸੰਪਰਕ ਨੇ ਸਾਡੇ ਲਈ ਇਹ ਸੁਭਾਵਿਕ ਬਣਾ ਦਿਤਾ ਕਿ ਅਸੀਂ ਉਨ੍ਹਾਂ ਦੀਆਂ ਰਾਜਨੀਤਕ ਸੰਸਥਾਵਾਂ ਨੂੰ ਹੀ ਅਪਨਾ ਲਈਏ। ਸਾਡੀ ਰਾਜਨੀਤਿਕ ਪ੍ਰਣਾਲੀ ਦੇ ਦੋ ਮੁੱਖ ਥੰਮ੍ਹ ਭਾਵ ਸੰਸਦੀ ਪ੍ਰਣਾਲੀ ਅਤੇ ਕਾਨੂੰਨ ਦਾ ਸ਼ਾਸਨ ਸਪਸ਼ਟ ਤੌਰ ਤੇ ਬਰਤਾਨਵੀ ਦੇਣਾਂ ਹਨ। ਮੌਲਿਕ ਅਧਿਕਾਰ ਅਤੇ ਨਿਆਂਇਕ ਪ੍ਰਣਾਲੀ ਦੀ ਸਥਾਪਨਾ ਵਿਚ ਭਾਰਤ ਦੇ ਸੰਵਿਧਾਨ ਵਿਚ ਅਮਰੀਕਾ ਦੇ ਸੰਵਿਧਾਨ ਦਾ ਪ੍ਰਭਾਵ ਸਪਸ਼ਟ ਨਜ਼ਰ ਆਉਂਦਾ ਹੈ। ਸਾਡੀ ਸੰਘ ਪ੍ਰਣਾਲੀ ਉਪਰ ਕਨੇਡਾ, ਅਸਟ੍ਰੇਲੀਆ ਅਤੇ ਦੱਖਣ ਅਫਰੀਕਾ ਦੀਆਂ ਸੰਘੀ ਪ੍ਰਣਾਲੀਆਂ ਦੀ ਛਾਪ ਸਾਫ਼ ਦਿਖਾਈ ਦਿੰਦੀ ਹੈ। ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾ ਉਪਰ ਆਇਰਲੈਂਡ ਦੇ ਸੰਵਿਧਾਨ ਦਾ ਪ੍ਰਭਾਵ ਹੈ। ਸਾਡੇ ਸੰਵਿਧਾਨ ਦੀ ਸੋਧ ਵਿਧੀ ਇਸ ਦੀ ਇਕ ਬੇਮਿਸਾਲ ਵਿਸ਼ੇਸ਼ਤਾ ਹੈ ਜੋ ਬਰਤਾਨੀਆਂ, ਅਮਰੀਕਾ ਤੇ ਦੱਖਣੀ ਅਫਰੀਕਾ ਦੇ ਸੰਵਿਧਾਨਾਂ ਦੀਆਂ ਸੋਧ ਵਿਧੀਆਂ ਦਾ ਮਿਸ਼ਰਣ ਹੈ। ਨਿਰਸੰਦੇਹ ਸਾਡੇ ਸੰਵਿਧਾਨ ਦਾ ਸਭ ਤੋਂ ਵੱਡਾ ਸੋਮਾ 1935 ਦਾ ਭਾਰਤ ਸਰਕਾਰ ਕਾਨੂੰਨ ਸੀ। ਜੈਨਿੰਗਜ਼ ਦੇ ਸ਼ਬਦਾਂ ਵਿਚ 'ਭਾਰਤੀ, ਸੰਵਿਧਾਨ ਪ੍ਰਤੱਖ ਤੌਰ ਤੇ 1935 ਦੇ ਭਾਰਤ ਸਰਕਾਰ ਕਾਨੂੰਨ ਤੋਂ ਲਿਆ ਗਿਆ ਅਤੇ ਇਸ ਦੀਆਂ ਬਹੁਤ ਸਾਰੀਆਂ ਧਾਰਾਵਾਂ ਹੂ-ਬਹੂ ਉਸੀ ਤਰ੍ਹਾਂ ਹਨ।''

ਕੁਝ ਆਲੋਚਕਾਂ ਨੇ ਸਾਡੇ ਸੰਵਿਧਾਨ ਨੂੰ ''ਗੁਲਾਮੀ ਵਾਲੀ ਨਕਲ'' ਜਾਂ ਲੋਕਾਂ ਦੀ ਪ੍ਰਤਿਭਾ ਦੇ ਅਨੁਕੂਲ ਨਾ ਹੋਣਾ ਕਹਿ ਕੇ ਨਿੰਦਿਆ ਹੈ ਪ੍ਰੰਤੂ ਇਤਿਹਾਸ ਨੇ ਇਸ ਆਲੋਚਨਾ ਦੇ ਵਿਪਰੀਤ ਇਹ ਸਿੱਧ ਕਰ ਦਿੱਤਾ ਹੈ ਕਿ ਸਾਡਾ ਸੰਵਿਧਾਨ ਸਮੇਂ ਦੀ ਚਾਲ ਨਾਲ ਜੀਵਿਤ ਰਿਹਾ ਹੈ ਜਦ ਕਿ ਸਾਡੇ ਆਲੇ ਦੁਆਲੇ ਦੇ ਦੇਸ਼ਾਂ ਦੇ ਸੰਵਿਧਾਨ ਨਸ਼ਟ ਹੋ ਗਏ ਹਨ।

## 1.2 ਲਿਖਤੀ ਅਤੇ ਲੰਬਾ ਸੰਵਿਧਾਨ (Written and the Longest Constitution)

ਪ੍ਰੋ. ਜੈਨਿੰਗਜ਼ ਦੇ ਸ਼ਬਦਾਂ ਵਿੱਚ ਭਾਰਤੀ ਸੰਵਿਧਾਨ ਸੰਸਾਰ ਦੇ ਸਾਰੇ ਸੰਵਿਧਾਨਾਂ ਵਿਚੋਂ ਲੰਬਾ ਅਤੇ ਵਿਸਤ੍ਰਿਤ ਸੰਵਿਧਾਨ ਹੈ। ਮੂਲ ਸੰਵਿਧਾਨ, ਜਿਸ ਨੂੰ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ, ਇਸ ਵਿਚ 395 ਅਨੁਛੇਦ ਤੇ 8 ਅਨੁਸੂਚੀਆਂ ਸਨ। ਜ਼ਮੀਨਦਾਰੀ ਦੀ ਸਮਾਪਤੀ ਨੂੰ ਪ੍ਰਮਾਣਿਤ ਕਰਨ ਲਈ 1950 ਵਿਚ ਕੀਤੀ ਗਈ ਪਹਿਲੀ ਸੰਵਿਧਾਨਕ ਸੋਧ ਰਾਹੀਂ ਨੌਵੀਂ ਅਨੁਸੂਚੀ ਅਤੇ ਸੰਵਿਧਾਨ ਦੇ 1985 ਦੇ 52ਵੀਂ ਸੋਧ ਦਵਾਰਾ ਦਸਵੀਂ ਅਨੁਸੂਚੀ ਜਾ ਡਿਫੈਕਸ਼ਨ ਵਿਰੋਧੀ ਵਿਸ਼ੇ ਨਾਲ ਸੰਬੰਧਤ ਹੈ, ਅਪਣਾਈ ਗਈ। ਸੰਵਿਧਾਨ ਵਿਚ 91 ਸੋਧਾਂ ਕੀਤੀਆਂ ਜਾ ਚੁੱਕੀਆਂ ਹਨ। ਕਈ ਅਨੁਛੇਦਾਂ ਦੇ ਖਾਰਜ ਕਰਨ ਤੇ ਅੰਕਿਤ ਕਰਨ ਦੇ ਬਾਵਜੂਦ ਵੀ ਇਹ ਵਿਸ਼ਵ ਦਾ ਸਭ ਤੋਂ ਲੰਬਾ ਸੰਵਿਧਾਨ ਹੈ। ਇਸਦੇ ਵਿਸਤ੍ਰਿਤ ਹੋਣ ਦੇ ਕਈ ਕਾਰਨ ਹਨ।

(ੳ) ਯੂ. ਐਸ. ਏ. ਸੰਵਿਧਾਨ ਦੇ ਉਲਟ ਸਾਡਾ ਸੰਵਿਧਾਨ ਸੰਘੀ ਪ੍ਰਣਾਲੀ ਸੰਬੰਧੀ ਵਿਵਸਥਾਵਾਂ ਦਾ ਹੀ ਵਿਸਥਾਰ ਪੂਰਵਕ ਵਰਣਨ ਨਹੀਂ ਕਰਦਾ ਸਗੋਂ ਰਾਜ ਦੀਆਂ ਸਰਕਾਰਾਂ ਦੇ ਢਾਂਚੇ ਅਤੇ ਕੰਮ ਕਾਜ ਦੀ ਵਿਧੀ ਦਾ ਵੀ ਵਿਸਥਾਰ ਪੂਰਵਕ ਵਰਣਨ ਕਰਦਾ ਹੈ। ਸੰਘੀ ਸ਼ਾਸਨ-ਪ੍ਰਣਾਲੀ ਵਿਚ (ਜਿਵੇਂ ਕਿ ਅਮਰੀਕਾ) ਰਾਜਾਂ ਨੂੰ ਆਪਣੇ ਸੰਵਿਧਾਨ ਦੇ ਨਿਰਮਾਣ ਕਰਨ ਦੀ ਸੁਤੰਤਰਾ ਪ੍ਰਾਪਤ ਹੈ ਪ੍ਰੰਤੂ ਸਾਡੇ ਸੰਵਿਧਾਨ ਵਿਚ ਇਸ ਨੂੰ ਅਸਵੀਕਾਰ ਕੀਤਾ ਗਿਆ ਹੈ।

(ਅ) ਇਸ ਤੋਂ ਇਲਾਵਾ, ਪ੍ਰਸ਼ਾਸਨ ਅਤੇ ਦੂਜੀਆਂ ਕਾਰਵਾਈਆਂ ਦੇ ਪੱਖੋਂ ਸੰਘ ਅਤੇ ਰਾਜਾਂ ਵਿਚਕਾਰ ਸ਼ਕਤੀਆਂ ਅਤੇ ਕਾਰਜ ਦੀ ਵੰਡ ਸੰਬੰਧੀ ਵਿਸਥਾਰ ਪੂਰਵਕ ਵਿਵਸਥਾ ਕੀਤੀ ਗਈ ਹੈ। ਅੰਤਰ-ਰਾਜੀ ਸੰਬੰਧਾਂ, ਰਾਜਾਂ ਵਿਚਕਾਰ ਤਾਲ ਮੇਲ ਅਤੇ ਝਗੜਿਆਂ ਪ੍ਰਤੀ ਨਿਰਣਿਆਂ ਸੰਬੰਧੀ ਵੀ ਸੰਵਿਧਾਨ ਵਿਚ ਵਿਵਸਥਾ ਕੀਤੀ ਗਈ ਹੈ।

(ੲ) ਭਾਰਤੀ ਸੰਵਿਧਾਨ ਵਿਚ ਅਧਿਕਾਰਾਂ ਦਾ ਵਿਸਥਾਰ ਪੂਰਵਕ ਵਰਨਣ ਹੈ ਜਿਹਨਾਂ ਰਾਹੀਂ ਲੋਕਾਂ

ਦੀਆਂ ਸੁਤੰਤਰਤਾਵਾਂ ਨੂੰ ਸਪੱਸ਼ਟ ਕੀਤਾ ਗਿਆ ਹੈ। ਇਸ ਵਿੱਚ ਉਨ੍ਹਾਂ ਸੀਮਾਵਾਂ ਤੇ ਪਾਬੰਦੀਆਂ ਦਾ ਵਰਨਣ ਵੀ ਹੈ ਜੋ ਮੌਲਿਕ ਅਧਿਕਾਰਾਂ ਤੇ ਲਾਈਆਂ ਜਾ ਸਕਦੀਆਂ ਹਨ। ਇਸ ਤੋਂ ਇਲਾਵਾ ਸੰਵਿਧਾਨ ਦੇ ਅਧਿਆਇ IV ਵਿਚ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦਾ ਵਰਣਨ ਹੈ ਜਿਹਨਾਂ ਨੂੰ ਦੇਸ਼ ਦੇ ਸ਼ਾਸਨ ਪ੍ਰਬੰਧ ਵਿਚ ਮੌਲਿਕ ਕਿਹਾ ਗਿਆ ਹੈ ਤਾਂ ਕਿ ਸਮਾਜਿਕ ਇਨਕਲਾਬ ਦਾ ਉਦੇਸ਼ ਪ੍ਰਾਪਤ ਕੀਤਾ ਜਾ ਸਕੇ।

(ਸ) ਸੰਵਿਧਾਨ ਦੇ ਨਿਰਮਾਤਿਆਂ ਨੇ ਸਰਵ-ਉਚ ਅਦਾਲਤਾਂ ਅਤੇ ਰਾਜਾਂ ਦੀਆਂ ਉੱਚ ਅਦਾਲਤਾਂ ਦੇ ਸੰਗਠਨ, ਢਾਂਚੇ ਅਤੇ ਕਾਰਜਾਂ ਸੰਬੰਧੀ ਵਿਸਥਾਰ ਪੂਰਵਕ ਵਿਵਸਥਾ ਦੇ ਨਾਲ ਨਾਲ ਜੱਜਾਂ ਦੀਆਂ ਤਨਖਾਹਾਂ ਭੱਤਿਆਂ ਆਦਿ ਦੀ ਵੀ ਵਿਵਸਥਾ ਕੀਤੀ ਗਈ ਹੈ।

(ਹ) ਭਾਰਤੀ ਲੋਕਾਂ ਦੀਆਂ ਅਨੋਖੀਆਂ ਸਮੱਸਿਆਵਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆ, ਭਾਸ਼ਾ ਸੰਬੰਧੀ ਉੱਚਿਤ ਵਿਵਸਥਾ, ਘੱਟ ਗਿਣਤੀਆਂ ਜਿਵੇਂ ਐਂਗਲੋ ਭਾਰਤੀ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਆਦਿ ਦੇ ਲਈ ਸੁੱਰਖਿਆਵਾਂ ਨੂੰ ਭਾਰਤੀ ਸੰਵਿਧਾਨ ਵਿਚ ਸ਼ਾਮਲ ਕੀਤਾ ਗਿਆ ਹੈ।

(ਕ) ਸੰਘੀ ਲੋਕ ਸੇਵਾ ਕਮਿਸ਼ਨ ਅਤੇ ਚੋਣ ਕਮਿਸ਼ਨ ਦੇ ਸੁਤੰਤਰ ਅਤੇ ਨਿਰਪੱਖ ਕੰਮ ਕਾਜ ਨੂੰ ਯਕੀਨੀ ਬਣਾਉਣ ਲਈ ਸੰਵਿਧਾਨ ਵਿਚ ਕਾਰਗਰ ਵਿਵਸਥਾ ਕੀਤੀ ਗਈ ਹੈ।

(ਖ) ਭਾਰਤ ਦੇ ਲੋਕਰਾਜ ਨੂੰ ਬਚਾਉਣ ਲਈ ਜੋ ਦੇਸ਼ ਦੇ ਬਟਵਾਰੇ ਕਾਰਨ ਖਤਰਨਾਕ ਸਮੇਂ ਵਿਚੋਂ ਲੰਘ ਰਿਹਾ ਸੀ, ਸੰਵਿਧਾਨ ਦੇ ਭਾਗ XVIII ਵਿਚ ਸੰਕਟਕਾਲੀ ਵਿਵਸਥਾ ਦਾ ਵਰਣਨ ਕਰਨਾ ਜ਼ਰੂਰੀ ਸੀ।

ਇਸ ਲਈ ਉਨ੍ਹਾਂ ਪ੍ਰਸਥਿਤੀਆਂ ਅਤੇ ਕਾਰਨਾਂ ਜਿਨ੍ਹਾਂ ਨੇ ਸੰਵਿਧਾਨ ਦੇ ਨਿਰਮਾਤਿਆਂ ਨੂੰ ਸਾਡੇ ਸੰਵਿਧਾਨ ਵਿਚ ਬਹੁਤ ਸਾਰੀਆਂ ਅਜਿਹੀਆਂ ਵਿਵਸਥਾਵਾਂ ਸ਼ਾਮਿਲ ਕਰਨ ਲਈ ਮਜ਼ਬੂਰ ਕੀਤਾ, ਨੂੰ ਜਾਣਨਾ ਔਖਾ ਨਹੀਂ ਸੰਵਿਧਾਨ ਦੇ ਨਿਰਮਾਤੇ ਇਕ ਆਦਰਸ਼ ਸੰਵਿਧਾਨ ਦਾ ਨਿਰਮਾਣ ਕਰਨਾ ਚਾਹੁੰਦੇ ਸਨ ਤਾਂ ਜੋ ਇਹ ਭਾਰਤ ਦੇ ਲੋਕਾਂ ਦੀਆਂ ਵੱਧ ਰਹੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕੇ। ਉਨ੍ਹਾਂ ਨੇ ਇਸ ਗੱਲ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਕਿ ਉਹਨਾਂ ਉਣਤਾਈਆਂ ਤੇ ਤਰੁੱਟੀਆਂ, ਜੋ ਸੰਸਾਰ ਦੇ ਪ੍ਰਸਿੱਧ ਸੰਵਿਧਾਨਾਂ ਦੇ ਅਮਲ ਵਿਚ ਲਿਆਉਣ ਨਾਲ ਸਾਹਮਣੇ ਆਈਆਂ ਤੋਂ ਬਚਿਆ ਜਾ ਸਕੇ।

## 1.3 ਭਾਰਤੀ ਸਰਕਾਰ ਦਾ ਰੂਪ (ਸੰਸਦੀ ਪ੍ਰਣਾਲੀ ਦੀ ਵਿਵਸਥਾ) (Parliamentary Form of Government)

ਭਾਰਤੀ ਸੰਵਿਧਾਨ ਬਰਤਾਨੀਆਂ ਮਾਡਲ ਅਨੁਸਾਰ ਕੇਂਦਰ ਅਤੇ ਰਾਜਾਂ ਦੋਹਾਂ ਵਿਚ ਸੰਸਦੀ ਢੰਗ ਦੀ ਸਰਕਾਰ ਦੀ ਸਥਾਪਨਾ ਕਰਦਾ ਹੈ। ਸੰਸਦੀ ਢੰਗ ਦੀ ਸਰਕਾਰ ਦਾ ਸਾਰ ਕਾਰਜਪਾਲਿਕਾ ਦਾ ਵਿਧਾਨ ਪਾਲਿਕਾ (ਲੋਕ ਸਭਾ) ਪ੍ਰਤੀ ਜਵਾਬ ਦੇਹੀ ਤੇ ਜ਼ਿੰਮੇਵਾਰੀ ਹੈ। ਰਾਸ਼ਟਰਪਤੀ ਰਾਜ ਦਾ ਨਾ ਮਾਤਰ ਦਾ ਮੁੱਖੀ ਹੈ। ਅਸਲੀ ਕਾਰਜ ਪਾਲਿਕਾ ਦੀਆਂ ਸ਼ਕਤੀਆਂ ਮੰਤਰੀ ਪ੍ਰੀਸ਼ਦ ਕੋਲ ਹਨ ਜਿਸ ਦਾ ਮੁੱਖੀ ਪ੍ਰਧਾਨ ਮੰਤਰੀ ਹੁੰਦਾ ਹੈ। ਮੰਤਰੀ ਪ੍ਰੀਸ਼ਦ ਸਮੂਹਕ ਤੌਰ ਤੇ ਹੇਠਲੇ ਸਦਨ ਭਾਵ ਲੋਕ ਸਭਾ ਵਲ ਉਤਰਦਾਈ ਹੈ। ਇਸ ਦੀ ਚੋਣ ਬਾਲਗ ਮਤ ਦੇ ਆਧਾਰ ਤੇ ਪੰਜ ਸਾਲਾਂ ਲਈ ਪ੍ਰਤੱਖ ਢੰਗ ਨਾਲ ਕੀਤੀ ਜਾਂਦੀ ਹੈ। ਰਾਜਾਂ ਵਿਚ ਵੀ ਇਹੀ ਸਥਿਤੀ ਹੈ। ਇਸੇ ਲਈ ਅਜਿਹੀ ਸਰਕਾਰ ਨੂੰ ਜ਼ਿੰਮੇਵਾਰੀ ਸਰਕਾਰ ਕਿਹਾ ਜਾਂਦਾ ਹੈ। ਇਸ ਤੋਂ ਬਿਲਕੁਲ ਉਲਟ ਪ੍ਰਕਾਰ ਦੀ ਸਰਕਾਰ ਪ੍ਰਧਾਨਾਤਮਿਕ ਪ੍ਰਣਾਲੀ ਹੈ ਜੋ ਸ਼ਕਤੀਆਂ ਦੀ ਅਲਹਿਦਗੀ ਦੇ ਸਿਧਾਂਤ ਉਪਰ ਆਧਾਰਤ ਹੈ। ਅਮਰੀਕਾ ਦਾ ਸੰਵਿਧਾਨ ਇਸ ਦੀ ਵਧੀਆਂ ਉਦਾਹਰਣ ਹੈ ਜਿਥੇ ਰਾਸ਼ਟਰਪਤੀ ਅਸਲੀ ਕਾਰਜ ਪਾਲਿਕਾ ਦਾ ਮੁੱਖੀ ਹੁੰਦਾ ਹੈ, ਜਿਸ ਨੂੰ ਪ੍ਰਤੱਖ ਢੰਗ ਨਾਲ 4 ਸਾਲਾਂ ਲਈ ਚੁਣਿਆ ਜਾਂਦਾ ਹੈ। ਸਾਰੀਆਂ ਕਾਰਜਕਾਰੀ ਸ਼ਕਤੀਆਂ ਉਸ ਨੂੰ ਸੌਂਪੀਆਂ ਗਈਆਂ ਹਨ। ਉਹ ਕਾਂਗਰਸ ਦੇ ਹੇਠਲੇ ਸਦਨ ਭਾਵ ਪ੍ਰਤਿਨਿਧ ਸਦਨ ਵਲ ਉਤਰਦਾਈ ਨਹੀਂ। ਉਸ ਦੀ ਕੈਬਨਿਟ ਦੇ ਮੈਂਬਰ ਵੀ ਵਿਧਾਨ ਪਾਲਿਕਾਂ

ਦੇ ਮੈਂਬਰ ਨਹੀਂ ਹੁੰਦੇ ਅਤੇ ਨਾ ਹੀ ਵਿਧਾਨ ਮੰਡਲ ਦੁਆਰਾ ਨਿਯੁਕਤ ਕੀਤੇ ਜਾਂਦੇ ਹਨ। ਉਹ ਰਾਸ਼ਟਰਪਤੀ ਪ੍ਰਤੀ ਉਤਰਦਾਈ ਹੁੰਦੇ ਹਨ।

ਭਾਰਤੀ ਸੰਵਿਧਾਨ, ਰਾਸ਼ਟਰਪਤੀ ਦੀ ਸਹਾਇਤਾ ਅਤੇ ਸਲਾਹ ਲਈ ਮੰਤਰੀ ਪ੍ਰੀਸ਼ਦ ਦੀ ਵਿਵਸਥਾ ਕਰਦਾ ਹੈ ਜਿਸ ਦਾ ਮੁੱਖੀ ਪ੍ਰਧਾਨ ਮੰਤਰੀ ਹੁੰਦਾ ਹੈ। ਅਨੁਛੇਦ 75 (I) ਅਨੁਸਾਰ ਪ੍ਰਧਾਨ ਮੰਤਰੀ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਵੇਗੀ ਅਤੇ ਦੂਜੇ ਮੰਤਰੀ ਰਾਸ਼ਟਰਪਤੀ ਦੁਆਰਾ ਪ੍ਰਧਾਨ ਮੰਤ੍ਰੀ ਦੀ ਸਿਫਾਰਸ਼ ਤੇ ਨਿਯੁਕਤ ਕੀਤੇ ਜਾਣਗੇ। ਹਰੇਕ ਮੰਤਰੀ ਲਈ ਸੰਸਦ ਦੇ ਕਿਸੇ ਇਕ ਸਦਨ ਦਾ ਮੈਂਬਰ ਹੋਣਾ ਜ਼ਰੂਰੀ ਹੈ। ਇੰਗਲੈਂਡ ਵਿਚ ਮੰਤਰੀ ਦਾ ਸੰਸਦ ਦਾ ਮੈਂਬਰ ਹੋਣਾ ਕਾਨੂੰਨੀ ਪੱਖ ਤੋਂ ਜ਼ਰੂਰੀ ਨਹੀਂ। ਭਾਰਤੀ ਸੰਵਿਧਾਨ ਅਨੁਸਾਰ ਕਿਸੇ ਵੀ ਵਿਅਕਤੀ ਨੂੰ ਮੰਤਰੀ ਨਿਯੁਕਤ ਕੀਤਾ ਜਾ ਸਕਦਾ ਹੈ ਪ੍ਰੰਤੂ ਉਸ ਨੂੰ ਛੇ ਮਹੀਨੇ ਦੇ ਅੰਦਰ ਸੰਸਦ ਦੀ ਸਦੱਸਤਾ ਪ੍ਰਾਪਤ ਕਰਨੀ ਪੈਂਦੀ ਹੈ। ਜੇ ਉਹ ਇਸ ਸਮੇਂ ਅੰਦਰ ਸੰਸਦ ਦੇ ਕਿਸੇ ਸਦਨ ਦਾ ਮੈਂਬਰ ਨਾ ਬਣ ਸਕੇ ਤਾਂ ਉਸ ਨੂੰ ਮੰਤਰੀ ਮੰਡਲ ਤੋਂ ਅਸਤੀਫਾ ਦੇਣਾ ਪੈਂਦਾ ਹੈ। ਮੰਤਰੀ ਨੂੰ ਆਪਣਾ ਅਹੁਦਾ ਸੰਭਾਲਣ ਤੋਂ ਪਹਿਲਾਂ ਰਾਸ਼ਟਰਪਤੀ ਦੁਆਰਾ ਅਹੁਦੇ ਅਤੇ ਗੁਪਤਤਾ ਦੀ ਸਹੁੰ ਚੁਕਾਈ ਜਾਂਦੀ ਹੈ। ਮੰਤਰੀ ਰਾਸ਼ਟਰਪਤੀ ਦੀ ਖੁਸ਼ੀ ਤਕ ਆਪਣੇ ਪਦ ਤੇ ਰਹਿੰਦਾ ਹੈ।

ਪ੍ਰਧਾਨ ਮੰਤਰੀ, ਮੰਤਰੀ ਪ੍ਰੀਸ਼ਦ ਦਾ ਮੁੱਖੀ ਹੁੰਦਾ ਹੈ ਅਤੇ ਰਾਸ਼ਟਰਪਤੀ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ। ਪ੍ਰੰਤੂ ਪ੍ਰਧਾਨ ਮੰਤਰੀ ਦੀ ਨਿਯੁਕਤੀ ਰਾਸ਼ਟਰਪਤੀ ਆਪਣੀ ਇੱਛਾ ਅਨੁਸਾਰ ਨਹੀਂ ਕਰ ਸਕਦਾ। ਕਿਉਂਕਿ ਅਸੀਂ ਬਰਤਾਨੀਆਂ ਦੀ ਕੈਬਨਿਟ ਪ੍ਰਣਾਲੀ ਨੂੰ ਅਪਣਾਇਆ ਹੈ ਜੋ ਚੰਗੀ ਤਰ੍ਹਾਂ ਸਥਾਪਤ ਪ੍ਰੰਪਰਾਵਾਂ ਅਨੁਸਾਰ ਕੰਮ ਕਰਦੀ ਹੈ। ਬਰਤਾਨੀਆਂ ਵਿਚ ਇਕ ਸਥਾਪਤ ਪਰੰਪਰਾ ਇਹ ਹੈ ਕਿ ਹੇਠਲੇ ਸਦਨ ਵਿਚ ਬਹੁਦਲ ਦੇ ਨੇਤਾ ਨੂੰ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਜਾਂਦਾ ਹੈ। ਪ੍ਰਧਾਨ ਮੰਤਰੀ ਪ੍ਰੀਸ਼ਦ ਨਾਲ ਸੰਬੰਧਤ ਭਾਰਤੀ ਸੰਵਿਧਾਨ ਦੇ ਇਸ ਅਨੁਛੇਦ ਦੀ ਵਿਆਖਿਆ ਬਰਤਾਨੀਆਂ ਦੇ ਤਜਰਬੇ ਦੀ ਲੋਅ ਵਿਚ ਕੀਤੀ ਜਾਣੀ ਚਾਹੀਦੀ ਹੈ। ਪ੍ਰਧਾਨ ਮੰਤਰੀ ਦੀ ਚੋਣ ਸੰਬੰਧੀ ਰਾਸ਼ਟਰਪਤੀ ਦੀ ਇੱਛਾ ਲੋਕ ਸਭਾ ਵਿਚ ਬਹੁਦਲ ਦੇ ਨੇਤਾ ਜਾਂ ਉਹ ਵਿਅਕਤੀ ਜੋ ਸਦਨ ਦੇ ਬਹੁਗਿਣਤੀ ਮੈਂਬਰਾਂ ਦਾ ਵਿਸ਼ਵਾਸ ਪ੍ਰਾਪਤ ਕਰ ਸਕਦਾ ਹੈ, ਤਕ ਸੀਮਤ ਹੈ। ਸਪਸ਼ਟ ਹੈ ਕਿ ਜਦੋਂ ਕੋਈ ਇਕ ਦਲ ਲੋਕ ਸਭਾ ਵਿਚ ਬਹੁਗਿਣਤੀ ਪ੍ਰਾਪਤ ਕਰ ਲੈਂਦਾ ਹੈ ਅਤੇ ਉਸ ਦਾ ਇਕ ਪ੍ਰਵਾਨਤ ਨੇਤਾ ਵੀ ਹੁੰਦਾ ਹੈ ਤਾਂ ਪ੍ਰਧਾਨ ਮੰਤਰੀ ਦੀ ਚੋਣ ਵਿਚ ਰਾਸ਼ਟਰਪਤੀ ਦੀ ਪਸੰਦਗੀ ਇਕ ਰਸਮ ਹੀ ਹੁੰਦੀ ਹੈ।

ਬਹੁ-ਦਲ ਪ੍ਰਣਾਲੀ ਦੀ ਸਥਿਤੀ ਵਿਚ ਜੇ ਕਿਸੇ ਦਲ ਨੂੰ ਸਪਸ਼ਟ ਬਹੁਮਤ ਨਾ ਹੋਵੇ ਅਤੇ ਮਿਲੀ-ਜੁਲੀ ਸਰਕਾਰ ਬਣਾਉਣੀ ਹੋਵੇ ਤਾਂ ਰਾਸ਼ਟਰਪਤੀ ਨੇਤਾ ਦੀ ਚੋਣ ਵਿਚ ਆਪਣੀ ਥੋੜ੍ਹੀ ਜਿਹੀ ਮਰਜ਼ੀ ਵਰਤ ਸਕਦਾ ਹੈ ਉਦਾਹਰਣ ਵਜੋਂ 1996 ਵਿਚ ਹੋਈਆਂ ਚੋਣਾਂ ਵਿਚ ਜਦੋਂ ਕਿਸੇ ਵੀ ਦਲ ਨੂੰ ਲੋਕ ਸਭਾ ਵਿਚ ਸਪਸ਼ਟ ਬਹੁਮੱਤ ਪ੍ਰਾਪਤ ਨਾ ਹੋਇਆ ਤਾਂ ਰਾਸ਼ਟਰਪਤੀ ਐਸ. ਡੀ. ਸ਼ਰਮਾ ਨੇ ਨੈਸ਼ਨਲ ਫਰੰਟ (ਜੋ ਕਿ 13 ਪਾਰਟੀਆਂ ਦਾ ਗਠਜੋੜ ਸੀ ਤੇ ਜਿਸਨੂੰ ਕਾਂਗਰਸ ਪਾਰਟੀ ਦਾ ਬਾਹਰੋਂ ਸਮਰਥਨ ਸੀ) ਦੇ ਮੁਕਾਬਲੇ ਵਿਚ ਸਭ ਤੋਂ ਵੱਡੀ ਪਾਰਟੀ ਭਾਜਪਾ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਤੇ ਭਾਜਪਾ ਦੇ ਵਿਰੁੱਧ ਅਵਿਸ਼ਵਾਸ ਦਾ ਮੱਤਾ ਪਾਸ ਹੋਣ ਤੋਂ ਬਾਅਦ ਹੀ ਯੂਨਾਇਟਡ ਫਰੰਟ ਨੂੰ ਸਰਕਾਰ ਬਣਾਉਣ ਦਾ ਅਵਸਰ ਦਿੱਤਾ। ਇਹ ਕਾਰਵਾਈ ਪਰੰਪਰਾਵਾਦ ਦੇ ਅਨੁਕੂਲ ਸੀ ਕਿਉਂਕਿ ਸਰਕਾਰ ਬਣਾਉਣ ਦਾ ਪਹਿਲਾ ਹੱਕ ਸੰਸਦ ਵਿਚ ਸਭ ਤੋਂ ਵੱਡੀ ਪਾਰਟੀ ਦਾ ਹੀ ਹੈ। 1979 ਵਿਚ ਜਦੋਂ ਮੁਰਾਰ ਜੀ ਦੇਸਾਈ ਦੀ ਸਰਕਾਰ ਟੁੱਟੀ ਤਾਂ ਰਾਸ਼ਟਰਪਤੀ ਸੰਜੀਵਾ ਰੈਡੀ ਨੇ ਲੋਕ ਦਲ ਦੇ ਨੇਤਾ, ਚੌਧਰੀ ਚਰਨ ਸਿੰਘ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਚੁਣਿਆ ਸੀ ਅਤੇ ਉਨ੍ਹਾਂ ਨੂੰ ਇਕ ਮਹੀਨੇ ਦੇ ਅੰਦਰ-ਅੰਦਰ ਆਪਣਾ ਬਹੁਮਤ ਸਿੱਧ ਕਰਨ ਲਈ ਕਿਹਾ। 1989 ਵਿਚ ਵੀ. ਪੀ. ਸਿੰਘ ਸਰਕਾਰ ਦੇ ਵਿਰੁੱਧ ਅਵਿਸ਼ਵਾਸ ਮਤਾ ਪਾਸ ਹੋਣ ਤੋਂ ਬਾਦ ਰਾਸ਼ਟਰਪਤੀ ਵੈਂਕਟਰਮਨ ਨੇ ਚੰਦਰ ਸ਼ੇਖਰ (ਜਿਸ ਨਾਲ ਜਨਤਾ ਦਲ ਤੋਂ ਵੱਖ ਹੋ ਕੇ ਬਣੇ ਜਨਤਾ ਦਲ 'ਸਮਾਜਵਾਦੀ' ਦੇ ਕੁਲ 57 ਮੈਂਬਰ ਸਨ) ਨੂੰ ਕਾਂਗਰਸ ਆਈ ਦੇ ਸਮਰਥਨ ਨਾਲ ਸਰਕਾਰ ਬਣਾਉਣ ਦਾ ਮੌਕਾ ਦਿੱਤਾ ਅਤੇ ਇਕ ਮਹੀਨੇ ਦੇ ਅੰਦਰ ਬਹੁਮਤ ਸਿੱਧ ਕਰਨ ਲਈ ਕਿਹਾ। ਦੂਜੇ ਮੰਤਰੀ ਰਾਸ਼ਟਰਪਤੀ ਦੁਆਰਾ ਪ੍ਰਧਾਨ ਮੰਤਰੀ ਦੀ ਸਲਾਹ ਅਨੁਸਾਰ ਚੁਣੇ ਜਾਂਦੇ ਹਨ। ਇਸ ਸੰਬੰਧ ਵਿਚ ਪ੍ਰਧਾਨ ਮੰਤਰੀ ਦੀ ਚੋਣ ਅੰਤਿਮ ਹੁੰਦੀ ਹੈ। ਸਮੂਹਕ ਜ਼ਿੰਮੇਵਾਰੀ ਸੰਸਦੀ ਢੰਗ ਦੀ ਸਰਕਾਰ ਦਾ ਸਾਰ ਹੈ। ਇੰਗਲੈਂਡ ਵਿਚ ਇਹ ਪ੍ਰਚਲਿਤ ਰਵਾਇਤਾਂ ਅਨੁਸਾਰ

ਅਮਲ ਵਿਚ ਲਿਆਇਆ ਜਾਂਦਾ ਹੈ। ਪ੍ਰੰਤੂ ਭਾਰਤ ਵਿਚ ਇਸ ਸਿਧਾਂਤ ਨੂੰ ਸੰਵਿਧਾਨ ਦੇ ਅਨੁਛੇਦ 75 (3) ਦੁਆਰਾ ਯਕੀਨੀ ਬਣਾਇਆ ਗਿਆ ਹੈ। ਲੋਕ ਸਭਾ ਪ੍ਰਤੀ ਸਮੂਹਕ ਜ਼ਿੰਮੇਵਾਰੀ ਦੇ ਸਿਧਾਂਤ ਦੇ ਨਾਲ-ਨਾਲ ਵਿਅਕਤੀਗਤ ਮੰਤਰੀ ਦੀ ਸੰਸਦ ਪ੍ਰਤੀ ਜ਼ਿੰਮੇਵਾਰੀ ਦਾ ਸਿਧਾਂਤ ਵੀ ਕੰਮ ਕਰਦਾ ਹੈ। ਜੇ ਕੋਈ ਮੰਤਰੀ ਮੰਡਲ ਦੀ ਪ੍ਰਵਾਨਗੀ ਤੋਂ ਬਿਨਾ ਕੋਈ ਕਾਰਵਾਈ ਕਰਦਾ ਹੈ ਤਾਂ ਇਸ ਦੀ ਜ਼ਿੰਮੇਵਾਰੀ ਉਸ ਦੀ ਆਪਣੀ ਹੁੰਦੀ ਹੈ। ਪ੍ਰਧਾਨ ਮੰਤਰੀ ਲਈ ਸੰਵਿਧਾਨਕ ਦ੍ਰਿਸ਼ਟੀਕੋਣ ਤੋਂ ਆਵੱਸ਼ਕ ਹੈ ਕਿ ਉਹ ਮੰਤਰੀ ਮੰਡਲ ਦੇ ਨਿਰਣਿਆਂ ਨੂੰ ਰਾਸ਼ਟਰਪਤੀ ਨੂੰ ਦੱਸੇ ਅਤੇ ਕੇਵਲ ਸਲਾਹ ਹੀ ਨਾ ਦੇਵੇ। ਰਾਸ਼ਟਰਪਤੀ ਲਈ ਇਹ ਜ਼ਰੂਰੀ ਹੈ ਕਿ ਉਹ ਮੰਤਰੀ ਮੰਡਲ ਦੇ ਨਿਰਣਿਆਂ ਨੂੰ ਸਵੀਕਾਰ ਕਰੇ ਕਿਉਂਕਿ ਇਨ੍ਹਾਂ ਨਿਰਣਿਆਂ ਲਈ ਪ੍ਰਧਾਨ ਮੰਤਰੀ ਅਤੇ ਉਸ ਦਾ ਮੰਤਰੀ ਮੰਡਲ ਲੋਕ ਸਭਾ ਪ੍ਰਤੀ ਉਤਰਦਾਈ ਹੁੰਦਾ ਹੈ। ਸੰਵਿਧਾਨ ਵਿਚ ਕੋਈ ਅਜਿਹੀ ਵਿਵਸਥਾ ਨਹੀਂ ਜੋ ਰਾਸ਼ਟਰਪਤੀ ਨੂੰ ਸੰਸਦ ਪ੍ਰਤੀ ਉਤਰਦਾਈ ਬਣਾਉਂਦੀ ਹੋਵੇ।

ਮੰਤਰੀਆਂ ਨੂੰ ਅਹੁਦੇ ਤੋਂ ਹਟਾਉਣ ਸੰਬੰਧੀ ਰਾਸ਼ਟਰਪਤੀ, ਪ੍ਰਧਾਨ ਮੰਤਰੀ ਦੀ ਸਲਾਹ ਨੂੰ ਸਵੀਕਾਰ ਕਰਦਾ ਹੈ। ਜੇ ਪ੍ਰਧਾਨ ਮੰਤਰੀ ਇਹ ਮਹਿਸੂਸ ਕਰੇ ਕਿ ਕਿਸੇ ਮੰਤਰੀ ਦੀ ਹੋਂਦ ਸਰਕਾਰ ਦੀ ਸੁਯੋਗਤਾ, ਅਖੰਡਤਾ ਜਾਂ ਨੀਤੀ ਲਈ ਹਾਨੀਕਾਰਕ ਹੈ ਤਾਂ ਉਹ ਰਾਸ਼ਟਰਪਤੀ ਨੂੰ ਵਿਅਕਤੀ ਨੂੰ ਮੰਤਰੀ ਮੰਡਲ ਵਿਚੋਂ ਕੱਢਣ ਦੀ ਸਲਾਹ ਦੇ ਸਕਦਾ ਹੈ। ਸ੍ਰੀ ਐਮ. ਸੀ. ਛਾਂਗਲਾ, ਸ੍ਰੀ ਟੀ. ਟੀ. ਕ੍ਰਿਸ਼ਨਾਚਾਰੀ, ਸ੍ਰੀ ਅਸ਼ੋਕ ਮਹਿਤਾ, ਡੀ. ਸੀ. ਡੀ. ਦੇਸ਼ਮੁਖ ਸ੍ਰੀ ਮੁਰਾਰ ਜੀ ਡਿਸਾਈ ਅਤੇ ਸ੍ਰੀ ਚਰਨ ਸਿੰਘ ਤੇ ਰਾਜ ਨਰਾਇਣ ਨੂੰ ਆਪਣਿਆ ਅਹੁਦਿਆਂ ਤੋਂ ਅਸਤੀਫਾ ਦੇਣਾ ਪਿਆ ਕਿਉਂਕਿ ਪ੍ਰਧਾਨ ਮੰਤਰੀ ਨਾਲ ਉਨ੍ਹਾਂ ਦੇ ਮਤਭੇਦ ਹੋ ਗਏ ਸਨ।

ਸੰਸਦੀ ਢੰਗ ਨਾਲ ਸਰਕਾਰ ਦੀ ਇਕ ਪ੍ਰਚਲਿਤ ਰਵਾਇਤ ਅਨੁਸਾਰ ਜੇ ਮੰਤਰੀ ਮੰਡਲ ਲੋਕ ਸਭਾ ਦਾ ਵਿਸ਼ਵਾਸ ਗੁਆ ਲਏ ਤਾਂ ਅਸਤੀਫਾ ਦੇਣਾ ਪੈਂਦਾ ਹੈ ਪ੍ਰੋ. ਵੀ. ਐਸ. ਸ਼ਰਮਾ ਨੇ ਠੀਕ ਹੀ ਅਨੁਭਵ ਕੀਤਾ ਹੈ ਕਿ ਜੇ ਰਾਸ਼ਟਰਪਤੀ ਤਰਕਪੂਰਨ ਕਾਰਨਾਂ ਤੋਂ ਸੰਤੁਸ਼ਟ ਹੋ ਜਾਵੇ ਕਿ ਮੰਤਰੀ ਪ੍ਰੀਸ਼ਦ ਨੇ ਲੋਕਾਂ ਦਾ ਸਮਰਥਨ ਖੋ ਲਿਆ ਹੈ ਅਤੇ ਇਸ ਨੂੰ ਬਰਖਾਸਤ ਕਰ ਦੇਵੇ ਤਾਂ ਇਹ ਕਿਸੇ ਵੀ ਤਰ੍ਹਾਂ ਸੰਵਿਧਾਨ ਦੀ ਉਲੰਘਣਾ ਨਹੀਂ ਕਹੀ ਜਾ ਸਕਦੀ ਸਗੋਂ ਇਸ ਨੂੰ ਲੋਕਾਂ ਦੀ ਇੱਛਾ ਹੀ ਕਿਹਾ ਜਾਵੇਗਾ।

ਅਨੁਛੇਦ 74 (2) ਅਤੇ 75 ਦੀ ਕੇਵਲ ਸ਼ਾਬਦਿਕ ਤੇ ਕਾਨੂੰਨੀ ਵਿਆਖਿਆ ਇਸ ਵਿਚਾਰ ਨੂੰ ਸਪੱਸ਼ਟ ਕਰਦੀ ਹੈ ਕਿ ਰਾਸ਼ਟਰਪਤੀ ਚਾਹੇ ਤਾਂ ਉਹ ਤਾਨਾਸ਼ਾਹ ਵੀ ਬਣ ਸਕਦਾ ਹੈ।

ਪ੍ਰੰਤੂ, ਇਹ ਸ਼ਾਬਦਿਕ ਵਿਆਖਿਆ ਕਿਸੇ ਵੀ ਤਰ੍ਹਾਂ ਸੰਵਿਧਾਨ ਦੀ ਭਾਵਨਾ ਦੇ ਅਨੁਕੂਲ ਨਹੀਂ ਹੈ ਭਾਰਤੀ ਸੰਵਿਧਾਨ ਵਿਚ ਸੰਸਦੀ ਢੰਗ ਦੀ ਸਰਕਾਰ ਅਪਣਾਈ ਗਈ ਹੈ। ਅਸਲੀ ਕਾਰਜਕਾਰੀ ਸ਼ਕਤੀਆਂ ਦਾ ਪ੍ਰਯੋਗ ਮੰਤਰੀ ਮੰਡਲ ਦੁਆਰਾ ਕੀਤਾ ਜਾਵੇਗਾ ਜੋ ਲੋਕ ਸਭਾ ਪ੍ਰਤੀ ਉਤਰਦਾਈ ਹੋਵੇਗੀ। ਮੰਤਰੀ ਪ੍ਰੀਸ਼ਦ ਦੀ ਹੋਂਦ ਆਵੱਸ਼ਕ ਹੈ ਡਾ. ਅੰਬੇਦਕਰ ਜੋ ਖਰੜਾ ਕਮੇਟੀ ਦੇ ਸਭਾਪਤੀ ਸਨ ਅਤੇ ਡਾ. ਰਜਿੰਦਰ ਪ੍ਰਸ਼ਾਦ, ਜੋ ਸੰਵਿਧਾਨ ਸਭਾ ਦੇ ਪ੍ਰਧਾਨ ਸਨ; ਨੇ ਇਕੋ ਜਿਹੇ ਵਿਚਾਰ ਪ੍ਰਗਟਾਏ ਹਨ। ਡਾ. ਪ੍ਰਸ਼ਾਦ ਦੇ ਇਹ ਵਿਚਾਰ ਹਨ, ''ਭਾਵੇਂ ਸੰਵਿਧਾਨ ਵਿਚ ਕੋਈ ਅਜਿਹਾ ਸਪੱਸ਼ਟ ਅਨੁਛੇਦ ਨਹੀਂ ਜੋ ਰਾਸ਼ਟਰਪਤੀ ਲਈ ਮੰਤਰੀ ਦੀ ਸਲਾਹ ਨੂੰ ਆਵੱਸ਼ਕ ਬਣਾਉਂਦਾ ਹੋਵੇ, ਪਰੰਤੂ ਇਹ ਆਸ ਕੀਤੀ ਜਾਂਦੀ ਹੈ ਕਿ ਬਰਤਾਨੀਆਂ ਦੀ ਪਰੰਪਰਾ ਜਿਸ ਅਨੁਸਾਰ ਬਾਦਸ਼ਾਹ ਸਦਾ ਹੀ ਮੰਤਰੀਆਂ ਦੀ ਸਲਾਹ ਅਨੁਸਾਰ ਕੰਮ ਕਰਦਾ ਹੈ, ਸਾਡੇ ਦੇਸ਼ ਵਿਚ ਵੀ ਸਥਾਪਤ ਹੋ ਜਾਵੇਗੀ ਅਤੇ ਰਾਸ਼ਟਰਪਤੀ ਇਕ ਸੰਵਿਧਾਨਕ ਮੁਖੀਆ ਬਣ ਜਾਵੇਗਾ।'' ਇਥੇ ਇਹ ਦਸ ਦੇਣਾ ਵਾਜਿਬ ਹੈ ਕਿ 42ਵੀਂ ਸੰਵਿਧਾਨਿਕ ਸੋਧ ਦੁਆਰਾ ਇਹ ਨਿਸ਼ਚਿਤ ਕਰ ਦਿੱਤਾ ਗਿਆ ਹੈ ਕਿ ਰਾਸ਼ਟਰਪਤੀ ਮੰਤਰੀ ਪ੍ਰੀਸ਼ਦ ਦੀ ਸਲਾਹ ਮੰਨੇਗਾ। (Art 74)

ਸਰਵ-ਉਚ ਅਦਾਲਤ ਨੇ ਦ੍ਰਿੜ੍ਹਤਾ ਨਾਲ ਇਹ ਵਿਚਾਰ ਪ੍ਰਗਟਾਇਆ ਹੈ ਕਿ ਰਾਸ਼ਟਰਪਤੀ ਅਤੇ ਰਾਜਪਾਲ ਦੀਆਂ ਸ਼ਕਤੀਆਂ ਬਰਤਾਨਵੀ ਸੰਸਦੀ ਪ੍ਰਣਾਲੀ ਦੇ ਅਧੀਨ ਰਾਜੇ ਦੀਆਂ ਸ਼ਕਤੀਆਂ ਵਾਂਗ ਹਨ।

ਅਮਰੀਕਾ ਵਿਚ ਰਾਸ਼ਟਰਪਤੀ ਰਾਜ ਦਾ ਮੁਖੀ ਅਤੇ ਅਸਲੀ ਕਾਰਜਪਾਲਿਕਾ ਵੀ ਹੈ ਉਥੋਂ ਦੇ ਲੋਕਾਂ ਪ੍ਰਤੀ ਪ੍ਰਤੱਖ ਢੰਗ ਨਾਲ ਉਤਰਦਾਈ ਹੈ। ਅਸੀਂ ਭਾਰਤ ਵਿਚ ਸੰਸਦੀ ਪ੍ਰਣਾਲੀ ਅਪਣਾਈ ਹੈ। ਰਾਸ਼ਟਰਪਤੀ ਨਾ ਮਾਤਰ ਦਾ ਮੁੱਖੀਆ

ਹੈ ਅਤੇ ਮੰਤਰੀ ਪ੍ਰਿਸ਼ਦ ਅਸਲੀ ਕਾਰਜਪਾਲਿਕਾ ਹੈ। ਸਾਡੇ ਰਾਸ਼ਟਰਪਤੀ ਦੀ ਉਹੀ ਸਥਿਤੀ ਹੈ ਜੋ ਬਰਤਾਨਵੀ ਸੰਵਿਧਾਨ ਅਧੀਨ ਬਾਦਸ਼ਾਹ ਦੀ ਹੈ। ਅੰਤ ਵਿਚ ਡਾ. ਅੰਬਦੇਕਰ ਨੇ ਇਹੀ ਗੱਲ ਕਹੀ ਹੈ ਕਿ ਖਰੜਾ ਸੰਵਿਧਾਨ ਵਿਚ ਭਾਰਤੀ ਸੰਘ ਦੇ ਮੁੱਖੀ ਹੋਣ ਦੇ ਰੂਪ ਵਿਚ ਇਕ ਕਾਰਜਕਰਤਾ ਦੀ ਵਿਵਸਥਾ ਕੀਤੀ ਗਈ ਹੈ ਜਿਸ ਨੂੰ ਸੰਘ ਦਾ ਰਾਸ਼ਟਰਪਤੀ ਕਿਹਾ ਗਿਆ ਹੈ। ਇਸ ਕਾਰਜਕਰਤਾ ਦਾ ਨਾਮ ਸਾਨੂੰ ਅਮਰੀਕਾ ਦੇ ਰਾਸ਼ਟਰਪਤੀ ਦੀ ਯਾਦ ਕਰਾਉਂਦਾ ਹੈ, ਪ੍ਰੰਤੂ ਨਾਵਾਂ ਵਿਚ ਸੁਮੇਲਤਾ ਤੋਂ ਇਲਾਵਾ ਅਮਰੀਕਾ ਵਿਚ ਸਰਕਾਰ ਦੇ ਸਰੂਪ ਅਤੇ ਖਰੜਾ-ਅਤੇ ਸੰਵਿਧਾਨ ਵਿਚ ਭਾਰਤ ਲਈ ਤਜਵੀਜ ਕੀਤੀ ਗਈ ਸਰਕਾਰ ਦੇ ਸਰੂਪ ਵਿਚ ਕੋਈ ਗੱਲ ਸਾਂਝੀ ਨਹੀਂ। ਅਮਰੀਕਾ ਵਿਚ ਪ੍ਰਧਾਨਤਮਕਾ ਢੰਗ ਦੀ ਸਰਕਾਰ ਹੈ ਜਦ ਕਿ ਖਰੜਾ ਸੰਵਿਧਾਨ ਵਿਚ ਸੰਸਦੀ ਢੰਗ ਦੀ ਸਰਕਾਰ ਦੀ ਵਿਵਸਥਾ ਸੀ।

## 1.4 ਧਰਮ ਨਿਰਪੇਖਤਾ (Secularism)

ਧਰਮ ਨਿਰਪੇਖ ਰਾਜ ਦਾ ਅਰਥ ਹੈ ਕਿ ਰਾਜ ਧਾਰਮਿਕ ਮਾਮਲਿਆਂ ਵਿਚ ਨਿਰਪੱਖ ਰਹੇ। ਭਾਰਤ ਵਿਚ ਇਹ ਇਕ ਪ੍ਰਾਚੀਨ ਵਿਚਾਰ ਹੈ ਕਿ ਰਾਜ ਧਰਮਾਂ ਦੀ ਰੱਖਿਆ ਕਰਦਾ ਹੈ ਅਤੇ ਕਿਸੇ ਵਿਚ ਵੀ ਦਖਲ ਨਹੀਂ ਦਿੰਦਾ। ਰਾਜ ਦਾ ਆਪਣਾ ਕੋਈ ਧਰਮ ਨਹੀਂ ਹੋ ਸਕਦਾ। ਇਸ ਨੂੰ ਸਾਰੇ ਧਰਮਾਂ ਨਾਲ ਇਕੋ ਜਿਹਾ ਵਰਤਾਓ ਕਰਨਾ ਚਾਹੀਦਾ ਹੈ। ਰਾਜ ਨੂੰ ਚਾਹੀਦਾ ਹੈ ਕਿ ਉਹ ਗਿਰਜੇ, ਮਸੀਤ ਦੇ ਮੰਦਰ ਨਾਲ ਬਰਾਬਰ ਦਾ ਸਲੂਕ ਕਰੇ। ਇਹ ਧਰਮ ਨਿਰਪੇਖ ਰਾਜ ਕੇਵਲ ਮਨੁੱਖਾਂ ਦੇ ਆਪਸ ਸੰਬੰਧਾਂ ਤਕ ਵਾਸਤਾ ਰਖਦਾ ਹੈ। ਇਹ ਮਨੁੱਖ ਦੇ ਰੱਬ ਨਾਲ ਸੰਬੰਧਾਂ ਬਾਰੇ ਚਿੰਤੁਰ ਨਹੀਂ ਹੁੰਦਾ। ਮਨੁੱਖ ਦੇ ਅਧਿਆਤਮਕੀ ਸੰਬੰਧਾਂ ਨੂੰ ਉਸ ਦੀ ਨਿਜੀ ਜਮੀਰ ਤੇ ਛਡਿਆ ਜਾਂਦਾ ਹੈ। ਭਾਰਤੀ ਸੰਵਿਧਾਨ ਮੌਲਿਕ ਅਧਿਕਾਰਾਂ ਵਿਚ ਕੁਝ ਧਾਰਮਿਕ ਸੁਤੰਤਰਤਾ ਦੇ ਅਧਿਕਾਰ ਦਿੰਦਾ ਹੈ।

ਅਨੁਛੇਦ 25 (I) ਸਾਰੇ ਨਾਗਰਿਕਾਂ ਲਈ ਜਮੀਰ ਦੀ ਸੁਤੰਤਰਾ ਅਤੇ ਕਿਸੇ ਵੀ ਧਰਮ ਨੂੰ ਅਪਨਾਉਣ ਅਤੇ ਉਸ ਦਾ ਪ੍ਰਚਾਰ ਕਰਨ ਦੀ ਸੁਤੰਤਰਤਾ ਦੀ ਗਰੰਟੀ ਕਰਦਾ ਹੈ। ਪਰੰਤੂ ਇਹ ਅਧਿਕਾਰ ਜਨਤਕ ਵਿਵਸਥਾ ਨੈਤਿਕ, ਸਿਹਤ ਅਤੇ ਸੰਵਿਧਾਨ ਦੇ ਭਾਗ III ਦੇ ਅਨੁਛੇਦ ਦੇ ਵਿਰੁੱਧ ਨਾ ਹੋਵੇ। ਅਨੁਛੇਦ 25 ਦੀ ਧਾਰਾ (2) ਦੀ ਸਬ ਧਾਰਾ (a) ਅਤੇ (b) ਦੇ ਅਧੀਨ ਰਾਜ ਕੋਲ (a) ਆਰਥਕ, ਵਿਤੀ ਅਤੇ ਕੋਈ ਦੂਜੀ ਧਰਮ ਨਿਰਪੱਖ ਕਾਰਵਾਈ, ਜਿਸ ਦਾ ਸੰਬੰਧ ਕਿਸੇ ਧਰਮ ਨਾਲ ਹੈ, ਨੂੰ ਨਿਯੰਤਰਣ ਕਰਨ ਜਾਂ ਸੀਮਤ ਕਰਨ ਦੀ ਸ਼ਕਤੀ ਹੈ। (b) (i) ਰਾਜ ਸਮਾਜਿਕ ਭਲਾਈ ਅਤੇ ਸੁਧਾਰ ਦੀ ਵਿਵਸਥਾ ਕਰ ਸਕਦਾ ਹੈ ਅਤੇ (ii) ਜਨਤਕ ਹੀ ਹੈ। ਸਰੂਪ ਦੀਆਂ ਹਿੰਦੂ ਧਾਰਮਿਕ ਸੰਸਥਾਵਾਂ ਨੂੰ ਹਿੰਦੂਆਂ ਦੀਆਂ ਸਾਰੀਆਂ ਸ਼੍ਰੇਣੀਆਂ ਅਤੇ ਵਰਗਾਂ ਲਈ ਖੋਲ੍ਹਣ ਦੀ ਵਿਵਸਥਾ ਕਰ ਸਕਦਾ ਹੈ।

ਧਾਰਮਿਕ ਸੁਤੰਤਰਤਾ, ਜਨਤਕ ਵਿਵਸਥਾ, ਨੈਤਿਕਤਾ ਅਤੇ ਸਿਹਤ ਦੇ ਵਿਰੁੱਧ ਨਹੀਂ ਹੋਣੀ ਚਾਹੀਦੀ। ਪੁਲਿਸ ਕਾਨੂੰਨ ਦੀ ਧਾਰਾ 34 ਜਨਤਕ ਥਾਵਾਂ ਤੇ ਪਸ਼ੂਆਂ ਦੇ ਕਤਲ ਤੇ ਮਨੁੱਖ ਦੀ ਅਣਉਚਿਤ ਪ੍ਰਦਰਸ਼ਨੀ ਉਪਰ ਰੋਕ ਲਾਉਂਦਾ ਹੈ। ਇਹਨਾਂ ਕਾਰਵਾਈਆਂ ਨੂੰ ਧਾਰਮਿਕ ਰਸਮਾਂ ਤੇ ਅਪਨਾਉਣ ਦੇ ਅਧਾਰ ਤੇ ਉਚਿਤ ਨਹੀਂ ਠਹਿਰਾਇਆ ਜਾ ਸਕਦਾ। ਇਸ ਤੋਂ ਇਲਾਵਾ ਅਨੁਛੇਦ 25 (2) (a) ਦੇ ਅਧੀਨ ਰਾਜ ਆਰਥਿਕ ਵਿਧੀ ਅਤੇ ਰਾਜਨੀਤਕ ਕਾਰਵਾਈਆਂ, ਜੋ ਧਾਰਮਿਕ ਵਿਚਾਰਾਂ ਨਾਲ ਸਬੰਧਤ ਹਨ, ਦਾ ਨਿਯੰਤਰਣ ਵੀ ਕਰ ਸਕਦਾ ਹੈ। ਧਰਮ ਨੂੰ ਮੰਨਣ ਅਤੇ ਅਪਨਾਉਣ ਦੀ ਸੁਤੰਤਰਤਾ ਕੇਵਲ ਉਨ੍ਹਾਂ ਕੰਮਾਂ ਤਕ ਹੈ ਜੋ ਧਰਮ ਦਾ ਅੰਗ ਜਾਂ ਮੂਲ ਹਨ।

ਅਨੁਛੇਦ 25 ਦੀ ਧਾਰਾ (2) (b) ਦੇ ਅਧੀਨ ਰਾਜ ਨੂੰ ਸਮਾਜਿਕ ਕਲਿਆਣ ਅਤੇ ਸੁਧਾਰ ਦੇ ਕਾਨੂੰਨ ਬਣਾਉਣ ਦਾ ਅਧਿਕਾਰ ਪ੍ਰਾਪਤ ਹੈ। ਇਸ ਦੇ ਅਧੀਨ ਰਾਜ ਉਨ੍ਹਾਂ ਸਮਾਜਿਕ ਵਿਚਾਰਾਂ ਅਤੇ ਸਿਧਾਂਤਾਂ ਨੂੰ ਦੂਰ ਕਰ ਸਕਦਾ ਹੈ ਜੋ ਦੇਸ਼ ਦੇ ਅਗਾਂਹ ਵਧੂ ਵਿਕਾਸ ਵਿਚ ਰੁਕਾਵਟ ਪਾਉਂਦੇ ਹਨ। ਉਹ ਧਰਮਾਂ ਦੇ ਮੂਲ ਅਧਾਰ ਨੂੰ ਪ੍ਰਭਾਵਿਤ ਨਹੀਂ ਕਰਦੇ ਅਤੇ ਅਨੁਛੇਦ 26 ਧਾਰਮਿਕ ਕੰਮਾਂ ਦੇ ਪ੍ਰਬੰਧ ਨੂੰ ਸਵੀਕਾਰ ਕਰਦਾ ਹੈ। ਪਰੰਤੂ ਇਹ ਜਨਤਕ ਵਿਵਸਥਾ, ਨੈਤਿਕਤਾ ਦੇ ਵਿਰੁੱਧ ਨਾ ਹੋਵੇ ਅਤੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਅਨੁਛੇਦ 25 ਵਿਅਕਤੀਗਤ ਸੁਤੰਤਰਤਾ ਨੂੰ ਮਹਾਨਤਾ ਦਿੰਦਾ ਹੈ ਜਦੋਂ ਕਿ ਅਨੁਛੇਦ 26 ਸੰਗਠਿਤ ਸੰਸਥਾ ਜਿਵੇਂ ਧਾਰਮਿਕ ਮਠ ਜਾਂ ਇਸ ਦੇ ਕਿਸੇ ਵਿਭਾਗ ਦੇ ਅਧਿਕਾਰ ਦੀ ਗਰੰਟੀ ਕਰਦਾ ਹੈ। ਅਨੁਛੇਦ 26 ਦੇ ਅਧੀਨ ਧਾਰਮਿਕ ਮਠ ਜਾਂ ਸੰਗਠਨ ਨੂੰ ਆਪਣੇ ਧਾਰਮਿਕ ਕੰਮਾਂ ਦੇ ਪ੍ਰਬੰਧ ਕਰਨ ਸੰਬੰਧੀ ਸੁਤੰਤਰਤਾ ਪ੍ਰਾਪਤ ਹੈ। ਇਨ੍ਹਾਂ ਸੰਸਥਾਵਾਂ ਦੇ ਕੰਮ ਵਿਚ ਰਾਜ ਉਦੋਂ

ਤੱਕ ਦਖਲ ਨਹੀਂ ਦੇ ਸਕਦਾ ਜਦੋਂ ਤਕ ਉਨ੍ਹਾਂ ਦੇ ਇਹ ਕੰਮ ਜਨਤਕ ਵਿਵਸਥਾ ਸਿਹਤ ਜਾਂ ਨੈਤਿਕਤਾ ਦੇ ਵਿਰੁੱਧ ਨਾ ਹੋਣ। ਅਦਾਲਤ ਨੂੰ ਇਹ ਨਿਰਧਾਰਿਤ ਕਰਨ ਦਾ ਅਧਿਕਾਰ ਹੈ ਕਿ ਕੋਈ ਵਿਸ਼ੇਸ਼ ਅਧਿਕਾਰ ਜਾਂ ਰਸਮੋ ਰਿਵਾਜ਼ ਕਿਸੇ ਵਿਸ਼ੇਸ਼ ਧਰਮ ਦੇ ਅਨੁਕੂਲ ਹਨ।[2]

ਅਨੁਛੇਦ 26 ਵਿਚ ਇਹ ਵਿਵਸਥਾ ਕੀਤੀ ਗਈ ਹੈ ਕਿ ਕਿਸੇ ਵਿਸ਼ੇਸ਼ ਧਰਮ ਦੇ ਵਿਕਾਸ ਲਈ ਕਿਸੇ ਨੂੰ ਕਰ ਦੇਣ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ। ਇਸ ਧਾਰਾ ਰਾਜ ਵਿਚ ਧਰਮ ਨਿਰਪੱਖ ਸਰੂਪ ਦੀ ਤਾਕੀਦ ਕਰਦੀ ਹੈ। ਜਨਤਕ ਧਨ ਜਿਸ ਨੂੰ ਟੈਕਸ ਦਾ ਰੂਪ ਵਿਚ ਇਕੱਠਾ ਕੀਤਾ ਜਾਂਦਾ ਹੈ, ਨੂੰ ਰਾਜ ਕਿਸੇ ਵਿਸ਼ੇਸ਼ ਧਰਮ ਦੇ ਵਿਕਾਸ ਲਈ ਵਰਤ ਨਹੀਂ ਸਕਦਾ। ਇਸ ਦਾ ਕਾਰਨ ਇਹ ਹੈ ਕਿ ਭਾਰਤ ਇਕ ਧਰਮ ਨਿਰਪੇਖ ਰਾਜ ਹੈ ਅਤੇ ਸੰਵਿਧਾਨ ਦੁਆਰਾ ਵਿਅਕਤੀ ਅਤੇ ਸਮੂਹ ਦੋਨਾਂ ਨੂੰ ਧਾਰਮਿਕ ਸੁਤੰਤਰਤਾ ਪ੍ਰਦਾਨ ਕੀਤੀ ਗਈ ਹੈ ਇਹ ਸੰਵਿਧਾਨਕ ਨੀਤੀ ਦੇ ਵਿਰੁੱਧ ਹੋਵੇਗਾ ਜੋ ਜਨਤਕ ਧਨ ਵਿਚੋਂ ਕੁਝ ਧਨ ਕਿਸੇ ਵਿਸ਼ੇਸ਼ ਧਾਰਮਿਕ ਮਠ ਦੇ ਵਾਧੇ ਜਾਂ ਸੰਭਾਲ ਲਈ ਦਿੱਤਾ ਜਾਵੇ।

ਅਨੁਛੇਦ 28 ਦੇ ਅਧੀਨ, ਰਾਜ ਵਲੋਂ ਵਿਤੀ ਸਹਾਇਤਾ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਵਿਚ ਧਾਰਮਿਕ ਸਿੱਖਿਆ ਨਹੀਂ ਦਿੱਤੀ ਜਾ ਸਕਦੀ। ਸੰਸਥਾਵਾਂ ਚਾਰ ਤਰ੍ਹਾਂ ਦੀਆਂ ਹੁੰਦੀਆਂ ਹਨ : (ੳ) ਸੰਸਥਾਵਾਂ ਜਿਨ੍ਹਾਂ ਦੀ ਸੰਭਾਲ ਪੂਰਨ ਤੌਰ ਤੇ ਰਾਜ ਕਰਦਾ ਹੈ। (ਅ) ਰਾਜ ਵਲੋਂ ਪ੍ਰਵਾਣਿਤ ਸੰਸਥਾਵਾਂ। (ੲ) ਸੰਸਥਾਵਾਂ ਜਿਨ੍ਹਾਂ ਦੀ ਰਾਜ ਵਲੋਂ ਸਹਾਇਤਾ ਕੀਤੀ ਜਾਂਦੀ ਹੈ। (ਸ) ਸੰਸਥਾਵਾਂ ਜਿਨ੍ਹਾਂ ਦਾ ਪ੍ਰਬੰਧ ਤਾਂ ਰਾਜ ਚਲਾਉਂਦਾ ਹੈ ਪਰ ਉਨ੍ਹਾਂ ਦੀ ਸਥਾਪਨਾ ਕਿਸੇ ਟਰਸਟ ਜਾਂ ਧਾਰਮਿਕ ਸੰਗਠਨ ਨੇ ਕੀਤੀ ਹੈ। (ੳ) ਕਿਸੇ ਕਿਸਮ ਦੀਆਂ ਸਰਕਾਰੀ ਸੰਸਥਾਂ ਵਿਚ ਧਾਰਮਿਕ ਸਿੱਖਿਆ ਨਹੀਂ ਦਿੱਤੀ ਜਾ ਸਕਦੀ (ਅ) ਅਤੇ (ੲ) ਨਿਜੀ ਸੰਸਥਾਵਾਂ ਵਿਚ ਧਾਰਮਿਕ ਸਿੱਖਿਆ ਵਿਅਕਤੀਆਂ ਦੀ ਸਹਿਮਤੀ ਨਾਲ ਦਿੱਤੀ ਜਾ ਸਕਦੀ ਹੈ। (ਸ) ਨਿਜੀ ਕਿਸਮ ਦੀਆਂ ਸੰਸਥਾਵਾਂ ਵਿਚ ਧਾਰਮਿਕ ਸਿੱਖਿਆ ਦੇਣ ਤੇ ਕੋਈ ਪਾਬੰਦੀ ਨਹੀਂ।

42ਵੀਂ ਸੋਧ ਤੋਂ ਬਾਅਦ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਵੀ 'ਧਰਮ ਨਿਰਪੇਖ' ਸ਼ਬਦ ਜੋੜ ਕੇ ਇਸ ਸੰਕਲਪ ਨੂੰ ਹੋਰ ਸਪੱਸ਼ਟ ਤੇ ਦ੍ਰਿੜ ਕੀਤਾ ਗਿਆ ਹੈ।

## 1.5 ਸੰਘਵਾਦ (Federalism)

ਸਾਡੇ ਸੰਵਿਧਾਨ ਦੀ ਇਕ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਸੰਘਾਤਮਕ ਹੋਣ ਦੇ ਬਾਵਜੂਦ ਵੀ ਸੰਕਟਕਾਲ ਵਿਚ ਸਾਡਾ ਸੰਵਿਧਾਨ ਇਕਾਤਮਕ ਰੂਪ ਧਾਰਨ ਕਰ ਲੈਂਦਾ ਹੈ। ਸੰਕਟਕਾਲ ਦੀ ਘੋਸ਼ਣਾ ਦੌਰਾਨ ਅਤੇ ਰਾਜਾਂ ਵਿਚ ਸ਼ਕਤੀ ਦੀ ਸਾਧਾਰਨ ਵੰਡ ਵਿਚ ਮੱਹਤਵਪੂਰਨ ਤਬਦੀਲੀ ਹੋ ਜਾਂਦੀ ਹੈ। ਸੰਘੀ ਸੰਸਦ ਨੂੰ ਰਾਜ ਸੂਚੀ ਵਿਚ ਸ਼ਾਮਲ ਕਿਸੇ ਵੀ ਵਿਸ਼ੇ ਉਪਰ ਕਾਨੂੰਨ ਬਣਾਉਣ ਦਾ ਅਧਿਕਾਰ ਮਿਲ ਜਾਂਦਾ ਹੈ। ਕੇਂਦਰ ਦੀ ਸਰਕਾਰ ਰਾਜ ਦੀਆਂ ਸਰਕਾਰਾਂ ਨੂੰ ਆਪਣੀਆਂ ਕਾਰਜਕਾਰੀ ਸ਼ਕਤੀਆਂ ਨੂੰ ਵਿਸ਼ੇਸ਼ ਢੰਗ ਨਾਲ ਵਰਤਣ ਦੀਆਂ ਹਦਾਇਤਾਂ ਦੇ ਸਕਦਾ ਹੈ। ਕੇਂਦਰ ਅਤੇ ਰਾਜਾਂ ਵਿਚਕਾਰ ਵਿੱਤੀ ਪ੍ਰਬੰਧ ਦਾ ਕੰਟਰੋਲ ਵੀ ਸੰਘੀ ਸਰਕਾਰ ਕੋਲ ਆ ਜਾਂਦਾ ਹੈ। ਇੰਜ ਸੰਕਟਕਾਲ ਦੇ ਸਮੇਂ ਸਾਰੀਆਂ ਸ਼ਕਤੀਆਂ ਦਾ ਕੇਂਦਰੀਕਰਣ ਹੋ ਜਾਂਦਾ ਹੈ ਅਤੇ ਸੰਵਿਧਾਨ ਇਕਾਤਮਕ ਸਰੂਪ ਧਾਰਨ ਕਰ ਲੈਂਦਾ ਹੈ ਅਜਿਹਾ ਕੇਵਲ ਯੁੱਧ ਸੰਕਟਕਾਲ ਵਿਚ ਹੀ ਨਹੀਂ ਹੁੰਦਾ ਸਗੋਂ ਸ਼ਾਂਤੀ ਦੇ ਸਮੇਂ ਵੀ ਸਾਡਾ ਸੰਵਿਧਾਨ ਇਕਾਤਮਕ ਬਣ ਸਕਦਾ ਹੈ।

ਸੰਘਾਤਮਕ ਅਤੇ ਇਕਾਤਮਕ ਪ੍ਰਣਾਲੀ ਦਾ ਸੁਮੇਲ ਭਾਰਤੀ ਸੰਵਿਧਾਨ ਦੀ ਇਕ ਬੇਮਿਸਾਲ ਵਿਸ਼ੇਸ਼ਤਾ ਹੈ। ਕੇਵਲ ਯੁੱਧ ਦੇ ਸਮੇਂ ਵਿਚ ਹੀ ਨਹੀਂ ਸਗੋਂ ਸ਼ਾਂਤੀ ਸਮੇਂ ਵੀ ਸਾਡਾ ਸੰਵਿਧਾਨ ਇਕਾਤਮਕ ਰੂਪ ਵਿਚ ਕੰਮ ਕਰਦਾ ਹੈ। ਇਤਿਹਾਸਕ ਪਿਛੋਕੜ ਜਿਸ ਕਾਰਨ ਭਾਰਤ ਵਿਚ ਸੰਘਾਤਮਕ ਪ੍ਰਣਾਲੀ ਅਪਣਾਈ ਗਈ ਹੈ ਅਤੇ ਦੂਜੇ ਸੰਘਾਤਮਕ ਦੇਸ਼ਾਂ ਦੇ ਖਤਰਿਆਂ ਨੂੰ ਧਿਆਨ ਵਿਚ ਰੱਖਦੇ ਹੋਏ ਭਾਰਤੀ ਸੰਵਿਧਾਨ ਦੀ ਇਸ ਵਿਸ਼ੇਸ਼ਤਾ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ।

ਸਮੁੱਚੇ ਭਾਰਤ ਨੂੰ ਖੰਡਾਂ ਵਿਚ ਵੰਡ ਕੇ ਉਨ੍ਹਾਂ ਲਈ ਸਲਾਹਕਾਰੀ ਹੈਸੀਅਤ ਵਿਚ ਕੰਮ ਕਰਨ ਲਈ ਜੋਨਲ ਪ੍ਰੀਸ਼ਦ ਦੀ ਸਥਾਪਨਾ ਕਰਕੇ 1956 ਦੇ ਰਾਜ ਪੁਨਰ ਸੰਗਠਨ ਐਕਟ ਨੇ ਪ੍ਰਾਦੇਸ਼ਕ ਤਾਲਮੇਲ ਅਤੇ ਸਹਿਕਾਰਤਾ ਦੀ ਨਵੀਂ

ਵਿਸ਼ੇਸ਼ਤਾ ਨੂੰ ਅਪਣਾਇਆ ਹੈ। ਜੋਨਲ ਪ੍ਰੀਸ਼ਦ ਦੀ ਮੀਟਿੰਗ ਨਿਸ਼ਚਿਤ ਸਮੇਂ ਤੇ ਕੇਂਦਰੀ ਸਰਕਾਰ ਦੇ ਗ੍ਰਹਿ ਮੰਤਰੀ ਦੀ ਸਰਪ੍ਰਸਤੀ ਹੇਠ ਹੁੰਦੀ ਹੈ। ਇਹ ਸੰਘਾਤਮਕ ਪ੍ਰਣਾਲੀ ਵਿਚ ਇਕ ਨਵਾਂ ਤਜਰਬਾ ਹੈ।

ਉਪਰੋਕਤ ਵਿਚਾਰਾਂ ਦੀ ਰੋਸ਼ਨੀ ਵਿਚ ਭਾਰਤੀ ਸੰਘਾਤਮਕ ਪ੍ਰਣਾਲੀ ਨੂੰ ਇਕਾਤਮਕ ਪ੍ਰਣਾਲੀ ਦਾ ਇਕ ਬੇਮਿਸਾਲ ਮਾਡਲ ਕਿਹਾ ਜਾ ਸਕਦਾ ਹੈ ਜਿਸ ਦੇ ਕੁਝ ਸਹਾਇਕ ਤੱਤ ਸੰਘਾਤਮਕ ਹਨ। ਸੰਵਿਧਾਨ ਦੀਆਂ ਕੁਝ ਵਿਸ਼ੇਸ਼ਤਾਈਆਂ ਇਸ ਵਿਚਾਰ ਦੀ ਪ੍ਰੋੜਤਾ ਕਰਦੀਆਂ ਹਨ।

ਸੰਘੀ ਸਰਕਾਰ ਇੰਨੀ ਸ਼ਕਤੀਸ਼ਾਲੀ ਹੈ ਕਿ ਰਾਜਾਂ ਦੀ ਸਵਾਧੀਨਤਾ ਇਕ ਦਿਖਾਵਾ ਪ੍ਰਤੀਤ ਹੁੰਦੀ ਹੈ। ਸੰਘੀ ਦ੍ਰਿਸ਼ਟੀਕੋਣ ਤੋਂ ਕੇਂਦਰ ਅਤੇ ਰਾਜਾਂ ਵਿਚਕਾਰ ਸ਼ਕਤੀਆਂ ਦੀ ਵੰਡ ਬਿਲਕੁਲ ਅਣਉਚਿਤ ਹੈ। ਰਾਸ਼ਟਰੀ ਮਹੱਤਤਾ ਦੀਆਂ ਸਾਰੀਆਂ ਮੱਦਾਂ ਜਿਨ੍ਹਾਂ ਦੀ ਗਿਣਤੀ 97 ਹੈ ਸੰਘੀ ਸੂਚੀ ਵਿਚ ਸ਼ਾਮਲ ਹਨ ਜਿਵੇਂ ਵਿਦੇਸ਼ੀ ਕੰਮ, ਰਖਿਆ ਅਤੇ ਸੈਨਾ, ਹਥਿਆਰ ਅਤੇ ਬਾਰੂਦ, ਪ੍ਰਮਾਣੂ ਸ਼ਕਤੀ ਆਦਿ। ਸਮਵਰਤੀ ਸੂਚੀ ਦੀਆਂ 47 ਮਦਾਂ ਉਪਰ ਵੀ ਸੰਘ ਦਾ ਹੀ ਕੰਟਰੋਲ ਹੈ। ਰਾਜ ਸੂਚੀ ਦੀਆਂ 66 ਮੱਦਾਂ ਰਾਜ ਦੇ ਕੰਟਰੋਲ ਵਿਚ ਹਨ। ਇਸ ਤੋਂ ਇਲਾਵਾ ਬਚੀਆਂ ਸ਼ਕਤੀਆਂ ਕੇਂਦਰ ਕੋਲ ਹਨ। ਕੁਝ ਵਿਸ਼ੇਸ਼ ਪ੍ਰਸਥਿਤੀਆਂ ਵਿਚ, ਸੰਸਦ ਰਾਜ ਸੂਚੀ ਦੀਆਂ ਮੱਦਾਂ ਤੇ ਵੀ ਕਾਨੂੰਨ ਬਣਾ ਸਕਦੀ ਹੈ। ਕਾਨੂੰਨ ਦੀ ਗੰਭੀਰ ਸਥਿਤੀ (ਅਨੁਛੇਦ 257 ਏ) ਨਾਲ ਨਿਬੜਨ ਦੀ ਸ਼ਕਤੀ ਵੀ ਕੇਂਦਰ ਕੋਲ ਹੈ।

ਵਿਤੀ ਮਾਮਲਿਆਂ ਵਿਚ ਰਾਜਾਂ ਦੀ ਹਾਲਤ ਬਹੁਤ ਹੀ ਕਮਜ਼ੋਰ ਹੈ। ਯੋਜਨਾ ਕਮਿਸ਼ਨ ਇਕ ਕੇਂਦਰੀ ਏਜੰਸੀ ਹੈ ਅਤੇ ਹਰ ਤਰ੍ਹਾਂ ਦੀ ਸਹਾਇਤਾ ਲਈ ਰਾਜ ਇਸ ਤਕ ਪਹੁੰਚ ਨਹੀਂ ਸਕਦੇ। ਇਹ ਠੀਕ ਹੈ ਕਿ ਸੰਵਿਧਾਨ ਵਿਚ ਸਪੱਸ਼ਟ ਰੂਪ ਵਿਚ ਕਿਹਾ ਗਿਆ ਹੈ ਕਿ ਰਾਜਾਂ ਨੂੰ ਕਿਹੜੇ ਕਰ ਸੌਂਪੇ ਜਾਣਗੇ ਅਤੇ ਕਿਹੜੇ ਕਰਾਂ ਵਿਚ ਰਾਜਾਂ ਨਾਲ ਸੰਘ ਦੀ ਭਾਈਵਾਲੀ ਹੋਵੇਗੀ। ਪਰ ਰਾਜਾ ਦੇ ਹਿੱਸੇ ਦੇ ਅਨੁਪਾਤ ਦਾ ਨਿਰਣਾ ਰਾਸ਼ਟਰਪਤੀ ਤੇ ਛੱਡ ਦਿੱਤਾ ਗਿਆ ਹੈ।

ਅਨੁਛੇਦ 250 ਵਿਚ ਵਿਵਸਥਾ ਕਰਦਾ ਹੈ ਕਿ ਸੰਕਟਕਾਲੀ ਘੋਸ਼ਣਾ ਦੇ ਲਾਗੂ ਰਹਿਣ ਦੇ ਦੌਰਾਨ ਸੰਸਦ ਰਾਜ ਸੂਚੀ ਦੇ ਕਿਸੇ ਵੀ ਮੱਦ ਉਪਰ ਕਾਨੂੰਨ ਬਣਾ ਸਕਦੀ ਹੈ ਅਤੇ ਕਾਨੂੰਨ ਸੰਕਟ ਕਾਲ ਦੇ ਸਮਾਪਤ ਹੋਣ ਤੋਂ ਛੇ ਮਹੀਨੇ ਤਕ ਲਾਗੂ ਰਹਿ ਸਕਦਾ ਹੈ।

ਕੇਂਦਰੀ ਸੰਸਦ ਕੋਲ ਇੰਨੀਆਂ ਵਿਸ਼ਾਲ ਸ਼ਕਤੀਆਂ ਹਨ ਕਿ ਇਹ ਦੇਸ਼ ਦੀ ਰਾਜਨੀਤਕ ਨਕਸ਼ੇ ਨੂੰ ਤਬਦੀਲ ਕਰ ਸਕਦਾ ਹੈ। ਧਾਰਾ (3) ਦੇ ਅਧੀਨ ਕੇਂਦਰ ਨੂੰ ਰਾਜਾਂ ਦੀਆਂ ਸੀਮਾਵਾਂ ਵਿਚ ਅਦਲਾ-ਬਦਲੀ ਕਰਨ ਦਾ ਅਧਿਕਾਰ ਵੀ ਪ੍ਰਾਪਤ ਹੈ। ਇੰਜ ਕੇਂਦਰ ਇਹਨਾਂ ਅਨੁਛੇਦਾਂ ਦਾ ਸਹਾਰਾ ਲੈ ਕੇ ਕਿਸੇ ਵੀ ਰਾਜ ਨੂੰ ਨੁਕਸਾਨ ਪਹੁੰਚਾਉਣ ਲਈ ਇਸ ਦੀ ਸੀਮਾ ਵਿਚ ਤਬਦੀਲੀ ਕਰ ਸਕਦਾ ਹੈ। ਇਸ ਤਰ੍ਹਾਂ ਰਾਜ ਦੀ ਹੋਂਦ ਹੀ ਕੇਂਦਰ ਸਰਕਾਰ ਦੀ ਮਰਜ਼ੀ ਉਪਰ ਅਧਾਰਿਤ ਹੈ।

ਇਸ ਤੋਂ ਇਲਾਵਾ ਸੰਵਿਧਾਨ ਵਿਚ ਸੋਧ ਕਰਨ ਦੇ ਬਿਲ ਦੀ ਪਹਿਲ ਕਰਨ ਦੀ ਸ਼ਕਤੀ ਵੀ ਕੇਂਦਰ ਕੋਲ ਹੈ। ਸੰਵਿਧਾਨ ਵਿਚ ਸੋਧ ਕਰਨ ਦੇ ਮਾਮਲਿਆਂ ਵਿਚ ਰਾਜਾਂ ਦੀ ਸ਼ਕਤੀ ਬਹੁਤ ਸੀਮਤ ਹੈ। ਸੰਵਿਧਾਨ ਦੇ ਸੰਘੀ ਢਾਂਚੇ ਸੰਬੰਧੀ ਸੋਧ ਨੂੰ ਅੱਧੇ ਰਾਜਾਂ ਵਲੋਂ, ਸਾਧਾਰਨ ਬਹੁਮਤ ਨਾਲ ਪੁਸ਼ਟੀ ਮਿਲਣੀ ਜ਼ਰੂਰੀ ਹੁੰਦੀ ਹੈ।

ਸੰਯੁਕਤ ਰਾਜ ਅਮਰੀਕਾ ਦੇ ਉਲਟ ਜਿਥੇ ਸਾਰੇ ਰਾਜਾਂ ਨੂੰ ਉਥੋਂ ਦੀ ਕੇਂਦਰੀ ਵਿਧਾਨ ਸਭਾ (ਕਾਂਗਰਸ) ਦੇ ਉਪਰਲੇ ਸਦਨ ਸੈਨੇਟ ਵਿਚ ਬਰਾਬਰ ਪ੍ਰਤੀਨਿਧਤਾ ਹਾਸਿਲ ਹੈ, ਰਾਜ ਸਭਾ ਵਿਚ ਭਾਰਤੀ ਰਾਜਾਂ ਨੂੰ ਬਰਾਬਰ ਪ੍ਰਤੀਨਿਧਤਾ ਨਹੀਂ ਦਿੱਤੀ ਗਈ। ਇਥੋਂ ਤਕ ਕਿ ਰਾਜ ਸਭਾ ਵਿਚ ਕੁਝ ਮੈਂਬਰ ਨਾਮਜ਼ਦ ਵੀ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਰਾਜਾਂ ਲਈ ਕੇਂਦਰੀ ਹਦਾਇਤਾਂ ਦੀ ਪਾਲਣਾ ਕਰਨੀ ਵੀ ਜ਼ਰੂਰੀ ਹੈ। ਆਪਣੀ ਕਾਰਜਕਾਰੀ ਸ਼ਕਤੀ ਨਾਲ ਤਾਲਮੇਲ ਖਾਂਦੇ ਕੁਝ ਕਾਰਜ ਵੀ ਕੇਂਦਰ ਰਾਜ ਨੂੰ ਸੌਂਪ ਸਕਦਾ ਹੈ।

ਕਈ ਤਰ੍ਹਾਂ ਦੇ ਬਿਲਾਂ ਜਿਵੇਂ ਪ੍ਰਾਈਵੇਟ ਜਾਇਦਾਦ ਨੂੰ ਜ਼ਬਰਦਸਤੀ ਹਾਸਲ ਕਰਨ ਸੰਬੰਧੀ, ਆਵਸ਼ਕ ਘੋਸ਼ਿਤ ਕੀਤੀ ਗਈ ਮੱਦ ਉਪਰ ਕਰ ਲਾਉਣ ਸੰਬੰਧੀ ਜੋ ਰਾਜ ਵਿਧਾਨ ਮੰਡਲ ਦੁਆਰਾ ਪਾਸ ਕੀਤੇ ਜਾਂਦੇ ਹਨ, ਨੂੰ ਰਾਜਪਾਲ ਰਾਸ਼ਟਰਪਤੀ ਦੇ ਸੋਚ ਵਿਚਾਰ ਲਈ ਰਾਖਵੇਂ ਰਖ ਸਕਦਾ ਹੈ।

ਇਕਹਿਰੀ ਨਾਗਰਿਕਤਾ, ਇਕੋ ਜਿਹੀ ਦੰਡ ਪ੍ਰਣਾਲੀ, ਅਖਿਲ ਭਾਰਤੀ ਸੇਵਾਵਾਂ ਦੇ ਸੰਗਠਨ ਵੀ ਕੇਂਦਰੀ ਸਰਕਾਰ ਦੀਆਂ ਸ਼ਕਤੀਆਂ ਵਿਚ ਵਾਧਾ ਕਰਦੇ ਹਨ। ਪ੍ਰੋ. ਵੀਅਰ ਨੇ ਭਾਰਤੀ ਸੰਘਵਾਦ ਦੇ ਸਰੂਪ ਸੰਬੰਧੀ ਠੀਕ ਨਿਚੋੜ ਕਢਿਆ ਹੈ, ''ਭਾਰਤ ਕੁਝ ਸਹਾਇਕ ਸੰਘੀ ਤੱਤਾਂ ਵਾਲਾ ਇਕਾਤਮਕ ਰਾਜ ਹੈ ਨਾ ਕਿ ਕੁਝ ਸਹਾਇਕ ਤੱਤਾਂ ਵਾਲਾ ਸੰਘਾਤਮਕ ਰਾਜ ਹੈ।'' ਉਹ ਉਸ ਨੂੰ ''ਅਰਧ ਸੰਘ'' (Quasifederal) ਦਾ ਦਰਜਾ ਵੀ ਦਿੰਦਾ ਹੈ।''

## 1.6 ਕਠੋਰਤਾ ਤੇ ਲਚਕੀਲਾਪਨ (Rigid and Flexible)

ਪ੍ਰੋ. ਵੀਅਰ ਨੇ ਆਪਣੀ ''ਸੰਘੀ ਸਰਕਾਰ'' ਵਿਚ ਇਹ ਨਿਰੀਖਣ ਕੀਤਾ ਹੈ ਕਿ ਕਿਸੇ ਸੰਵਿਧਾਨ ਦੀ ਸੋਧ ਵਿਧੀ ਹੀ ਉਸ ਨੂੰ ਕਠੋਰ ਜਾਂ ਲਚਕੀਲਾ ਬਣਾਉਂਦੀ ਹੈ। ਕਠੋਰ ਸੰਵਿਧਾਨ ਉਹ ਹੁੰਦਾ ਜਿਸ ਦੇ ਕਿਸੇ ਵੀ ਅਨੁਛੇਦ ਵਿਚ ਸੋਧ ਕਰਨ ਲਈ ਵਿਸ਼ੇਸ਼ ਵਿਧੀ ਦੀ ਲੋੜ ਹੁੰਦੀ ਹੈ ਅਤੇ ਲਚਕੀਲਾ ਸੰਵਿਧਾਨ ਉਹ ਹੁੰਦਾ ਹੈ ਜਿਸ ਨੂੰ ਸਾਧਾਰਨ ਵਿਧਾਨਕ ਵਿਧੀ ਦੁਆਰਾ ਸੋਧਿਆ ਜਾ ਸਕਦਾ ਹੈ। ਲਿਖਤੀ ਸੰਵਿਧਾਨ ਅਕਸਰ ਕਠੋਰ ਹੁੰਦਾ ਹੈ। ਭਾਰਤੀ ਸੰਵਿਧਾਨ ਭਾਵੇਂ ਲਿਖਤੀ ਹੈ ਪਰ ਕਾਫੀ ਹੱਦ ਤੱਕ ਲਚਕੀਲਾ ਹੈ। ਸੰਵਿਧਾਨ ਦੇ ਕੁਝ ਥੋੜੇ ਜਿਹੇ ਅਨੁਛੇਦ ਹਨ ਜਿਹਨਾਂ ਵਿਚ ਸੋਧ ਕਰਨ ਲਈ ਅੱਧੇ ਰਾਜਾਂ ਦੇ ਵਿਧਾਨ ਮੰਡਲ ਦੀ ਪ੍ਰਵਾਨਗੀ ਜ਼ਰੂਰੀ ਹੁੰਦੀ ਹੈ। ਸੰਵਿਧਾਨ ਦੇ ਬਾਕੀ ਅਨੁਛੇਦ ਸੰਘੀ ਸੰਸਦ ਦੇ ਵਿਸ਼ੇਸ਼ ਬਹੁਮਤ ਨਾਲ ਸੋਧੇ ਜਾ ਸਕਦੇ ਹਨ। 46 ਸਾਲਾਂ ਵਿਚ ਕੀਤੀਆਂ 77 ਸੋਧਾਂ ਸਰ ਆਈਵਰ ਜੈਨਿੰਗਜ਼ ਦੇ ਇਸ ਵਿਚਾਰ ਦਾ ਖੰਡਨ ਕਰਦੀਆਂ ਹਨ ਕਿ ਭਾਰਤ ਸੰਵਿਧਾਨ ਕਠੋਰ ਹੈ।

ਬਰਤਾਨੀਆ ਦੇ ਸੰਵਿਧਾਨ ਦਾ ਅਲਿਖਤੀ ਸਰੂਪ ਇਸ ਨੂੰ ਬਹੁਤ ਜ਼ਿਆਦਾ ਲਚਕੀਲਾ ਬਣਾ ਦਿੰਦਾ ਹੈ। ਬਦਲ ਰਹੀਆਂ ਪ੍ਰਸਥਿਤੀਆਂ ਅਨੁਸਾਰ ਇਸ ਨੂੰ ਢਾਲਿਆ ਜਾ ਸਕਦਾ ਹੈ ਅਤੇ ਇਸ ਵਿਚ ਵਿਕਾਸ ਕਰਨ ਦੀ ਸਮਰਥਾ ਵੀ ਹੈ ਜਿਸ ਦੀ ਤੁਲਨਾ ਹੋਰ ਕਿਸੇ ਪ੍ਰਣਾਲੀ ਨਾਲ ਨਹੀਂ ਕੀਤੀ ਜਾ ਸਕਦੀ। ਸੰਯੁਕਤ ਰਾਜ ਦਾ ਸੰਵਿਧਾਨ ਲਿਖਤੀ ਅਤੇ ਕਠੋਰ ਹੈ। ਸਾਡੇ ਸੰਵਿਧਾਨ ਦੇ ਨਿਰਮਾਤਿਆਂ ਦੇ ਸਾਹਮਣੇ ਇਹ ਪ੍ਰਮੁੱਖ ਰਾਜਨੀਤਕ ਅਤੇ ਰਾਸ਼ਟਰੀ ਸਮੱਸਿਆ ਸੀ ਕਿ ਸੰਵਿਧਾਨ ਨੂੰ ਉਸ ਹੱਦ ਤੱਕ ਲਚਕੀਲਾ ਬਣਾਇਆ ਜਾਵੇ ਤਾਂ ਜੋ ਇਹ ਰਾਸ਼ਟਰ ਦੀਆਂ ਸਮਾਜਿਕ ਅਤੇ ਆਰਥਿਕ ਪ੍ਰਸਥਿਤੀਆਂ ਅਤੇ ਮੰਤਵਾਂ ਅਨੁਸਾਰ ਢਲ ਸਕੇ। ਬਰਤਾਨਵੀ ਸੰਵਿਧਾਨ ਸਮੇਂ ਤੇ ਪ੍ਰਸਥਿਤੀਆਂ ਅਨੁਸਾਰ ਵਿਕਾਸ ਕਰਦਾ ਹੈ। ਭਾਰਤ ਵਿਚ ਲਿਖਤੀ ਸੰਵਿਧਾਨ ਹੈ, ਇਸ ਵਿਚ ਲੋੜੀਂਦਾ ਵਿਕਾਸ ਸੰਵਿਧਾਨਕ ਸੋਧਾਂ, ਰਵਾਇਤਾਂ, ਪ੍ਰੰਪਰਾਵਾਂ, ਜਿਹਨਾ ਦੀ ਸੀਮਾਂ ਸਮੇਂ ਸਮੇਂ ਸੰਵਿਧਾਨਕ ਅਨੁਛੇਦਾਂ ਦੁਆਰਾ ਨਿਸ਼ਚਿਤ ਕੀਤੀ ਜਾਂਦੀ ਹੈ ਇਹਨਾਂ ਦੁਆਰਾ ਹੀ ਲਿਆਇਆ ਜਾ ਸਕਦਾ ਹੈ। ਇਹ ਪ੍ਰਤੀਤ ਹੁੰਦਾ ਹੈ ਕਿ ਸੰਵਿਧਾਨ ਦੇ ਨਿਰਮਾਤਿਆਂ ਨੇ ਸੰਵਿਧਾਨ ਵਿਚ ਸੋਧ ਕਰਨ ਦੀ ਅਤੇ ਲੋੜੀਂਦੀ ਹੱਦ ਤੱਕ ਹੀ ਲਚਕੀਲੇਪਨ ਦੀ ਵਿਵਸਥਾ ਕੀਤੀ ਹੈ ਤਾਂ ਜੋ ਇਸ ਵਿਚ ਲੋੜ ਤੋਂ ਵੱਧ ਛੇੜ-ਛਾੜ ਨਾ ਕੀਤੀ ਜਾ ਸਕੇ।

ਸਾਡੇ ਸੰਵਿਧਾਨ ਵਿਚ ਸੋਧ ਵਿਧੀ ਨੇ ਅਸਲ ਵਿਚ ਰਾਜਾਂ ਦੇ ਪਹਿਲ-ਕਰਮ ਦੇ ਅਧਿਕਾਰ ਨੂੰ ਖੋਹ ਲਿਆ ਹੈ। ਰਾਜਾਂ ਲਈ ਪਹਿਲ ਕਦਮੀ ਜਾਂ invitiative ਦੀ ਅਨਹੋਂਦ ਸੰਘੀ ਪ੍ਰਣਾਲੀ ਦੀ ਪਵਿੱਤਰਤਾ ਦੀ ਉਲੰਘਣਾ ਹੈ। ਜਦੋਂ ਇਕੋ ਹੀ ਦਲ ਕੇਂਦਰ ਅਤੇ ਰਾਜਾਂ ਵਿਚ ਬਹੁ-ਗਿਣਤੀ ਪ੍ਰਾਪਤ ਕਰ ਲੈਂਦਾ ਹੈ ਤਾਂ ਰਾਜਾਂ ਦੀ ਸਥਿਤੀ ਵਧੇਰੇ ਕਮਜ਼ੋਰ ਹੋ ਜਾਂਦੀ ਹੈ। ਜਿਥੋਂ ਤੱਕ ਸੰਵਿਧਾਨ ਦੀ ਸੋਧ ਵਿਧੀ ਦਾ ਸੰਬੰਧ ਹੈ, ਅਨੁਛੇਦ 368 ਮਾਮਲਿਆਂ ਨੂੰ ਨਿਆਇਕ ਨਿਰਣਿਆਂ ਦੇ ਲਈ ਅਦਾਲਤਾਂ ਵਿਚ ਲੈ ਜਾਣ ਦੀ ਕਾਫੀ ਛੋਟ ਦਿੰਦਾ ਹੈ। ਇੰਜ ਵਕੀਲਾਂ ਦੀ ਮਨਮਾਨੀ ਦਾ ਰਾਹ ਖੁਲ੍ਹ ਜਾਂਦਾ ਹੈ। ਲੋਕਾਂ ਦੇ ਹਿਤਾਂ ਨੇ ਹੀ ਉਹਨਾਂ ਅੰਦਰ ਇਸ ਸੰਵਿਧਾਨ ਦਾ ਕੋਈ ਵੀ ਹਿੱਸਾ ਕਿਸੇ ਵੀ ਤਰ੍ਹਾਂ ਵਿਕਾਸ ਦੇ ਰਾਹ ਵਿਚ ਰੋੜਾ ਬਣੇ ਅਤੇ ਅਣਸੁਖਾਵੀਆਂ ਪ੍ਰਸਥਿਤੀਆਂ ਵਿਚ ਵਿਸ਼ਵਾਸ਼ ਪੈਦਾ ਕੀਤਾ ਕਿ ਆਪਣੇ ਆਪ ਹੀ ਨਸ਼ਟ ਨਾ ਹੋਵੇ। ਇਸ ਕਰਕੇ ਸੰਘਾਤਮਕ ਢਾਂਚੇ ਵਿਚ ਸੰਵਿਧਾਨ ਨੂੰ ਕਿਧਰੇ ਕਠੋਰ ਬਣਾਉਣ ਦੇ ਨਾਲ-ਨਾਲ ਲਚਕੀਲਾ ਸਰੂਪ ਵੀ ਪ੍ਰਦਾਨ ਕੀਤਾ ਗਿਆ ਹੈ।

## 1.7 ਮੌਲਿਕ ਅਧਿਕਾਰ ਅਤੇ ਕਰਤੱਵ (Fundamental Rights & Duties)

ਦੂਜੇ ਆਧੁਨਿਕ ਸੰਵਿਧਾਨਾਂ ਦੀ ਤਰ੍ਹਾਂ ਭਾਰਤੀ ਸੰਵਿਧਾਨ ਵੀ ਆਪਣੇ ਨਾਗਰਿਕਾਂ ਨੂੰ ਬੁਨਿਆਦੀ ਸੁਤੰਤਰਤਾਵਾਂ ਦੀ ਗਰੰਟੀ ਕਰਦਾ ਹੈ। ਭਾਰਤੀ ਸੰਵਿਧਾਨ ਵਿਚ ਅੰਕਿਤ ਕੀਤੇ ਮੌਲਿਕ ਅਧਿਕਾਰ ਦੂਜੇ ਸੰਵਿਧਾਨਾਂ ਦੇ ਮੌਲਿਕ ਅਧਿਕਾਰਾਂ ਨਾਲੋਂ

ਵਧੇਰੇ ਵਿਸਥਾਰ ਪੂਰਵਕ ਤੇ ਯਥਾਰਥਕ ਹਨ। ਸਾਡੇ ਸੰਵਿਧਾਨ ਭਾਗ III ਇਹਨਾਂ ਅਧਿਕਾਰਾਂ ਨੂੰ ਸਪੱਸ਼ਟ ਰੂਪ ਨਾਲ ਬਿਆਨ ਕਰਦਾ ਹੈ ਅਤੇ ਇਹ ਅਧਿਕਾਰ ਰਾਜ ਦੀ ਸ਼ਕਤੀ ਉਪਰ ਸੀਮਾਵਾਂ ਲਾਉਂਦੇ ਹਨ। ਰਾਜ ਦੀ ਕਾਰਜ-ਪਾਲਿਕਾ ਜਾਂ ਵਿਧਾਨ ਮੰਡਲ ਇਹਨਾਂ ਮੌਲਿਕ ਅਧਿਕਾਰਾਂ ਦੇ ਵਿਪਰੀਤ ਕੋਈ ਕਾਨੂੰਨ ਨਹੀਂ ਬਣਾ ਸਕਦੀ। ਜੇ ਉਹ ਇਨ੍ਹਾਂ ਅਧਿਕਾਰਾਂ ਦੀ ਪਵਿੱਤਰਤਾ ਨੂੰ ਭੰਗ ਕਰਨ ਦਾ ਹੌਸਲਾ ਕਰਨ ਤਾਂ ਨਿਆਂ ਪਾਲਿਕਾਂ ਇਹੋ ਜਿਹੇ ਕਾਨੂੰਨਾਂ ਨੂੰ ਗੈਰ-ਕਾਨੂੰਨਾਂ ਨੂੰ ਘੋਸ਼ਿਤ ਕਰ ਸਕਦੀ ਹੈ। ਸਾਡੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਮੌਲਿਕ ਅਧਿਕਾਰਾਂ ਦਾ ਸਾਡੇ ਸੰਵਿਧਾਨ ਵਿਚ ਸ਼ਾਮਿਲ ਕਰਨਾ ਆਵੱਸ਼ਕ ਸਮਝਿਆ ਗਿਆ ਹੈ। 44ਵੀਂ ਸੰਵਿਧਾਨਿਕ ਸੋਧ ਅਧੀਨ ਜਾਇਦਾਦ ਦੇ ਅਧਿਕਾਰਾਂ ਨੂੰ ਮੌਲਿਕ ਅਧਿਕਾਰਾਂ ਦੀ ਸੂਚੀ ਵਿਚੋਂ ਕੱਢ ਦਿਤਾ ਗਿਆ ਤਾਂ ਜੋ ਰਾਜ ਸਮਾਜਕ ਸਮਾਨਤਾ ਵਾਲੇ ਸਮਾਜ ਦੀ ਸਥਾਪਨਾ ਦੇ ਉਦੇਸ਼ ਨੂੰ ਸਾਕਾਰ ਕਰ ਸਕੇ।

ਸੰਵਿਧਾਨ ਦੀ 42ਵੀਂ ਸੋਧ ਅਧੀਨ 10 ਕਰਤੱਵਾਂ ਦੀ ਇਕ ਸੂਚੀ ਨੂੰ ਅਨੁਛੇਦ 51—A ਵਿਚ ਅੰਕਿਤ ਕੀਤਾ ਗਿਆ ਹੈ। ਭਾਵੇਂ ਇਹਨਾਂ ਕਰਤੱਵਾਂ ਨੂੰ ਨਾ ਅਦਾਲਤ ਦੁਆਰਾ ਲਾਗੂ ਕਰਵਾਇਆ ਜਾ ਸਕਦਾ ਹੈ ਅਤੇ ਨਾ ਹੀ ਇਨ੍ਹਾਂ ਦੀ ਉਲੰਘਣਾ ਦੇ ਲਈ ਸਜ਼ਾ ਦਿੱਤੀ ਜਾ ਸਕਦੀ ਹੈ, ਫਿਰ ਵੀ ਅਦਾਲਤ ਜਦੋਂ ਕਿਸੇ ਕੇਸ ਵਿਚ ਮੌਲਿਕ ਅਧਿਕਾਰ ਲਾਗੂ ਕਰ ਰਹੀ ਹੋਵੇ, ਸਾਰੇ ਸੰਵਿਧਾਨ ਦੇ ਸਾਰੇ ਭਾਗਾਂ ਦਾ ਅਧਿਐਨ ਕਰਕੇ ਉਸ ਵਿਅਕਤੀ, ਜਿਸ ਨੇ ਅਨੁਛੇਦ 51—A ਵਿਚ ਅੰਕਿਤ ਮੌਲਿਕ ਕਰਤੱਵਾਂ ਦੀ ਉਲੰਘਣਾ ਕੀਤੀ ਹੈ ਅਦਾਲਤ ਮੌਲਿਕ ਅਧਿਕਾਰਾਂ ਨੂੰ ਲਾਗੂ ਕਰਨ ਤੋਂ ਇਨਕਾਰ ਕਰ ਸਕਦੀ ਹੈ। ਜਦੋਂ ਇੰਜ ਹੁੰਦਾ ਹੈ ਤਾਂ ਆਰੰਭਕ ਸੰਵਿਧਾਨ ਦੀ ਮੌਲਿਕ ਅਧਿਕਾਰਾਂ ਉਪਰ ਤਾਕੀਦ ਘੱਟ ਜਾਂਦੀ ਹੈ।

## 1.8 ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤ (Directive Principles)

ਡਾ. ਅੰਬੇਦਕਰ ਦੇ ਕਥਨ ਅਨੁਸਾਰ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦਾ ਸੰਵਿਧਾਨ ਵਿਚ ਸ਼ਾਮਲ ਕਰਨਾ ਭਾਰਤੀ ਸੰਵਿਧਾਨ ਦੀ ਇਕ ਵਿਲੱਖਣ ਵਿਸ਼ੇਸ਼ਤਾ ਹੈ। ਇਹ ਇਹਨਾਂ ਉਦੇਸ਼ਾਂ ਤੇ ਆਦਰਸ਼ਾਂ ਦਾ ਵਰਨਣ ਹੈ ਜੋ ਰਾਜ ਨੂੰ ਆਪਣੀ ਨੀਤੀ ਦਾ ਨਿਰਮਾਣ ਅਤੇ ਕਾਨੂੰਨ ਦੇ ਬਣਾਉਣ ਸਮੇਂ ਧਿਆਨ ਵਿਚ ਰਖਣੇ ਚਾਹੀਦੇ ਹਨ ਇਹਨਾਂ ਨੂੰ ਦੇਸ਼ ਦੇ ਸ਼ਾਸਨ ਪ੍ਰਬੰਧ ਵਿਚ ਮੌਲਿਕ ਘੋਸ਼ਿਤ ਕੀਤਾ ਗਿਆ ਹੈ। ਅਸਲ ਵਿਚ ਇਹ ਉਹ ਸਮਾਜ ਦਾ ਚਿਤਰਣ ਕਰਦੇ ਹਨ ਜੋ ਸੰਵਿਧਾਨ ਦੇ ਨਿਰਮਾਤੇ ਭਾਰਤ ਨੂੰ ਬਣਾਉਣਾ ਚਾਹੁੰਦੇ ਸਨ। ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤ ਨੂੰ ਸੰਵਿਧਾਨ ਦੇ IV ਭਾਗ ਵਿਚ ਅੰਕਿਤ ਕੀਤਾ ਗਿਆ ਹੈ। ਜੋ ਮੌਲਿਕ ਅਧਿਕਾਰ ਸਾਡੇ ਦੇਸ਼ ਵਿਚ ਪ੍ਰਜਾਤੰਤਰਿਕ ਵਿਵਸਥਾ ਦੀ ਗਰੰਟੀ ਕਰਦੇ ਹਨ ਤਾਂ ਨਿਰਦੇਸ਼ਕ ਸਿਧਾਂਤ ਭਾਰਤ ਵਿਚ ਸਮਾਜਿਕ ਅਤੇ ਆਰਥਿਕ ਲੋਕ ਰਾਜ ਦੀ ਵਿਵਸਥਾ ਕਰਦੇ ਹਨ।

1975 ਦੀ 42ਵੀਂ ਸੰਵਿਧਾਨਕ ਸੋਧ ਨੇ ਰਾਜ ਨੂੰ ਸਾਰੇ ਨਿਰਦੇਸ਼ਕ ਸਿਧਾਂਤਾਂ ਨੂੰ ਲਾਗੂ ਕਰਨ ਦਾ ਅਧਿਕਾਰ ਪ੍ਰਦਾਨ ਕਰ ਦਿੱਤਾ ਸੀ ਅਤੇ ਅਜਿਹਾ ਕੋਈ ਵੀ ਕਾਨੂੰਨ ਘੋਸ਼ਿਤ ਨਹੀਂ ਕੀਤਾ ਜਾ ਸਕਦਾ ਸੀ ਭਾਵੇਂ ਇਹ ਅਨੁਛੇਦ 14, 19 ਅਤੇ 41 ਵਿਚ ਅੰਕਿਤ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਦਾ ਹੋਵੇ। ਪਰੰਤੂ ਸਰਵ-ਉਚ ਅਦਾਲਤ ਦੇ ਦਿੱਤੇ ਨਿਰਣੇ ਵਿਚ 42ਵੀਂ ਸੋਧ (1976) ਦੇ ਭਾਗ 4 ਨੂੰ, ਜੋ ਨਿਰਦੇਸ਼ਕ ਸਿਧਾਂਤ ਨੂੰ ਮੌਲਿਕ ਅਧਿਕਾਰਾਂ ਤੋਂ ਪ੍ਰਮੁੱਖ ਮੰਨਦਾ ਹੈ, ਨੂੰ ਅਵੈਧ ਕਰਾਰ ਦੇ ਦਿੱਤਾ ਹੈ। ਸਰਵਉਚ ਅਦਾਲਤ ਨੇ ਇਹ ਕਿਹਾ ਕਿ ਅਨੁਛੇਦ 31–C ਦਾ ਭਾਗ 4 ਸੰਸਦ ਦੀ ਸੋਧ ਕਰਨ ਦੀ ਸ਼ਕਤੀ ਦੇ ਘੇਰੇ ਤੋਂ ਬਾਹਰ ਹੈ। ਇਸ ਲਈ ਇਹ ਅਵੈਧ ਹੈ ਕਿਉਂਕਿ ਇਹ ਸੰਵਿਧਾਨ ਦੀ ਬੁਨਿਆਦੀ ਜਾਂ ਆਵਸ਼ਕ ਵਿਸ਼ੇਸ਼ਤਾ ਨੂੰ ਨੁਕਸਾਨ ਪਹੁੰਚਾਉਂਦਾ ਹੈ ਵੈਸੇ 44ਵੀਂ ਸੋਧ ਬਾਅਦ ਸੰਪਤੀ ਦੇ ਮੌਲਿਕ ਅਧਿਕਾਰਾਂ ਨਾਲ ਸੰਬੰਧਿਤ ਧਰਾਵਾਂ (19 ਅਤੇ ਧਾਰਾ 31) ਸੰਵਿਧਾਨ ਵਿਚੋਂ ਕੱਢ ਦਿੱਤੀਆਂ ਗਈਆਂ ਹਨ। ਇਸ ਦੇ ਅਧੀਨ ਨਿਰਦੇਸ਼ਕ ਸਿਧਾਂਤਾਂ ਨੂੰ ਲਾਗੂ ਕਰਨ ਵਾਲੇ ਕਿਸੇ ਵੀ ਕਾਨੂੰਨ ਨੂੰ ਅਦਾਲਤ ਵਿਚ ਇਸ ਲਈ ਚੁਣੌਤੀ ਨਹੀਂ ਦਿੱਤੀ ਜਾ ਸਕਦੀ ਕਿ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ। ਹੁਣ ਸਥਿਤੀ ਇਹ ਹੈ ਕਿ ਨੀਤੀ ਨਿਰਦੇਸ਼ਕ ਤੱਤਾਂ ਨੂੰ ਮੌਲਿਕ ਅਧਿਕਾਰਾਂ ਦੇ ਉਪਰ ਪ੍ਰਮੁੱਖਤਾ ਪ੍ਰਾਪਤ ਨਹੀਂ ਹੈ।

## 1.9 ਸੁਤੰਤਰ ਨਿਆਂ ਪਾਲਿਕਾ (Independent Judiciary)

ਇਕ ਲੋਕਤੰਤਰੀ ਪ੍ਰਬੰਧ ਤਾਂ ਹੀ ਕਾਇਮ ਰਹਿ ਸਕਦਾ ਹੈ ਜੋ ਇਸ ਦੀ ਨਿਆਂਇਕ ਪ੍ਰਣਾਲੀ ''ਮਨੁੱਖ'' ਦੀ ਥਾਂ

''ਕਾਨੂੰਨ ਦੇ ਸ਼ਾਸਨ'' ਨੂੰ ਯਕੀਨੀ ਬਣਾਉਣ ਲਈ ਸੁਤੰਤਰ ਹੋਵੇ। ਸੰਵਿਧਾਨ ਦੇ ਨਿਯਮ ਤੇ ਅਜਿਹੀ ਨਿਆਂਇਕ ਪ੍ਰਣਾਲੀ ਦੀ ਆਵਸ਼ਕਤਾ ਤੋਂ ਭਲੀ ਭਾਂਤ ਜਾਣੂ ਸਨ ਕਿਉਂਕਿ ਨਿਆਂ ਪਾਲਿਕਾ ਨੇ ਸਿਰਫ਼ ਸੰਵਿਧਾਨ ਦੀ ਰਖਿਆ ਹੀ ਨਹੀਂ ਸੀ ਕਰਨੀ ਸਗੋਂ ਭਾਰਤੀ ਲੋਕਾਂ ਦੀਆਂ ਸੁਤੰਤਰਤਾਵਾਂ ਨੂੰ ਵੀ ਬਚਾਉਣਾ ਸੀ। ਭਾਰਤੀ ਸੰਵਿਧਾਨ ਬਹੁਤ ਸਾਰੇ ਹਥਿਆਰਾਂ ਦੀ ਵਿਵਸਥਾ ਕਰਦਾ ਹੈ ਤਾਂ ਜੋ ਸਰਵ-ਉਚ ਅਦਾਲਤਾਂ ਦੇ ਜੱਜ ਬਿਨਾਂ ਕਿਸੇ ਡਰ ਦੇ ਸੁਤੰਤਰਤਾ ਨਾਲ ਕੰਮ ਕਰ ਸਕਣ। ਇਹਨਾਂ ਅਦਾਲਤਾਂ ਦੇ ਜੱਜਾਂ ਨੂੰ ਬਹੁਤ ਕਠੋਰ ਵਿਧੀ ਰਾਹੀਂ ਹੀ ਹਟਾਇਆ ਜਾ ਸਕਦਾ ਹੈ। ਉਹਨਾਂ ਨੂੰ ਭਾਰਤ ਦੀ ਸ਼ੰਚਿਤ ਨਿਧੀ ਵਿਚੋਂ ਕਾਫ਼ੀ ਤਨਖਾਹ ਦਿੱਤੀ ਜਾਂਦੀ ਹੈ। ਸੇਵਾ ਨਵਿਰਤੀ ਮਗਰੋਂ ਉਹ ਪੈਨਸਨ ਲੈਣ ਦੇ ਵੀ ਹੱਕਦਾਰ ਹਨ।

## 1.10 ਭਾਰਤੀ ਸੰਸਦ ਦਾ ਸਰੂਪ (Nature of Indian Parliament)

ਸੰਸਦ ਭਾਰਤੀ ਸੰਵਿਧਾਨ ਦੀ ਦੇਣ ਹੈ। ਜਿਸ ਦੀਆਂ ਸ਼ਕਤੀਆਂ, ਅਧਿਕਾਰ, ਵਿਸ਼ੇਸ਼ ਅਧਿਕਾਰ ਅਤੇ ਜ਼ਿੰਮੇਵਾਰੀਆਂ ਦਾ ਵਰਨਣ ਸੰਵਿਧਾਨ ਦੇ ਸੰਬੰਧਿਤ ਅਨੁਛੇਦਾਂ ਵਿਚ ਕੀਤਾ ਗਿਆ। ਦੂਜੇ ਪਾਸੇ ਬਰਤਾਨੀਆਂ ਦੀ ਸੰਸਦ, ਜੋ ਕਾਨੂੰਨ ਬਣਾਉਣ ਦੀ ਸਰਵਉੱਚ ਸੰਸਥਾ ਹੈ, ਨੂੰ ਸੰਵਿਧਾਨ ਨੇ ਸਥਾਪਿਤ ਨਹੀਂ ਕੀਤਾ ਕਿਉਂਕਿ ਇਹ ਪਹਿਲਾਂ ਹੀ ਅਲਿਖਤੀ ਕਾਨੂੰਨ ਜਾ ਪ੍ਰੰਪਰਾਵਾਂ ਦੁਆਰ ਹੋਂਦ ਵਿਚ ਆਈ ਸੰਸਥਾ ਹੈ। ਇਹ ਕੇਵਲ ਸਰਵ-ਉੱਚ ਹੀ ਨਹੀਂ ਸਗੋਂ ਇਸ ਕੋਲ ਅਸੀਮਿਤ ਸ਼ਕਤੀਆਂ ਹਨ। ਭਾਰਤੀ ਸੰਵਿਧਾਨ ਭਾਰਤੀ ਸੰਸਦ ਨੂੰ ਕੇਵਲ ਉਹਨਾਂ ਮੱਦਾਂ ਉਪਰ ਹੀ ਕਾਨੂੰਨ ਬਣਾਉਣ ਦੀ ਸ਼ਕਤੀ ਪ੍ਰਦਾਨ ਕਰਦਾ ਹੈ ਜਿਨ੍ਹਾਂ ਦਾ ਵਰਨਣ ਉਚਿਤ ਥਾਵਾਂ ਤੇ ਅਨੁਸੂਚੀਆਂ ਵਿਚ ਕੁਝ ਅਨੁਛੇਦਾਂ, ਵਿਸ਼ੇਸ਼ ਕਰਕੇ ਜਿਹਨਾਂ ਦਾ ਸੰਬੰਧ ਮੌਲਿਕ ਅਧਿਕਾਰਾਂ ਨਾਲ ਹੈ, ਦੇ ਅਧੀਨ ਇਸ ਦਾ ਇਹ ਅਧਿਕਾਰ ਘਟਾ ਦਿੱਤਾ ਗਿਆ ਹੈ।

ਭਾਰਤੀ ਸੰਸਦ ਵਿਚ ਰਾਸ਼ਟਰਪਤੀ ਲੋਕ ਸਭਾ ਤੇ ਰਾਜ ਸਭਾ ਸ਼ਾਮਲ ਕੀਤੇ ਜਾਂਦੇ ਹਨ। ਰਾਸ਼ਟਰਪਤੀ ਭਾਵੇਂ ਸੰਸਦ ਦਾ ਅਨਿਖੜਵਾਂ ਅੰਗ ਹੈ, ਪਰ ਸੰਸਦ ਦੇ ਕਿਸੇ ਵੀ ਸਦਨ ਦਾ ਮੈਂਬਰ ਨਹੀਂ ਹੁੰਦਾ। ਸਾਡੀ ਸੰਸਦ ਦੀ ਰੂਪ ਰੇਖਾ ਮੁੱਖ ਤੌਰ ਤੇ ਬਰਤਾਨਵੀਆਂ ਦੀ ਸੰਸਦ ਵਾਂਗ ਹੈ ਪ੍ਰੰਤੂ ਅਮਰੀਕਾ ਦੀ ਕਾਂਗਰਸ ਵਾਂਗ ਭਾਰਤੀ ਸੰਸਦ ਵੀ ਕਾਨੂੰਨ ਬਣਾਉਣ ਵਾਲੀ ਸਰਵ-ਉੱਚ ਸੰਸਥਾ ਨਹੀਂ। ਲਿਖਤੀ ਸੰਵਿਧਾਨ ਦੁਆਰਾ ਇਸ ਤੇ ਕਈ ਪਾਬੰਦੀਆਂ ਲਾਈਆਂ ਗਈਆਂ ਹਨ। ਇਹ ਬੜੀ ਰੋਚਕ ਗੱਲ ਹੈ ਸਾਡੀ ਸੰਸਦੀ ਪ੍ਰਣਾਲੀ ਭਾਵੇਂ ਇੰਗਲੈਂਡ ਦੇ ਮਾਡਲ ਅਨੁਸਾਰ ਅਪਣਾਈ ਗਈ ਹੈ, ਪਰ ਕੁਝ ਹੱਦ ਤੱਕ ਇਸ ਦੀ ਸ਼ਕਤੀ ਨੂੰ ਸੀਮਤ ਕਰਨ ਲਈ ਅਮਰੀਕਾ ਦੇ ਨਿਆਂਇਕ ਪੁਨਰ ਨਿਰੀਖਣ ਦੇ ਸਿਧਾਂਤ ਨੂੰ ਵੀ ਸੰਮਿਲਤ ਕੀਤਾ ਗਿਆ ਹੈ। ਇੰਜ ਸਾਡੀ ਸੰਸਦ ਕਾਨੂੰਨ ਬਣਾਉਣ ਦੀ ਸੰਸਥਾ ਤਾਂ ਹੈ ਪਰ ਇਹ ਸਰਵ-ਉੱਚ ਨਹੀਂ।

42ਵੀਂ ਸੰਵਿਧਾਨ ਸੋਧ ਨੇ ਸੰਸਦ ਦੀ ਸਥਿਤੀ ਵਧੇਰੇ ਮਜ਼ਬੂਤ ਕਰ ਦਿੱਤੀ ਸੀ ਅਤੇ ਇਕ ਤਰ੍ਹਾਂ ਨਾਲ ਸੰਸਦ ਨੂੰ ਸਰਵ-ਉੱਚ ਬਣਾ ਦਿੱਤਾ ਸੀ ਕਿਉਂਕਿ 42ਵੀਂ ਸੋਧ ਅਨੁਸਾਰ ਸੰਸਦ ਦੁਆਰਾ ਕੀਤੀ ਕਿਸੇ ਵੀ ਸੋਧ ਨੂੰ ਨਿਆਂ ਪਾਲਿਕਾ ਅੱਗੇ ਚੁਣੌਤੀ ਨਹੀਂ ਦਿੱਤੀ ਜਾ ਸਕਦੀ ਸੀ। ਪ੍ਰੰਤੂ ਸਰਵ-ਉੱਚ ਅਦਾਲਤ ਦੇ ਨਿਰਣੇ ਨੇ, ਜਿਹੜਾ 9 ਮਈ 1980 ਨੂੰ ਦਿੱਤਾ ਗਿਆ, 1976 ਦੀ 42ਵੀਂ ਸੋਧ ਦੇ, ਭਾਗ 55 ਨੂੰ ਗੈਰ ਸੰਵਿਧਾਨਕ ਘੋਸ਼ਿਤ ਕਰ ਦਿੱਤਾ ਕਿਉਂਕਿ ਇਹ ਸੰਸਦ ਨੂੰ ਸੰਵਿਧਾਨ ਵਿਚ ਸੋਧ ਕਰਨ ਦੀਆਂ ਅਸੀਮਤ ਸ਼ਕਤੀਆਂ ਪ੍ਰਦਾਨ ਕਰਦਾ ਸੀ। ਮੌਜੂਦਾ ਸਥਿਤੀ ਅਨੁਸਾਰ ਸੁਪਰੀਮ ਕੋਰਟ ਦੀ ਨਿਆਂਇਕ ਪੁਨਰ ਨਿਰੀਖਣ ਦੀ ਸ਼ਕਤੀ ਸੰਸਦ ਉਤੇ ਇਕ ਜਾਇਜ ਰੋਕ ਹੈ।

## 1.11 ਸੰਸਦ ਤੇ ਕਾਰਜ ਪਾਲਿਕਾ (Relations between Parliament & Executive)

ਭਾਰਤ ਵਿਚ ਕਾਰਜ ਪਾਲਿਕਾ ਤੇ ਵਿਧਾਨ ਪਾਲਿਕਾ ਤੇ ਵਿਧਾਨ ਦੇ ਆਪਸੀ ਸੰਬੰਧ ਲਗਭਗ ਬਰਤਾਨੀਆਂ ਦੀ ਕਾਰਜ ਪਾਲਿਕਾ ਤੇ ਵਿਧਾਨ ਪਾਲਿਕਾ ਦੇ ਸੰਬੰਧ ਵਾਂਗ ਹਨ। ਦੋਨਾਂ ਦਾ ਅੰਤਰ ਹੈ ਕਿ ਜਿਥੇ ਬਰਤਾਨੀਆਂ ਵਿਚ ਰਾਜ ਦੇ ਮੁੱਖੀ ਦਾ ਅਹੁਦਾ ਜੱਦੀ ਹੈ ਉਥੇ ਭਾਰਤ ਵਿਚ ਇਹ ਮੁੱਖੀ ਇਕ ਚੋਣ ਮੰਡਲ, ਜੋ ਸੰਘੀ ਤੇ ਰਾਜਾਂ ਦੀ ਵਿਧਾਨ ਪਾਲਿਕਾਵਾਂ ਦੀ ਪ੍ਰਤੀਨਿਧਤਾ ਕਰਦਾ ਹੈ, ਰਾਹੀਂ ਚੁਣਿਆ ਜਾਂਦਾ ਹੈ। ਭਾਰਤ ਵਿਚ ਲਿਖਤੀ ਸੰਵਿਧਾਨ ਹੈ ਜਿਸ ਨੂੰ ਸੰਵਿਧਾਨ ਵਿਚ ਦੱਸੀ ਵਿਧੀ ਦੁਆਰਾ ਹੀ ਸੋਧਿਆ ਜਾ ਸਕਦਾ ਹੈ। ਇਸ ਸੋਧ ਕਰਨ ਲਈ ਸੰਸਦ ਦੇ ਵਿਸ਼ੇਸ਼

ਬਹੁਮਤ ਦੀ ਲੋੜ ਹੁੰਦੀ ਹੈ ਜਦ ਕਿ ਬਰਤਾਨੀਆਂ ਦਾ ਸੰਵਿਧਾਨ ਅਲਿਖਤੀ ਹੈ ਅਤੇ ਇਸ ਨੂੰ ਸੰਸਦ ਦੇ ਸਾਧਾਰਣ ਬਹੁਮਤ, ਜੋ ਅਸਲ ਵਿਚ ਕਾਮਨ ਸਦਨ ਦਾ ਬਹੁਮਤ ਹੁੰਦਾ ਹੈ, ਰਾਹੀਂ ਸੋਧਿਆ ਜਾ ਸਕਦਾ ਹੈ।

ਭਾਰਤੀ ਪ੍ਰਣਾਲੀ, ਬਰਤਾਨੀਆਂ ਦੀ ਪ੍ਰਣਾਲੀ ਦੀ ਤਰ੍ਹਾਂ ਇਕਾਤਮਕ ਧਾਰਨਾ ਦੇ ਸਿਧਾਂਤ ਉਪਰ ਅਧਾਰਤ ਹੈ। ਇਥੇ ਕਾਰਜ ਪਾਲਿਕਾ ਅਤੇ ਸੰਸਦ ਵਿਚਕਾਰ ਕਾਰਜਾਂ ਦੀ ਵੰਡ ਹੈ ਪ੍ਰੰਤੂ ਪ੍ਰਧਾਨਤਮਕ ਪ੍ਰਣਾਲੀ, ਜੋ ਸੰਯੁਕਤ ਰਾਜ ਅਮਰੀਕਾ ਵਿਚ ਹੈ, ਦੀ ਤਰ੍ਹਾਂ ਭਾਰਤ ਵਿਚ ਸ਼ਕਤੀਆਂ ਦੀ ਅਲਹਿਦਗੀ ਨਹੀਂ। ਸੰਸਦ ਕਾਰਜ ਪਾਲਿਕਾ ਦੇ ਹਰੇਕ ਕਾਰਜ ਵਿਚ ਉਸ ਉਪਰ ਨਿਯੰਤ੍ਰਣ ਰਖਦੀ ਹੈ। ਕਾਰਜ ਪਾਲਿਕਾ ਨੂੰ ਹਰ ਸਮੇਂ ਸੰਸਦ ਦੇ ਹੇਠਲੇ ਸਦਨ (ਲੋਕ ਸਭਾ) ਦਾ ਵਿਸ਼ਵਾਸ ਪ੍ਰਾਪਤ ਹੋਣਾ ਚਾਹੀਦਾ ਹੈ। ਵਿਸ਼ਵਾਸ ਖੋ ਬੈਠਣ ਤੇ ਇਸ ਨੂੰ ਜ਼ਰੂਰ ਅਸਤੀਫਾ ਦੇਣਾ ਪੈਂਦਾ ਹੈ। ਅਸਲ ਵਿਚ ਇਸ ਪ੍ਰਣਾਲੀ ਵਿਚ ਪ੍ਰਧਾਨਤਮਕ ਪ੍ਰਣਾਲੀ ਦੇ ਉਲਟ, ਕਾਰਜ ਪਾਲਿਕਾ ਤੇ ਵਿਧਾਨ ਪਾਲਿਕਾ ਇਕ ਅਨਿਖੜਵੇਂ ਸਮੂਹ ਦੇ ਦੋ ਪਹਿਲੂ ਹੁੰਦੇ ਹਨ। ਭਾਰਤ ਵਿੱਚ ਮੰਤਰੀ ਪ੍ਰੀਸ਼ਦ ਦੇ ਸਾਰੇ ਮੰਤਰੀ-ਸਣੇ-ਪ੍ਰਧਾਨ ਮੰਤਰੀ ਦੇ ਸੰਸਦ ਦੇ ਮੈਂਬਰ ਹੁੰਦੇ ਹਨ। ਇਸ ਪ੍ਰਣਾਲੀ ਦੀ ਇਹ ਇਕ ਪ੍ਰਚਲਿਤ ਰਵਾਇਤ ਹੈ ਕਿ ਪ੍ਰਧਾਨ ਮੰਤਰੀ ਚੁਣੇ ਹੋਏ ਸਦਨ ਦਾ ਮੈਂਬਰ ਹੋਣਾ ਚਾਹੀਦਾ ਹੈ। ਸਾਡੇ ਸੰਵਿਧਾਨ ਵਿਚ ਇਸ ਮਾਡਲ ਨੂੰ ਅਪਣਾਇਆ ਗਿਆ ਹੈ। ਸੰਸਦ ਸਰਕਾਰ ਦੀ ਪ੍ਰੋੜ੍ਹਤਾ ਵੀ ਕਰ ਸਕਦੀ ਹੈ, ਜਾਂ ਇਸ ਦੇ ਵਿਰੁੱਧ ਬੈਪ੍ਰਤੀਤੀ ਦਾ ਮਤਾ ਵੀ ਪਾਸ ਕਰ ਸਕਦੀ ਹੈ ਜਾਂ ਕਿਸੇ ਮੁੱਖ ਸਮੱਸਿਆ ਜਿਸ ਉਪਰ ਸਰਕਾਰ ਨਿਰਭਰ ਕਰਦੀ ਹੈ ਜਾਂ ਆਪਣੇ ਹੋਂਦ ਵਿਚ ਰਹਿਣ ਦਾ ਦਾਅਵਾ ਕਰਦੀ ਹੈ, ਨੂੰ ਅਪ੍ਰਵਾਨ ਵੀ ਕਰ ਸਕਦੀ ਹੈ। ਉਸ ਸਥਿਤੀ ਵਿਚ ਕਾਰਜਪਾਲਿਕਾ ਨੂੰ ਤੁਰੰਤ ਆਪਣੇ ਪਦ ਤੋਂ ਅਸਤੀਫਾ ਦੇਣਾ ਪੈਂਦਾ ਹੈ। ਪ੍ਰਧਾਨ ਮੰਤਰੀ ਰਾਸ਼ਟਰਪਤੀ ਨੂੰ ਲੋਕ ਸਭਾ ਭੰਗ ਕਰਕੇ ਨਵੀਆਂ ਆਮ ਚੋਣਾਂ ਕਰਵਾਉਣ ਦੀ ਸਲਾਹ ਵੀ ਦੇ ਸਕਦਾ ਹੈ। ਪ੍ਰਧਾਨ ਮੰਤਰੀ ਕੋਲ ਲੋਕ ਸਭਾ ਨੂੰ ਭੰਗ ਕਰਨ ਦਾ ਸ਼ਕਤੀਸ਼ਾਲੀ ਹਥਿਆਰ ਹੁੰਦਾ ਹੈ ਅਤੇ ਇਸ ਦਾ ਪ੍ਰਯੋਗ ਅਕਸਰ ਕੀਤਾ ਜਾਂਦਾ ਹੈ। ਜੇਕਰ ਪ੍ਰਧਾਨ ਮੰਤਰੀ ਨੂੰ ਸੰਸਦ ਦਾ ਨਾ ਮਾਤਰ ਦਾ ਬਹੁਮਤ ਹੁੰਦਾ (ਜਿਵੇਂ 1969 ਵਿਚ ਪ੍ਰਧਾਨ ਮੰਤਰੀ ਗਾਂਧੀ ਕੋਲ ਸੰਸਦ ਦੇ 525 ਮੈਂਬਰਾਂ ਵਿਚੋਂ ਘੱਟ ਗਿਣਤੀ ਦਾ ਸਮਰਥਨ ਰਹਿ ਗਿਆ ਸੀ ਕਿਉਂਕਿ ਕਾਂਗਰਸ ਦਲ ਵਿਚ ਫੁੱਟ ਪੈ ਗਈ ਸੀ। ਆਪਣੀ ਬਹੁ-ਗਿਣਤੀ ਨੂੰ ਵਧਾਉਣ ਦੀ ਆਸ ਨਾਲ ਨਵੀਂ ਚੋਣ ਕਰਾਉਣ ਦਾ ਨਿਰਣਾ ਵੀ ਲੈ ਸਕਦਾ ਹੈ ਤਾਂ ਜੋ ਉਹ ਦੂਜੇ ਦਲਾਂ ਉਪਰ ਨਿਰਭਰ ਨਾ ਰਹੇ ਅਤੇ ਸ਼ਕਤੀਸ਼ਾਲੀ ਵਿਰੋਧੀ ਦਬਾਅ ਨੂੰ ਘਟਾ ਸਕੇ ਭਾਰਤ ਵਿਚ 1971 ਅਤੇ ਬਰਤਾਨੀਆਂ ਵਿਚ 1970 ਵਿਚ ਇੰਝ ਹੋਇਆ ਸੀ। ਭਾਰਤੀ ਪ੍ਰਧਾਨ ਮੰਤਰੀ ਨੂੰ ਕਾਫੀ ਜ਼ਿਆਦਾ ਬਹੁ ਗਿਣਤੀ ਪ੍ਰਾਪਤ ਹੋਈ। ਬਰਤਾਨੀਆਂ ਸਰਕਾਰ ਚੋਣਾਂ ਹਾਰ ਗਈ ਅਤੇ ਅਸਤੀਫਾ ਦੇ ਦਿੱਤਾ ਤਾਂ ਜੋ ਵਿਰੋਧੀ ਦਲ ਸਰਕਾਰ ਬਣਾ ਸਕੇ। ਇਹ ਗੱਲ ਧਿਆਨ ਗੋਚਰੇ ਹੈ ਕਿ 42ਵੀਂ ਸੋਧ ਅਧੀਨ ਅਨੁਛੇਦ 74 ਵਿਚ ਤਬਦੀਲੀਆਂ ਕਾਰਨ ਰਾਸ਼ਟਰਪਤੀ ਇਕ ਚਿੰਨ੍ਹ ਮਾਤਰ ਦਾ ਰਾਸ਼ਟਰਪਤੀ ਰਹਿ ਗਿਆ ਹੈ। ਉਸ ਨੂੰ ਉਸ ਦੀਆਂ ਮਨ-ਮਰਜ਼ੀ ਦੀਆਂ ਸ਼ਕਤੀਆਂ ਤੋਂ ਬਿਲਕੁਲ ਵੰਚਿਤ ਕਰ ਦਿੱਤਾ ਗਿਆ ਹੈ। ਫਿਰ ਵੀ ਉਹ ਕੁਝ ਪ੍ਰਸਥਿਤੀਆਂ ਵਿਚ ਕਾਫੀ ਸ਼ਕਤੀ ਦੀ ਪ੍ਰਦਰਸ਼ਨੀ ਕਰ ਸਕਦਾ ਹੈ ਜਿਵੇਂ ਰਾਸ਼ਟਰਪਤੀ ਸੰਜੀਵਾ ਰੈਡੀ ਨੇ 1979 ਵਿਚ ਜਨਤਾ ਪਾਰਟੀ ਵਿਚ ਫੁੱਟ ਸਮੇਂ ਕੀਤਾ ਜਦੋਂ ਕਿਸੇ ਵੀ ਦਲ ਦਾ ਸਪਸ਼ਟ ਬਹੁਮਤ ਨਾ ਹੋਵੇ ਜਿਵੇਂ (1996) ਦੀ ਚੋਣਾਂ ਤੋਂ ਬਾਅਦ ਰਾਸ਼ਟਰਪਤੀ ਐਸ.ਡੀ.ਸ਼ਰਮਾ ਨੇ ਕੀਤਾ।

## 1.12 ਦਲ ਪ੍ਰਣਾਲੀ (Political Party System)

ਰਾਜਨੀਤਿਕ ਦਲਾਂ ਦਾ ਸਰੂਪ ਤੇ ਸੰਗਠਨ ਸਮਾਜ ਤੇ ਰਾਜਨੀਤੀ ਦੇ ਪ੍ਰਸਪਰ ਸੰਬੰਧਾਂ ਦੀ ਕੁੰਜੀ ਹੁੰਦਾ ਹੈ। ਜੇ ਸਮਾਜ ਵਿਚਲੇ ਸਮੂਹਾਂ ਦੇ ਵਿਚਾਰ ਤੇ ਹਿੱਤ ਦਲ ਪ੍ਰਣਾਲੀ ਨੂੰ ਇਸਦਾ ਸਰੂਪ ਤੇ ਰੂਪ ਰੇਖਾ ਪ੍ਰਦਾਨ ਕਰਦੇ ਹਨ ਤਾਂ ਦਲ ਪ੍ਰਣਾਲੀ ਦਾ ਵੀ ਸਮੁੱਚੀ ਭਾਰਤੀ ਰਾਜਨੀਤਿਕ ਪ੍ਰਣਾਲੀ ਨੂੰ ਇਕ ਵਸ਼ਿਸ਼ਟ ਸਰੂਪ ਦੇਣ ਵਿਚ ਮਹੱਤਵਪੂਰਣ ਯੋਗਦਾਨ ਹੀ ਰਾਜਨੀਤਿਕ ਦਲ ਆਪਣੇ ਸਕ੍ਰਿਯ ਤੇ ਦੋਹਾਂ ਤਰ੍ਹਾਂ ਦੇ ਸਮਰਥਕਾਂ ਦੀਆਂ ਭਾਵਨਾਵਾਂ ਤੇ ਇਛਾਵਾਂ ਦਾ ਸਵਾਗਤ ਤੇ ਪ੍ਰਗਟਾ ਕਰਦੇ ਹਨ। ਹਰ ਇਕ ਰਾਜਨੀਤਿਕ ਦਲ ਜਾਂ ਇਸ ਦੇ ਨਾਲ ਮਿਲਦੇ ਜੁਲਦੇ ਕਿਸੇ ਵੀ ਸੰਗਠਨ ਵਿਚ ਲੀਡਰਸ਼ਿਪ ਦੀ ਆਮ ਜਨਤਾ ਤੋਂ ਦੂਰ ਹੋ ਜਾਣ ਦੀ ਪ੍ਰਵਿਰਤੀ ਪਾਈ ਜਾਂਦੀ ਹੈ, ਜਿਸ ਕਾਰਨ ਸੰਗਠਨ ਵਿਚਲੀਆਂ ਇਕਾਈਆਂ ਅਤੇ ਜਨਤਾ ਨਾਲ ਨਿਰੰਤਰ ਸੰਪਰਕ ਰਖ ਸਕਣ ਦੀ ਸਮਸਿਆ ਪੇਸ਼ ਆ ਜਾਂਦੀ ਹੈ। ਭਾਰਤ ਵਰਗੇ ਸੰਘੀ ਢਾਂਚੇ ਵਿਚ, ਜਿਸ ਵਿਚ ਇਕਾਈਆਂ (ਜਾਂ ਰਾਜਾਂ) ਦਾ ਅਧਾਰ ਕੇਵਲ ਆਕਾਰ ਤੇ ਪ੍ਰਦੇਸ਼ ਹੀ ਨਹੀਂ ਸਗੋਂ

ਉਹਨਾਂ ਦੀ ਪ੍ਰਦੇਸ਼ਕ ਭਾਸ਼ਾਵਾਂ ਤੇ ਸਭਿਆਚਾਰ ਵੀ ਹਨ, ਦਲਾਂ ਦਾ ਰਾਸ਼ਟਰ ਪੱਧਰ ਤੇ ਸੰਗਠਨ ਢਿਲਾ ਜਿਹਾ ਹੋਣਾ ਜ਼ਰੂਰੀ ਹੈ। ਅਜਿਹੇ ਸੰਗਠਨ ਦਾ ਇਕ ਖਾਸ ਫਾਇਦਾ ਇਹ ਹੈ ਕਿ ਵੰਨ ਸੁਵੰਨੇ ਸਮੂਹਾਂ ਗਰੁਪਾਂ ਨੂੰ ਦਲ ਦੇ ਸੰਗਠਨ ਅੰਦਰ ਸਮੋ ਸਕਣ ਅਤੇ ਉਹਨਾਂ ਦਾ ਸਮਰਥਨ ਪ੍ਰਾਪਤ ਕਰ ਸਕਣਾ ਸੰਭਵ ਹੁੰਦਾ ਹੈ ਪਰ ਅਜਿਹੇ ਢਾਂਚੇ ਅਧੀਨ ਅਨੇਕਾਂ ਦਬਾਓ ਤੇ ਮੁਸ਼ਕਿਲਾਂ ਵੀ ਪੇਸ਼ ਹਨ। ਅਜਿਹੇ ਮਾਹੌਲ ਵਿਚ ਰਾਜਨੀਤਿਕ ਲੀਡਰ ਆਪਣੀਆਂ ਵਿਭਿੰਨ ਤੇ ਵਿਸਤਰਿਤ ਕਾਰਜਾਂ ਰਾਹੀਂ ਸਾਂਝਾ ਰਾਜਨੀਤਿਕ ਸਭਿਆਚਾਰ ਸਥਾਪਿਤ ਕਰਨ ਵਾਲੇ ਏਜੰਟਾਂ ਵਜੋਂ ਕਾਰਜ ਕਰਦੇ ਹਨ।

1977 ਅਤੇ 1989 ਦੀਆਂ ਆਮ ਚੋਣਾਂ ਵਿਚ ਕਾਂਗਰਸ ਦਾ ਸਫਾਇਆ ਹੋ ਗਿਆ ਤੇ ਇਹ ਜਾਪਣ ਲਗ ਪਿਆ ਕਿ ਹੁਣ ਕਾਂਗਰਸ ਕਦੇ ਵੀ 1947 ਤੋਂ ਚਲਾ ਆ ਰਿਹਾ ਪ੍ਰਭਾਵ ਹਾਸਿਲ ਨਹੀਂ ਕਰ ਸਕੇਗੀ ਪਰ ਦੋਵੇਂ ਵੇਲੇ ਹੀ ਬਾਅਦ ਦੀਆਂ ਘਟਨਾਵਾਂ ਨੇ ਇਹ ਸਪਸ਼ਟ ਕਰ ਦਿੱਤਾ ਕਿ ਕਾਂਗਰਸ ਦੀ ਇਹ ਗਿਰਾਵਟ ਅਸਥਾਈ ਸੀ ਭਾਵੇਂ ਉਸ ਦਾ ਪਹਿਲੇ ਵਰਗਾ ਪ੍ਰਭਾਵ ਅਜੇ ਵੀ ਸਥਾਪਿਤ ਨਹੀਂ ਸੀ ਹੋ ਸਕਿਆ। 1991 ਵਿਚ ਕਾਂਗਰਸ ਇਕ ਵਾਰੀ ਸਭ ਤੋਂ ਵੱਡੀ ਪਾਰਟੀ ਦੇ ਰੂਪ ਵਿਚ ਸਾਹਮਣੇ ਆਈ ਭਾਵੇਂ ਇਸ ਨੂੰ ਪੂਰਨ ਬਹੁਮਤ ਨਾ ਮਿਲ ਸਕਿਆ। ਪੀ. ਵੀ. ਨਰਸਿਮਾਹ ਰਾਓ ਦੀ ਲੀਡਰਸ਼ਿਪ ਅਧੀਨ ਕਾਂਗਰਸ ਨੇ ਸਭ ਤੋਂ ਵੱਡੀ ਪਾਰਟੀ ਹੋਣ ਨਾਤੇ ਸਰਕਾਰ ਵੀ ਬਣਾਈ ਅਤੇ ਬਾਅਦ ਵਿਚ ਵਿਰੋਧੀ ਦਲ ਦੀ ਫੁੱਟ ਦਾ ਫਾਇਦਾ ਓਠਾ ਕੇ ਅਤੇ ਕੁਝ ਛੋਟੇ ਗਰੁਪਾਂ ਦੇ, ਮੈਂਬਰ ਪਾਰਲੀਆਮੈਂਟ ਨੂੰ, ਕਾਂਗਰਸ ਪਾਰਟੀ ਵਿਚ ਸ਼ਾਮਿਲ ਕਰਕੇ ਬਹੁਮਤ ਵੀ ਹਾਸਿਲ ਕਰ ਲਿਆ। ਇਸ ਦੌਰਾਨ ਇਹ ਦੋ ਵਾਰ ਅਵਿਸ਼ਵਾਸ ਦੇ ਮੱਤੇ ਤੋਂ ਵੀ ਬਚੇ, ਪਰ ਕਾਂਗਰਸ ਸਰਕਾਰ ਨੇ ਆਪਣੀ ਪੰਜ ਸਾਲ ਦੀ ਅਵੱਧੀ ਪੂਰੀ ਕੀਤੀ। 1991 ਆਮ ਚੋਣਾਂ ਦੁਆਰਾ ਬਣੀ ਦਸਵੀਂ ਲੋਕ ਸਭਾ ਵਿਚ ਭਾਜਪਾ ਵਿਰੋਧੀ ਪਾਰਟੀ ਸੀ ਅਤੇ ਇਸ ਦੀਆਂ 124 ਸੀਟਾਂ ਸਨ।

ਅਗਲੀਆਂ ਚੋਣਾਂ, ਜੋ ਮਈ 1996 ਵਿਚ ਹੋਈਆਂ, ਰਾਹੀਂ ਭਾਜਪਾ 160 ਸੀਟਾਂ ਲੈ ਕੇ (ਸਮਰਥਕਾਂ ਦੀਆਂ ਮਿਲਾਕੇ 194) ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਤੇ ਕਾਂਗਰਸ 140 ਸੀਟਾਂ ਲੈ ਕੇ ਦੂਜੇ ਨੰਬਰ ਤੇ ਰਹੀ। ਤੀਜਾ ਮੋਰਚਾ, ਜਿਸ ਨੂੰ ਹੁਣ ਯੁਨਾਈਟਿਡ ਫ਼ਰੰਟ ਦਾ ਨਾਂ ਦਿੱਤਾ ਗਿਆ, 179 ਸੀਟਾਂ ਪ੍ਰਾਪਤ ਕਰਨ ਵਿਚ ਸਫਲ ਹੋਇਆ। ਸਭ ਤੋਂ ਵੱਧ ਸੀਟਾਂ ਪ੍ਰਾਪਤ ਕਰਨ ਲਈ ਪਾਰਟੀ ਹੋਣ ਕਾਰਨ ਭਾਜਪਾ ਨੂੰ ਸਭ ਤੋਂ ਪਹਿਲਾਂ ਸਰਕਾਰ ਬਣਾਉਣ ਦਾ ਅਵਸਰ ਦਿੱਤਾ ਗਿਆ। ਅਟਲ ਬਿਹਾਰੀ ਵਾਜਪਾਈ ਦੀ ਲੀਡਰਸ਼ਿਪ ਹੇਠ ਸਰਕਾਰ ਬਣੀ ਵੀ ਤੇ 13 ਦਿਨ ਤਕ ਇਸ ਕਾਰਜ ਵੀ ਸੰਭਾਲਿਆ ਪਰ ਅਵਿਸ਼ਵਾਸ਼ ਦਾ ਮਤਾ ਪਾਸ ਹੋ ਜਾਣ ਕਾਰਣ ਭਾਜਪਾ ਸਰਕਾਰ ਨੂੰ ਅਸਤੀਫਾ ਦੇਣਾ ਪਿਆ। ਫਿਰ ਯੂਨਾਈਟਿਡ ਫਰੰਟ, ਜਿਸ ਵਿਚ 13 ਪਾਰਟੀਆਂ ਸ਼ਾਮਿਲ ਹਨ, ਦੀ ਸਰਕਾਰ ਬਣੀ ਇਸ ਸਰਕਾਰ ਨੂੰ ਕਾਂਗਰਸ ਪਾਰਟੀ ਦਾ ਬਾਹਰੋਂ ਸਮਰਥਨ ਪ੍ਰਾਪਤ ਸੀ। ਇਸ ਸਰਕਾਰ ਵਿਚ ਸ਼ਾਮਿਲ ਦਲ ਸਨ—ਜਨਤਾ ਦਲ, ਸਮਾਜਵਾਦੀ ਪਾਰਟੀ, ਦਰਾਵਿੜ ਮੁਨੇਤਰਾ ਕਾਗਗਮ (DNK) ਤੇਲਗੂ ਦੇਸਮ ਪਾਰਟੀ, ਤਮਿਲ ਮਾਨੀਲਾ ਕਾਂਗਰਸ, ਸੀ.ਪੀ.ਆਈ(ਐਮ) ਸੀ.ਪੀ.ਆਈ, ਆਰ.ਐਸ.ਪੀ., ਦਰਾਵਿੜ ਬਲਾਕ, ਇੰਡੀਅਨ ਨੈਸ਼ਨਲ ਕਾਂਗਰਸ ਤਿਵਾੜੀ, ਆਸਮਗਣ ਪਰਿਸ਼ਦ, ਐ.ਪੀ.ਵੀ., ਸੀ. ਅਤੇ ਕੇ.ਸੀ.ਪੀ. ਇਸ ਸਰਕਾਰ ਨੂੰ ਕੁਝ ਹੋਰ ਛੋਟੀਆਂ ਛੋਟੀਆਂ ਪਾਰਟੀਆਂ ਦਾ ਵੀ ਬਾਹਰੋਂ ਸਮਰਥਨ ਪ੍ਰਾਪਤ ਸੀ। ਪਰ ਕਾਂਗਰਸ ਦੇ ਸਮਰਥਨ ਵਾਪਸ ਲੈਣ ਕਰਕੇ ਕੇਂਦਰ ਵਿਚ ਯੂਨਾਈਟਿਡ ਫਰੰਟ ਦੀ ਸਰਕਾਰ ਜੋ ਆਈ. ਕੇ. ਗੁਜਰਾਲ ਦੀ ਲੀਡਰਸ਼ਿਪ ਅਧੀਨ ਅਤੇ ਇਕ ਸਾਂਝਾ (CMP) ਜਾਂ Common Minimum Programme ਪ੍ਰੋਗਰਾਮ ਤਹਿਤ—ਜਿਸ ਬਾਰੇ (13) ਪਾਰਟੀਆਂ ਦੀ ਸਹਿਮਤੀ ਸੀ ਗਿਰ ਗਈ ਤੇ ਮਾਰਚ 1998 ਵਿਚ ਫੇਰ ਚੋਣਾਂ ਹੋਈਆਂ ਜਿਸ ਵਿਚ BJP ਨੇ 18 ਪਾਰਟੀਆਂ ਦੇ ਸਮਰਥਨ ਨਾਲ ਸਰਕਾਰ ਬਣਾਈ। ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ H.D. Deve Gowde ਦੀ ਸਰਕਾਰ ਵੀ ਕਾਂਗਰਸ ਦੇ ਸਮਰਥਨ ਵਾਪਿਸ ਲੈਣ ਕਾਰਣ ਅਵਿਸ਼ਵਾਸ ਮਤੇ ਦਾ ਸ਼ਿਕਾਰ ਹੋਈ ਸੀ ਪਰੰਤੂ ਲੀਡਰ ਦੀ ਬਦਲੀ ਬਾਅਦ ਕਾਂਗਰਸ ਨੇ ਸਮਰਥਨ ਦੇ ਦਿੱਤਾ। ਪਰ ਦਲ ਪ੍ਰਣਾਲੀ ਵਿਚ ਹੋਏ ਇਸ ਨਵੇਂ ਵਿਕਾਸ ਨੇ ਕੁਝ ਕੁ ਨਵੀਂ ਅਤੇ ਮਹੱਤਵਪੂਰਣ ਪ੍ਰਵਿਰਤੀਆਂ ਨੂੰ ਉਜਾਗਰ ਕੀਤਾ ਹੈ।

1996 ਦੀਆਂ ਚੋਣਾਂ ਰਾਹੀਂ ਪਹਿਲੀ ਮਹੱਤਵਪੂਰਣ ਘਟਨਾ ਇਹ ਵਾਪਰੀ ਹੈ ਕਿ ਹੁਣ ਖੇਤਰੀ ਪੱਧਰ ਤੇ

ਮਹੱਤਵਪੂਰਣ ਪਾਰਟੀਆਂ (regional parties) ਰਾਸ਼ਟਰੀ ਪੱਧਰ ਦੀ ਰਾਜਨੀਤੀ ਵਿਚ ਮਹੱਤਵਪੂਰਣ ਭੂਮਿਕਾ ਨਿਭਾ ਰਹੀਆਂ ਹਨ ਅਤੇ ਕੇਂਦਰੀ ਵਿਚਲੀ ਯੂਨਾਈਟਿਡ ਫਰੰਟ ਸਰਕਾਰ ਅਤੇ BJP ਸਰਕਾਰ ਵਿਚ ਉਹਨਾਂ ਦਾ ਮਹੱਤਵਪੂਰਣ ਯੋਗਦਾਨ ਹੈ। ਏਸੇ ਤਰ੍ਹਾਂ ਸੁਤੰਤਰ ਭਾਰਤ ਦੇ ਪਿਛਲੇ 50 ਸਾਲ ਦੇ ਲੰਬੇ ਇਤਿਹਾਸ ਵਿਚ ਕਮਿਊਨਿਸਟ ਪਾਰਟੀ ਆਫ ਇੰਡੀਆਂ (CPI) ਦਾ ਕੇਂਦਰੀ ਸਰਕਾਰ ਸ਼ਾਮਿਲ ਹੋਣਾ ਆਪਣੇ ਆਪ ਵਿਚ ਇਕ ਮਹੱਤਵਪੂਰਣ ਘਟਨਾ ਸੀ।

ਇਨ੍ਹਾਂ ਦੋਨਾਂ elections 1996 ਤੋਂ 1998 ਤੱਕ ਇਕ ਗਲ ਜੋ ਲਗਪਗ ਸਪਸ਼ਟ ਹੀ ਜਾਪਦੀ ਹੈ ਉਹ ਇਹ ਹੈ ਕਿ ਇਕ ਪਾਰਟੀ ਦੇ ਸਪਸ਼ਟ ਬਹੁਮੱਤ ਵਾਲੇ ਦਿਨ ਹੁਣ ਮੁੜ ਕੇ ਸ਼ਾਇਦ ਹੀ ਆਉਣ ਕਿਉਂਕਿ ਵਿਰੋਧੀ ਦਲ ਇਸ ਤੱਥ ਤੋਂ ਹੁਣ ਭਲੀ ਭਾਂਤ ਜਾਣ ਗਏ ਹਨ ਕਿ ਕਾਂਗਰਸ ਨੂੰ ਕੇਂਦਰ ਜਾਂ ਰਾਜਾਂ ਵਿਚ ਕਦੇ ਵੀ ਕੁਲ ਵੋਟਾਂ ਦਾ ਬਹੁਮੱਤ ਪ੍ਰਾਪਤ ਨਹੀਂ ਸੀ ਹੁੰਦਾ ਰਿਹਾ, ਪਰ ਬਹੁਪਾਰਟੀ ਪ੍ਰਣਾਲੀ ਹੋਣ ਕਾਰਣ ਅਤੇ ਸੰਗਠਿਤ ਵਿਰੋਧੀ ਦਲ ਦੀ ਅਣਹੋਂਦ ਕਾਰਨ ਉਹ ਹਮੇਸ਼ਾਂ ਹੀ ਫਾਇਦੇ ਵਿਚ ਰਹੀ ਅਤੇ ਉਹ ਵੀ ਇਕੱਠੇ ਹੋ ਕੇ ਇਸ ਨੂੰ ਪਛਾੜ ਸਕਦੇ ਹਨ ਇਹਨਾਂ ਸਭ ਘਟਨਾਵਾਂ ਤੋਂ ਇਹੀ ਜਾਪਦਾ ਹੈ ਕਿ ਭਾਰਤੀ ਰਾਜਨੀਤੀ ਵਿਚ ਸੰਘਵਾਦ ਦੀ ਅਸਲੀਅਤ ਉਜਾਗਰ ਹੋਣ ਲਗ ਪਈ ਹੈ, ਆਉਣ ਵਾਲੇ ਸਮੇਂ ਵਿਚ ਭਾਰਤੀ ਦਲ ਪ੍ਰਣਾਲੀ ਦਾ ਸਰੂਪ ਕੀ ਹੋਵੇਗਾ ? ਇਹ ਤਾਂ ਆਉਣ ਵਾਲਾ ਸਮਾਂ ਹੀ ਦਸੇਗਾ।

ਭਾਰਤੀ ਦਲ ਪ੍ਰਣਾਲੀ ਦੀਆਂ ਕੁਝ ਆਪਣੀਆਂ ਹੀ ਵਿਸ਼ੇਸ਼ਤਾਵਾਂ ਹਨ। 1968 ਤੋਂ ਇਨ੍ਹਾਂ ਵਿਚ ਟੁੱਟਣ ਜਾਂ ਖੰਡਿਤ ਹੋਣ ਅਤੇ ਏਕੀਕਰਣ ਦੀ ਪ੍ਰਕ੍ਰਿਆ ਕਾਫ਼ੀ ਹਾਵੀ ਰਹੀ ਹੈ। ਕਾਂਗਰਸੀ ਦਲ ਤੇ ਸਮੂਹ ਆਪਸ ਵਿਚ ਵੰਡੇ ਹੀ ਨਹੀਂ ਗਏ ਸਗੋਂ ਇਕ ਪੂਰਨ ਵਿਰੋਧੀ ਦਲ ਦੇ ਰੂਪ ਧਾਰਨ ਕਰਨ ਦਾ ਯਤਨ ਵੀ ਕੀਤਾ ਤਾਂ ਜੋ ਚੋਣਾਂ ਵਿਚ ਪ੍ਰਭਾਵਸ਼ਾਲੀ ਕਾਂਗਰਸ ਦਲ ਦਾ ਮੁਕਾਬਲਾ ਕੀਤਾ ਜਾ ਸਕੇ। ਇਨ੍ਹਾਂ ਨੂੰ ਸਫਲਤਾ ਵੀ ਮਿਲੀ। ਪੰਜ ਵਿਰੋਧੀ ਪਾਰਟੀਆਂ ਨੂੰ ਮਿਲਾਕੇ ਬਣੀ ਜਨਤਾ ਪਾਰਟੀ ਸ਼ਕਤੀਸ਼ਾਲੀ ਰਾਜਨੀਤਿਕ ਦਲ ਬਣੀ ਜੋ ਸੰਕਟ ਕਾਲ ਵਿਚ ਹੋਂਦ ਵਿਚ ਆਈ ਅਤੇ ਕੇਂਦਰ ਵਿਚ ਸਰਕਾਰ ਵੀ ਬਣਾ ਸਕੀ। ਪਰ ਅਜਿਹਾ ਕਾਫ਼ੀ ਸਮੇਂ ਤਕ ਨਾ ਚਲ ਸਕਿਆ, ਅਤੇ ਜਨਤਾ ਪਾਰਟੀ ਅੰਤਰੀਵ ਝਗੜਿਆਂ ਦਾ ਸ਼ਿਕਾਰ ਹੋ ਗਈ। ਕੁਝ ਰਾਜਨੀਤਿਕ ਦਲ, ਜਿਨ੍ਹਾਂ ਨੇ ਆਪਣੇ ਆਪ ਨੂੰ ਕਾਂਗਰਸ ਵਿਚ ਸ਼ਾਮਲ ਕਰ ਲਿਆ ਸੀ ਤਾਂ ਜੋ ਸ਼ਕਤੀ ਵਿਚ ਭਾਈਵਾਲ ਹੋ ਸਕਣ, ਨੂੰ ਪ੍ਰਮੁੱਖਤਾ ਵਾਲੇ ਕਾਂਗਰਸ ਦਲ ਨੇ ਅੱਡ ਕਰ ਦਿੱਤਾ। ਇਸ ਰੁਝਾਨ ਨੇ ਕਾਂਗਰਸ ਦਲ ਦੀ ਸਥਿਤੀ ਤੇ ਸ਼ਕਤੀ ਨੂੰ ਹੋਰ ਮਜ਼ਬੂਤ ਬਣਾ ਦਿੱਤਾ। ਜਿਵੇਂ ਰਜਨੀ ਕੋਠਾਰੀ ਨੇ ਕਿਹਾ ਹੈ, ''ਪ੍ਰਮੁੱਖਤਾ ਵਾਲੇ ਦਲ ਵਿਚ ਅਨੇਕਤਾ, ਜਿਹੜਾ ਇਹ ਨੂੰ ਵਧੇਰੇ ਪ੍ਰਤੀਨਿਧਾਤਮਕ ਬਣਾਉਂਦਾ ਹੈ, ਲਚਕੀਲੇਪਨ ਦੀ ਵਿਵਸਥਾ ਕਰਦਾ ਹੈ ਅਤੇ ਅੰਤਰੀਵ ਮੁਕਾਬਲੇ ਨੂੰ ਜਿਉਂਦਾ ਰਖਦਾ ਹੈ। ਨਾਲ ਹੀ ਇਹ ਦਲ ਤੋਂ ਬਾਹਰ ਵਾਲੇ ਸਮੂਹਾਂ ਅਤੇ ਅੰਦੋਲਨਾਂ ਨੂੰ ਆਪਣੇ ਵਿਚ ਸ਼ਾਮਲ ਕਰਨ ਲਈ ਤਿਆਰ ਰਹਿੰਦੀ ਹੈ ਅਤੇ ਇੰਜ ਦੂਜੇ ਦਲਾਂ ਨੂੰ ਸ਼ਕਤੀ ਵਿਚ ਆਉਣ ਤੋਂ ਰੋਕਦੀ ਹੈ।''

ਜਿਵੇਂ ਕਿ ਸਪਸ਼ਟ ਹੀ ਹੈ, ਭਾਰਤੀ ਦਲ ਪ੍ਰਣਾਲੀ ਅਧੀਨ ਕਾਂਗਰਸ ਪਾਰਟੀ ਦੇ ਨਾਲ ਨਾਲ ਅਨੇਕਾਂ ਹੋਰ ਦਲ ਹਨ ਕਿਉਂਕਿ ਸਾਡੇ ਦੇਸ਼ ਵਿਚ ਬਹੁਦਲ ਪ੍ਰਣਾਲੀ ਹੈ। ਇਹਨਾਂ ਵਿਚੋਂ ਕਾਫੀ ਸਾਰਿਆਂ ਦੇ ਨਾਂ ਤਾਂ ਅਸੀਂ ਪਿਛੇ ਦਸ ਆਏ ਹਾਂ। ਖੇਤਰੀ ਤੇ ਰਾਸ਼ਟਰੀ ਪੱਧਰ ਦੀਆਂ ਕੁਝ ਹੋਰ ਮੁੱਖ ਪਾਰਟੀਆਂ ਹਨ–ਭਾਜਪਾ (ਭਾਰਤੀ ਜਨਤਾ ਪਾਰਟੀ) ਸ਼ਿਵ ਸੈਨਾ, ਸ਼੍ਰੋਮਣੀ ਅਕਾਲੀ ਦਲ ਬਹੁਜਨ ਸਮਾਜ ਪਾਰਟੀ, ਵਿਸ਼ਾਲ ਹਰਿਆਣਾ ਪਾਰਟੀ, ਸਮਤਾ ਪਾਰਟੀ ਮੁਸਲਿਮ ਲੀਗ, ਝਾਰਖੰਡ ਮੋਰਚਾ। ਸੂਚੀ ਬਹੁਤ ਲੰਬੀ ਹੈ — ਤੇ ਹੋਰ ਵੀ ਅਨੇਕਾਂ ਪਾਰਟੀਆਂ ਹਨ, ਭਾਰਤੀ ਦਲ ਪ੍ਰਣਾਲੀ ਬਾਰੇ ਅਸੀਂ ਹੋਰ ਵਿਸਥਾਰ ਨਾਲ ਬਾਅਦ ਵਿਚ ਪੜ੍ਹਾਂਗੇ।

## 1.13 ਪ੍ਰਸਤਾਵਨਾ (Preamble)

ਕਿਸੇ ਕਾਨੂੰਨ ਦੀ ਪ੍ਰਸਤਾਵਨਾ ਉਨ੍ਹਾਂ ਮੁੱਖ ਉਦੇਸ਼ਾਂ ਨੂੰ ਨਿਰਧਾਰਤ ਕਰਦੀ ਹੈ ਜਿਨ੍ਹਾਂ ਨੂੰ ਵਿਧਾਨ ਪ੍ਰਾਪਤ ਕਰਨਾ ਚਾਹੁੰਦਾ ਹੈ। ਇਹ ਇਕ ਤਰ੍ਹਾਂ ਦੀ ਕਾਨੂੰਨ ਦੀ ਭੂਮਿਕਾ ਹੁੰਦੀ ਹੈ ਜੋ ਨੀਤੀ ਨੂੰ ਸਮਝਣ ਵਿਚ ਬਹੁਤ ਵਾਰ ਸਹਾਇਕ ਹੁੰਦੀ ਹੈ ਭਾਵੇਂ ਸਾਧਾਰਨ ਕਾਨੂੰਨ ਦੀ ਪ੍ਰਸਤਾਵਨਾ ਨੂੰ ਕੋਈ ਬਹੁਤ ਮਹੱਤਵ ਨਹੀਂ ਦਿੱਤਾ ਜਾਂਦਾ, ਪਰੰਤੂ ਸੰਵਿਧਾਨਕ ਕਾਨੂੰਨ ਦੀ ਪ੍ਰਸਤਾਵਨਾ ਨੂੰ ਕਾਫੀ ਮਹੱਤਵ ਪ੍ਰਦਾਨ ਕੀਤਾ ਹੈ।'[1] ਸੰਵਿਧਾਨ ਦੇ ਨਿਰਮਾਤਿਆਂ ਨੇ ਪ੍ਰਸਤਾਵਨਾ ਨੂੰ ਮਾਨ

ਵਾਲਾ ਸਥਾਨ ਦਿੱਤਾ ਹੈ।[2] ਬੇਰੂਬਰੀ ਮੁਕੱਦਮੇ ਵਿਚ ਪ੍ਰਸਤਾਵਨਾ ਦੀ ਚਰਚਾ ਕਰਦਿਆਂ ਸਰਵ ਉੱਚ ਅਦਾਲਤ ਨੇ ਕਿਹਾ, ''ਸੰਵਿਧਾਨ ਦੀ ਪ੍ਰਸਤਾਵਨਾ, ਸੰਵਿਧਾਨ ਦੇ ਨਿਰਮਾਤਿਆਂ ਦੇ ਮਨਾਂ ਨੂੰ ਖੋਲ੍ਹਣ ਲਈ ਇਕ ਕੁੰਜੀ ਹੈ'' ਉਹ ਉਦੇਸ਼ ਨੂੰ ਸਪਸ਼ਟ ਕਰਦੀ ਹੈ ਜਿਸ ਲਈ ਸੰਵਿਧਾਨ ਵਿਚ ਅਨੁਛੇਦ ਬਣਾਏ ਗਏ। ਸੰਖੇਪ ਵਿਚ ਪ੍ਰਸਤਾਵਨਾ ਵਿਚ ਭਾਰਤ ਦੇ ਲੋਕ ਤੇ ਆਦਰਸ਼ ਤੇ ਅਭਿਲਾਸ਼ਾਵਾਂ ਸ਼ਾਮਿਲ ਹਨ।[3]

ਪ੍ਰਸਤਾਵਨਾ ਵਿਚ ਕਈ ਉਦੇਸ਼ਾਂ ਦਾ ਵਰਨਣ ਹੈ :

1. ਇਹ ਸੰਵਿਧਾਨ ਦੇ ਸੋਮੇ ਵੱਲ ਸੰਕੇਤ ਕਰਦੀ ਹੈ (ਭਾਵ ਭਾਰਤ ਦੇ ਲੋਕ)।
2. ਇਸ ਵਿਚ ਸੰਵਿਧਾਨ ਨੂੰ ਲਾਗੂ ਕਰਨ ਲਈ ਕਾਨੂੰਨ ਬਣਾਉਣ ਦੀ ਧਾਰਾ ਵੀ ਸ਼ਾਮਲ ਹੈ।
3. ਇਹ ਉਨ੍ਹਾਂ ਮਹਾਨ ਅਧਿਕਾਰਾਂ ਤੇ ਸੁਤੰਤਰਤਾਵਾਂ ਦੀ ਘੋਸ਼ਣਾ ਵੀ ਕਰਦਾ ਹੈ ਜੋ ਭਾਰਤ ਦੇ ਲੋਕ ਚਾਹੁੰਦੇ ਸਨ ਕਿ ਭਾਰਤੀ ਨਾਗਰਿਕਾਂ ਨੂੰ ਪ੍ਰਾਪਤ ਹੋਣ। ਬੁਨਿਆਦੀ ਢੰਗ ਦੀ ਸਰਕਾਰ ਅਤੇ ਨੀਤੀ, ਜਿਸ ਨੂੰ ਸਥਾਪਤ ਕੀਤਾ ਜਾਣਾ ਹੈ ਅਤੇ ਜਿਸਦਾ ਵਰਨਣ ਅਗਲੇ ਪਹਿਰਿਆਂ ਵਿਚ ਹੈ, ਦਾ ਵਰਣਨ ਵੀ ਪ੍ਰਸਤਾਵਨਾ ਵਿਚ ਹੈ।

ਇਸ ਨੂੰ ਭਾਰਤ ਦੇ ਆਪਣੇ ਪ੍ਰਤੀਨਿਧਾਂ ਰਾਹੀਂ, ਪ੍ਰਭੂਸਤਾ-ਸੰਪਨ ਸੰਵਿਧਾਨ ਸਭਾ, ਦੁਆਰਾ ਬਣਾਇਆ ਗਿਆ ਹੈ। ਪ੍ਰਸਤਾਵਨਾ ਇਹ ਸਪੱਸ਼ਟ ਰੂਪ ਵਿਚ ਘੋਸ਼ਿਤ ਕਰਦੀ ਹੈ ਕਿ ਭਾਰਤ ਸਰਕਾਰ ਦੇ ਲੋਕਾਂ ਨੇ ਸੰਵਿਧਾਨ ਸਵੀਕਾਰ, ਅਧਿਨਿਯਮਿਤ ਅਤੇ ਆਤਮ-ਸਮਰਪਿਤ ਕੀਤਾ। ਇਸ ਲਈ ਪ੍ਰਸਤਾਵਨਾ ਇਸ ਗੱਲ ਦੀ ਘੋਸ਼ਣਾ ਕਰਦੀ ਹੈ ਕਿ ਸੰਵਿਧਾਨ ਅਧੀਨ ਸੱਤਾ ਦਾ ਸੋਮਾ ਭਾਰਤ ਦੇ ਲੋਕ ਹਨ ਅਤੇ ਬਾਹਰਲੀ ਸੱਤਾ ਦੇ ਅਧੀਨ ਨਹੀਂ ਹਨ।

ਸੰਵਿਧਾਨ ਦੀ ਮੂਲ ਪ੍ਰਸਤਾਵਨਾ ਭਾਰਤ ਨੂੰ ''ਪ੍ਰਭੂਸੱਤਾ ਵਾਲਾ ਲੋਕਤੰਤਰੀ ਗਣਰਾਜ ਘੋਸ਼ਿਤ ਕਰਦੀ ਹੈ। 42ਵੀਂ ਸੋਧ ਦੁਆਰਾ ਇਹਨਾਂ ਸ਼ਬਦਾਂ ਦੇ ਨਾਲ ਹੋਰ ਸ਼ਬਦ 'ਸਮਾਜਵਾਦੀ' ਅਤੇ 'ਧਰਮ ਨਿਰਪੇਖ' ਵੀ ਜੋੜ ਦਿੱਤੇ ਗਏ ਹਨ। ਪ੍ਰਭੂਸੱਤਾ ਸ਼ਕਤੀ ਨਿਰੰਕੁਸ਼ ਤੇ ਬੇਕਾਬੂ ਹੁੰਦੀ ਹੈ। ਕੂਲ ਦੇ ਸ਼ਬਦਾਂ ਵਿਚ 'ਉਹ ਰਾਜ ਪ੍ਰਭੂਸੱਤਾ ਵਾਲਾ ਹੁੰਦਾ ਹੈ ਜਿਸ ਦੀ ਸਰਵ-ਉਚ ਸ਼ਕਤੀ ਉਸ ਦੇ ਕੋਲ ਹੋਵੇ ਅਤੇ ਉਹ ਕਿਸੇ ਨੂੰ ਆਪਣੇ ਤੋਂ ਉੱਤਮ ਨਾ ਮੰਨਦਾ ਹੋਵੇ।[1] ਪ੍ਰਭੂਸੱਤਾ ਸ਼ਬਦ ਇਸ ਗੱਲ ਦੀ ਤਾਕੀਦ ਕਰਦਾ ਹੈ ਕਿ ਭਾਰਤ ਹੁਣ ਕਿਸੇ ਵਿਦੇਸ਼ੀ ਸੱਤਾ ਤੇ ਨਿਰਭਰ ਨਹੀਂ ਕਰਦਾ। ਭਾਰਤ ਹਾਲੇ ਵੀ ਰਾਸ਼ਟਰ ਮੰਡਲ ਦਾ ਮੈਂਬਰ ਹੈ ਪ੍ਰੰਤੂ ਇਸ ਦਾ ਰਾਸ਼ਟਰ ਮੰਡਲ ਦਾ ਮੈਂਬਰ ਹੋਣਾ ਕਿਸੇ ਵੀ ਤਰ੍ਹਾਂ ਸੁਤੰਤਰਤਾ ਵਾਲੇ ਰੁਤਬੇ ਦੇ ਵਿਪਰੀਤ ਨਹੀਂ ਹੈ।

ਹੇਠਾਂ ਕੁਝ ਉਦੇਸ਼ਾਂ ਦਾ ਵਰਨਣ ਹੈ ਜੋ ਪ੍ਰਸਤਾਵਨਾ ਸਾਰੇ ਨਾਗਰਿਕਾਂ ਨੂੰ ਪ੍ਰਦਾਨ ਕਰਨ ਦੀ ਗਰੰਟੀ ਕਰਦੀ ਹੈ :-

ਨਿਆਂ :- ਸਮਾਜਿਕ, ਆਰਥਿਕ ਅਤੇ ਰਾਜਨੀਤਿਕ

ਸੁਤੰਤਰਤਾ :- ਵਿਚਾਰ ਪ੍ਰਗਟਾਉਣ, ਵਿਸ਼ਵਾਸ ਅਤੇ ਉਪਾਸਨਾ ਦੀ

ਸਮਾਨਤਾ :- ਰੁਤਬੇ ਅਤੇ ਅਵਸਰ ਦੀ ਅਤੇ ਭਾਰਤ ਦੇ ਲੋਕਾਂ ਵਿਚ ਵਿਅਕਤੀ ਦਾ ਸਤਿਕਾਰ ਅਤੇ ਏਕਤਾ ਲਈ ਭਰਾਤਰੀ ਭਾਵ ਵਧਾਉਣਾ

ਪ੍ਰਸਤਾਵਨਾ ਵਿਚ ਸਾਡੇ ਸੰਵਿਧਾਨ ਦੇ ਨਿਆਂ ਯੋਗ ਅਤੇ ਗੈਰ-ਨਿਆਂਯੋਗ ਭਾਗਾਂ ਨੂੰ ਮੌਲਿਕ ਅਧਿਕਾਰਾਂ ਅਤੇ ਨਿਰਦੇਸ਼ਕ ਸਿਧਾਂਤਾਂ ਦੇ ਰੂਪ ਵਿਚ ਅੰਕਿਤ ਕੀਤਾ ਗਿਆ ਹੈ। ਅਸਲ ਵਿਚ ਇਹ ਲੋਕਤੰਤਰੀ ਸਮਾਜਵਾਦ ਦੀ ਨੀਤੀ ਦਾ ਵਰਨਣ ਹੈ ਜਿਸ ਦੀ ਸਾਡੀ ਸਰਕਾਰ ਸਦਾ ਹੀ ਪਾਬੰਦ ਰਹੀ ਹੈ। ਡਾ. ਰਾਧਾ ਕ੍ਰਿਸ਼ਨਨ ਨੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕਿਹਾ ਸੀ ਕਿ ਇਨ੍ਹਾਂ ਅਧਿਕਾਰਾਂ ਅਤੇ ਸਿਧਾਂਤਾਂ ਰਾਹੀਂ ਪ੍ਰਸਤਾਵਨਾ ਨਿਰੰਕਸ਼ਤਾ ਦੇ ਮੂਲ ਚਿੰਨ ਅਤੇ ਨਿਰਜੀਵ ਰਿਵਾਜਾਂ ਨੂੰ ਜੜੋਂ ਉਖਾੜਨਾ ਚਾਹੁੰਦੀ ਹੈ। ਪ੍ਰਸਤਾਵਨਾ ਉਨ੍ਹਾਂ ਸੰਕਲਪਾਂ ਅਤੇ ਉਦੇਸ਼ਾਂ ਨੂੰ ਮਿੱਥਦੀ ਹੈ ਜਿਨ੍ਹਾਂ ਨੂੰ ਵਿਵਹਾਰ ਵਿਚ ਅਪਨਾਉਣ ਦੀ ਸਰਕਾਰ ਤੋਂ ਆਸ ਕੀਤੀ ਜਾਂਦੀ ਹੈ ਤਾਂ ਜੋ ਉਸ ਨੈਤਿਕ ਮਹੱਤਤਾ ਨੂੰ, ਜੋ ਸੰਵਿਧਾਨ ਦੇ ਨਿਰਮਾਤਿਆਂ ਨੇ ਇਸ ਨਾਲ ਜੋੜੀ ਹੈ, ਉਚਿਤ ਠਹਿਰਾਇਆ ਜਾ ਸਕੇ। ਫਿਰ ਵੀ ਇਸ ਤੱਥ ਨੂੰ ਅੱਖੋਂ

ਉਹਲੇ ਨਹੀਂ ਕੀਤਾ ਜਾ ਸਕਦਾ ਕਿ ਪ੍ਰਸਤਾਵਨਾ ਆਪਣੇ ਆਪ ਵਿਚ ਨਾ ਤਾਂ ਮੁਕਤੀ ਦਾ ਅਤੇ ਨਾ ਹੀ ਮੁਕਤੀ ਨੂੰ ਵੰਚਿਤ ਕਰਨ ਦਾ ਸੋਮਾ ਹੈ।

ਸੰਵਿਧਾਨ ਦੀ 42ਵੀਂ ਸੋਧ ਨਾਲ ਪ੍ਰਭੂਸਤਾ ਵਿਚ ਹੇਠ ਲਿਖੀਆਂ ਸੋਧਾਂ ਕੀਤੀਆਂ ਗਈਆਂ।

(ੳ) ਸੰਵਿਧਾਨ ਦੀ ਪ੍ਰਸਤਾਵਨਾ ਵਿਚ ਪ੍ਰਭੂਸਤਾ ਵਾਲਾ ਲੋਕ ਲੋਕਤੰਤਰੀ ਸਵਰਾਜ ਦੀ ਥਾਂ ਪ੍ਰਭੂਸਤਾ ਵਾਲਾ, ਸਮਾਜਵਾਦੀ, ਧਰਮ ਨਿਰਪੇਖ, ਲੋਕਤੰਤਰੀ ਗਣਰਾਜ ਸ਼ਬਦ ਅੰਕਿਤ ਕੀਤੇ ਗਏ।

(ਅ) ''ਰਾਸ਼ਟਰ ਦੀ ਏਕਤਾ'' ਸ਼ਬਦਾਂ ਦੀ ਥਾਂ ''ਰਾਸ਼ਟਰ ਦੀ ਏਕਤਾ ਅਤੇ ਅਖੰਡਤਾ'' ਸ਼ਬਦ ਅੰਕਿਤ ਕੀਤੇ ਗਏ ਸਨ ਕਾਂਗਰਸ ਦਲ ਦੀ ਸੋਧ ਕਮੇਟੀ ਦੇ ਸਭਾਪਤੀ ਸ. ਸਰਵਨ ਸਿੰਘ ਨੇ ਇਸ ਦਲੀਲ ਨੂੰ ਰੱਦ ਕਰ ਦਿੱਤਾ ਕਿ ਪ੍ਰਸਤਾਵਨਾ ਵਿਚ ਸੋਧ ਨਹੀਂ ਕੀਤੀ ਜਾ ਸਕਦੀ। ਉਹਨਾਂ ਕਿਹਾ ਕਿ ਪ੍ਰਸਤਾਵਨਾ ਸੰਵਿਧਾਨ ਦਾ ਇਕ ਅੰਗ ਹੈ। ਇਸ ਨੂੰ ਤਬਦੀਲ ਜਾਂ ਇਸ ਵਿਚ ਅਦਲ ਬਦਲੀ ਕੀਤੀ ਜਾ ਸਕਦੀ ਹੈ।

**ਸਿੱਟਾ:** ਉਪਰੋਕਤ ਸਾਰੀਆਂ ਵਿਸ਼ੇਸਤਾਵਾਂ ਨੂੰ ਘੋਖਣ ਤੋਂ ਪਤਾ ਲੱਗਦਾ ਹੈ ਕਿ ਸੰਵਿਧਾਨ ਦੇ ਨਿਰਮਾਤਾਵਾਂ ਨੇ ਕਿਸੇ ਵਿਸ਼ੇਸ਼ ਸਿਧਾਂਤ ਜਾਂ ਮੱਤ ਨੂੰ ਸਾਹਮਣੇ ਰੱਖਕੇ ਸੰਵਿਧਾਨ ਦਾ ਨਿਰਮਾਣ ਨਹੀਂ ਕੀਤਾ ਸਗੋਂ ਦੇਸ਼ ਦੀਆਂ ਸਥਿਤੀਆਂ ਨੂੰ ਮੁੱਖ ਰੱਖ ਕੇ ਉਨ੍ਹਾਂ ਦਾ ਮੰਤਵ ਇਕ ਆਦਰਸ਼ ਸਮਾਜ ਦੀ ਰਚਨਾ ਕਰਨਾ ਸੀ।

## SUGGESTED READINGS

1. Constituent Assembly Debates, Vols. VII, VIII, IX, XI.
2. K.V. Rao : Parliamentary Democracy of India—A Critical Commentary.
3. S. C. Gangal : Prime Minister and Cabinet in India.
4. The Constitution of India—Original Text (latest edition).
5. Ivor Jennings : Some Characteristics of the Constitution.
6. V.P. Luthra : The Concept of Secular State and India.
7. D.D. Bassu : Commentary on the Constitution of India, Vol. I.
8. M.V. Pylee : Constitutional Government in India.
9. Gajendragadhar : The Constitution of India. Its Philosophy and Basic Postulates.

## ਵਿਦਿਆਰਥੀ ਦੇ ਅਭਿਆਸ ਲਈ ਛੋਟੇ ਪ੍ਰਸ਼ਨ :

1. 1947 ਦੇ ਭਾਰਤੀ ਸੁਤੰਤਰਤਾ ਐਕਟ ਦੀਆਂ ਧਾਰਾਵਾਂ ਲਿਖੋ?
2. 1947 ਦੇ ਐਕਟ ਦੀ ਭਾਰਤੀ ਇਤਿਹਾਸ ਵਿੱਚ ਕੀ ਮਹੱਤਤਾ ਹੈ?
3. ਰੈਡਕਲਿਫ ਪਲਾਨ ਤੋਂ ਕੀ ਭਾਵ ਹੈ?
4. 1947 ਦੇ ਐਕਟ ਦੇ ਪ੍ਰਭਾਵ ਲਿਖੋ?
5. ਭਾਰਤੀ ਸੰਵਿਧਾਨ ਦੇ ਮੁੱਖ ਲੱਛਣਾਂ ਦੀ ਚਰਚਾ ਕਰੋ।
6. ਪ੍ਰਸਤਾਵਨਾ ਤੋਂ ਤੁਹਾਡਾ ਕੀ ਭਾਵ ਹੈ?
7. ਰਾਜਾ ਦੇ ਨਿਰਦੇਸ਼ਕ ਸਿਧਾਂਤਾਂ ਤੇ ਨੋਟ ਲਿਖੋ।

8. ਮੌਲਿਕ ਅਧਿਕਾਰ ਕੀ ਹਨ?
9. ਭਾਰਤ ਦੀ ਪਾਰਲੀਮੈਂਟ ਦਾ ਸਰੂਪ ਲਿਖੋ?
10. ਸੰਘਵਾਦ ਤੋਂ ਕੀ ਭਾਵ ਹੈ?

**ਮਹੱਤਵਪੂਰਨ ਸ਼ਬਦ ਅਤੇ ਵਿਅਕਤੀ:**

ਸੰਘਵਾਦ, ਨਿਰਦੇਸ਼ਕ ਸਿਧਾਂਤ, ਪ੍ਰਸਤਾਵਨਾ, ਸੰਸਦੀ ਸ਼ਾਸਨ ਪ੍ਰਣਾਲੀ, ਧਰਮ ਨਿਰਪੇਖਤਾ, ਮੌਲਿਕ ਅਧਿਕਾਰ, ਦਲ ਪ੍ਰਣਾਲੀ, ਕਾਰਜ ਪਾਲਿਕਾ, ਨਿਆਂਪਾਲਿਕਾ, ਅੰਬੇਦਕਰ, ਨਹਿਰੂ